# ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ

ਜੋਨ ਹਿਜ਼ਕੀਏਲ ਦੁਆਰਾ

**Gill Ministries**
**www.gillministries.com**

*Punjabi – Miracle Evangelism*

## ਇਸ ਦਸਤੀ ਵਿੱਚ ਲੇਖਮਾਲਾ

**ਅਥੋਰਿਟੀ ਆਫ ਦੀ ਬਿਲੀਵਰਜ**
*ਹਾਓ ਟੂ ਕਵਿਟ ਲੋਸਿੰਗ*
*ਐਂਡ ਸਟਓਰਟ ਵਿਨਿੰਗ*

**ਦ ਚਰਚ ਟਰਾਇਮਫੈਂਟ**
*ਥਰੂ ਦ ਬੁੱਕ ਆਫ਼ ਐਕਟਸ*

**ਗਾਡਜ਼ ਪ੍ਰੋਵਿਜ਼ਨ ਫਾਰ ਹੀਲਿੰਗ**
*ਰੀਸੀਵਿੰਗ ਐਂਡ ਮਿਨਿਸਟਰੀਂਗ*
*ਗਾਡਜ਼ ਹੀਲਿੰਗ ਪਾਵਰ*

**ਮਿਨਿਸਟਰੀ ਗਿਫਟਸ**
*ਅਪੋਸਟਲ, ਪ੍ਰੋਫੈਟ, ਇਵੈਂਜੇਲਿਸਟ,*
*ਪਾਸਟਰ, ਟੀਚਰ*

**ਨਿਊ ਕ੍ਰਿਏਸ਼ਨ ਇਮੇਜ**
*ਨੋਇੰਗ ਹੂ ਯੂ ਆਰ ਇਨ ਕਰਾਇਸਟ*

**ਪੈਟਰਨਸ ਫਾਰ ਲਿਵਿੰਗ**
*ਫਰੋਮ ਦ ਓਲਡ ਟੈਸਟਾਮੈਂਟ*

**ਪਰੇਜ਼ ਐਂਡ ਵਰਸ਼ਿਪ**
*ਬਿਕਮਿੰਗ ਵਰਸ਼ਿਪਰਸ ਆਫ ਗਾਡ*

**ਸੁਪਰਨੈਚੁਰਲ ਲਿਵਿੰਗ**
*ਥਰੂ ਦ ਗਿਫਟਸ ਆਫ ਦ*
*ਹੌਲੀ ਸਪਿਰਿਟ*

# ਚਮਤਕਾਰੀ ਪ੍ਰਚਾਰ

ਏ.ਐੱਲ.ਗਿੱਲ ਦੁਆਰਾ ਭੂਮਿਕਾ

ਜਦੋਂ ਪਰਮੇਸ਼ੁਰ ਨੇ ਚਮਤਕਾਰੀ ਪ੍ਰਚਾਰ ਤੇ ਅਧਾਰਿਤ ਇੱਕ ਕਿਤਾਬ ਦਾ ਪ੍ਰਕਾਸ਼ਨ ਕਰਨ ਬਾਰੇ ਕਿਹਾ, ਤਾਂ ਸਾਡੇ ਵਿਚਾਰ ਉਸੇ ਵੇਲੇ ਮਲੇਸ਼ੀਆ ਦੇ ਜੋਹਰ ਬਾਹਰ ਦੇ ਜਾੱਨ ਇਜ਼ੇਕੀਏਲ ਵੱਲ ਗਏ। ਅਸੀਂ ਉਸਨੂੰ ਮਲੇਸ਼ੀਆ ਦੀ ਆਪਣੀ ਪਹਿਲੀ ਯਾਤਰਾ ਤੇ 1984 ਵਿੱਚ ਮਿਲੇ ਸਾਂ ਅਤੇ ਅਸੀਂ ਕਦੀ ਵੀ ਅਜਿਹੇ ਮਨੁੱਖ ਨੂੰ ਨਹੀਂ ਜਾਣਿਆ ਸੀ ਜਿਸ ਨੂੰ ਯਿਸੂ ਮਸੀਹ ਲਈ ਆਤਮਾਵਾਂ ਕੋਲ ਪਹੁੰਚਾਉਣ ਦੀ ਇੰਨੀ ਇੱਛਾ ਹੋਵੇ। ਮਨੁੱਖ ਤੋਂ ਮਨੁੱਖ, ਆਪਣੇ ਗਿਰਜੇ ਦੇ ਇੱਕ ਝੁੰਡ ਦੀ ਅਗਵਾਈ ਕਰਨਾ ਜਾਂ ਪ੍ਰਚਾਰ ਦੀਆਂ ਵਿਸ਼ਾਲ ਮੀਟਿੰਗਾਂ ਦਾ ਪ੍ਰਬੰਧ ਕਰਨਾ ਹੈ, ਉਸਦੀ ਇੱਕ ਪ੍ਰਚਾਰਕ ਵਾਲੀ ਹੀ ਬੁਲਾਹਟ ਹੈ।

ਉਸ ਨਾਲ ਮੁਲਾਕਾਤ ਹੋਣ ਦੇ ਸਮੇਂ ਤੋਂ ਲੈ ਕੇ, ਅਸੀਂ ਪੱਛਮੀ ਅਤੇ ਪੂਰਬੀ ਮਲੇਸ਼ੀਆ, ਭਾਰਤ, ਪਾਕਿਸਤਾਨ, ਮਾਊਰਿਤਿਅਸ, ਅੰਡੇਮਾਨ ਦੀਪ ਸਮੂਹ, ਫਿਨਲੈਂਡ, ਕੋਰੀਆ ਅਤੇ ਯੂਨਾਈਟੇਡ ਸਟੇਟਸ ਵਿੱਚ ਇਕੱਠੇ ਸੇਵਕਾਈ ਕੀਤੀ ਹੈ। ਇਕੱਠੇ ਅਸੀਂ ਰਸੂਲਾਂ ਦੇ ਕਰਤੱਬ ਕਿਤਾਬ ਨੂੰ ਉਨ੍ਹਾਂ ਹਜ਼ਾਰਾਂ ਲੋਕਾਂ ਵਿੱਚ ਸੱਚ ਹੁੰਦੇ ਵੇਖਿਆ ਹੈ ਜੋ ਯਿਸੂ ਮਸੀਹ ਕੋਲ ਆਉਂਦੇ ਹਨ, ਜਿਵੇਂ ਪਰਮੇਸ਼ੁਰ ਲਗਾਤਾਰ ਆਪਣੇ ਵਚਨ ਨੂੰ ਚਿੰਨ੍ਹਾਂ, ਚਮਤਕਾਰਾਂ ਅਤੇ ਚੰਗਿਆਈ ਦੇ ਚਮਤਕਾਰਾਂ ਰਾਹੀਂ ਪੱਕਾ ਕਰਦਾ ਹੈ। ਜਾੱਨ ਦੀ ਸੇਵਕਾਈ ਲੋਕਾਂ ਨੂੰ ਹਰ ਜਾਤੀ ਅਤੇ ਧਾਰਮਿਕ ਪਿਛੋਕੜ ਤੋਂ ਛੂੰਹਦੀ ਹੈ ਜਦੋਂ ਉਹ ਪਰਮੇਸ਼ੁਰ ਦੀ ਚੰਗਿਆਈ ਦੀ ਸਮਰੱਥ ਦੀਆਂ ਮਹਾਨ ਗਵਾਹੀਆਂ ਦਾ ਪ੍ਰਦਰਸ਼ਨ ਕਰਦੇ ਹਨ।

ਜੋ ਕੁਝ ਜਾੱਨ ਨੇ ਲਿਖਿਆ ਹੈ, ਉਹ ਉਸਨੇ ਆਪਣੇ ਜੀਵਨ ਵਿੱਚ ਪਰਖਿਆ ਹੈ। ਇਹ ਕਲਪਨਾਵਾਂ ਨਹੀਂ ਹਨ, ਪਰ ਇਹ ਜੀਵਨ ਦੇ ਅਨੁਭਵ ਅਤੇ ਪ੍ਰਚਾਰ ਦੇ ਕੰਮਾਂ ਦੇ ਦੁਆਰਾ ਜੋ ਉਨ੍ਹਾਂ ਨੇ ਸਿੱਖਿਆ ਉਸ ਤੋਂ ਲਿਆ ਗਿਆ ਹੈ। ਜਦੋਂ ਤੁਸੀਂ ਇਸ ਕਿਤਾਬ ਦਾ ਅਧਿਐਨ ਕਰਦੇ ਹੋ, ਤੁਸੀਂ ਬਾਈਬਲ ਦੇ ਚਮਤਕਾਰੀ ਪ੍ਰਚਾਰ ਦੀਆਂ ਉਦਾਹਰਨਾਂ ਜੋ ਦਿਲ ਨੂੰ ਹਿਲਾਉਣ ਵਾਲੀਆਂ ਹਨ ਆਪਣੇ ਰੋਜ਼ਾਨਾ ਦੇ ਨਿੱਜੀ ਅਤੇ ਝੁੰਡਾਂ ਦੇ ਵਿਚਾਲੇ ਪ੍ਰਚਾਰ ਦੁਆਰਾ ਕੰਮ ਵਿੱਚ ਆਉਂਦਾ ਵੇਖੋਗੇ।

ਯਿਸੂ ਮਸੀਹ ਦੀ ਸੇਵਕਾਈ ਦੇ ਪ੍ਰਚਾਰ ਦੀਆਂ ਉਦਾਹਰਨਾਂ ਦੁਆਰਾ, ਚੇਲਿਆਂ, ਅਤੇ ਸ਼ੁਰੂ ਦੇ ਵਿਸ਼ਵਾਸੀਆਂ ਜਿਵੇਂ ਪਤਰਸ, ਯੂਹੰਨਾ, ਫ਼ਿਲਿੱਪੁਸ ਅਤੇ ਪੌਲੁਸ ਦੀ ਸੇਵਕਾਈ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਪ੍ਰਚਾਰ ਹਮੇਸ਼ਾਂ ਚਮਤਕਾਰਾਂ ਨਾਲ ਹੀ ਚੱਲਦਾ ਹੈ। ਬਾਈਬਲ ਦੇ ਪ੍ਰਚਾਰ ਦਾ ਕੋਈ ਵੀ ਨਮੂਨਾ ਚਮਤਕਾਰੀ ਪ੍ਰਚਾਰ ਤੋਂ ਵੱਖਰਾ ਨਹੀਂ ਮਿਲਦਾ।

ਸਾਡੇ ਜੀਵਨ ਵਿੱਚ ਪਰਮੇਸ਼ੁਰ ਚਮਤਕਾਰਾਂ ਨੂੰ ਬਹਾਲ ਕਰਦਾ ਹੈ ਤਾਂ ਕਿ ਪ੍ਰਚਾਰ ਨੂੰ ਵਧਾ ਸਕੇ। ਹੁਣ ਉਹ ਇਸ ਲਈ ਚਮਤਕਾਰ ਕਰਦਾ ਹੈ ਕਿ ਵਿਸ਼ਵਾਸੀਆਂ ਲਈ ਰੋਜ਼ਾਨਾ ਦੀ ਗਵਾਹੀ ਹੋ ਸਕਣ। ਮਹਾਨ ਆਗਿਆ ਵਿੱਚ, ਯਿਸੂ ਮਸੀਹ ਨੇ ਇਹ ਸਪੱਸ਼ਟ ਕੀਤਾ ਹੈ ਕਿ ਚਮਤਕਾਰ ਉਨ੍ਹਾਂ ਦੁਆਰਾ ਉਨ੍ਹਾਂ ਲੋਕਾਂ ਲਈ ਹਨ ਜੋ ਸ਼ੁੱਭ ਸਮਾਚਾਰ ਪ੍ਰਚਾਰ ਦੇ ਦੁਆਰਾ ਵਿਸ਼ਵਾਸ ਵਿੱਚ ਆਉਣਗੇ ਤਾਂ ਕਿ ਉਹ ਪਿੱਛੇ-ਪਿੱਛੇ ਚੱਲ ਸਕਣ। ਉਸਦੇ ਸ਼ਬਦਾਂ ਦਾ ਬਾਕੀ ਹਿੱਸਾ ਲਗਾਤਾਰ ਸਾਨੂੰ ਮਜ਼ਬੂਰ ਕਰਦਾ ਹੈ ਕਿ ਅਸੀਂ ਅੱਜ ਵੀ ਕੰਮ ਕਰੀਏ: "ਉਹ ਬੀਮਾਰਾਂ ਉੱਤੇ ਹੱਥ ਰੱਖਣਗੇ, ਅਤੇ ਉਹ ਚੰਗੇ ਹੋ ਜਾਣਗੇ।"

ਚੁਣੌਤੀ, ਅਧਿਕਾਰ ਅਤੇ ਸ਼ੁਰੂ ਦੇ ਵਿਸ਼ਵਾਸੀਆਂ ਵਾਂਗ ਅਧਿਕਾਰ, ਅਸੀਂ ਉਸ ਅਨੰਦ ਨੂੰ ਇਸ ਸਮੇਂ ਮਾਣ ਸਕਦੇ ਹਾਂ ਜਦੋਂ ਪ੍ਰਭੂ ਸਾਡੇ ਨਾਲ ਕੰਮ ਕਰਦਾ ਹੈ ਜਦ ਅਸੀਂ ਸ਼ੁੱਭ ਸਮਾਚਾਰ ਪ੍ਰਚਾਰ ਕਰਦੇ ਹਾਂ। "ਅਤੇ ਉਹ ਗਏ ਅਤੇ ਹਰ ਜਗ੍ਹਾ ਪ੍ਰਚਾਰ ਕੀਤਾ, ਪ੍ਰਭੂ ਉਨ੍ਹਾਂ ਦੇ ਨਾਲ ਕੰਮ ਕਰਦਾ ਅਤੇ ਵਚਨ ਨੂੰ ਚਮਤਕਾਰਾਂ ਦੁਆਰਾ ਪ੍ਰਗਟ ਕਰਦਾ ਸੀ।"

ਜਦੋਂ ਪਤਰਸ ਅਤੇ ਯੂਹੰਨਾ ਨੇ 'ਸੁੰਦਰ ਦਰਵਾਜ਼ੇ' ਤੇ ਬੈਠੇ ਲੰਙੇ ਆਦਮੀ ਨੂੰ ਠੀਕ ਕੀਤਾ ਤਾਂ ਇੱਕ ਭੀੜ ਲੱਗ ਗਈ। ਪਤਰਸ ਨੇ ਸ਼ੁੱਭ ਸਮਾਚਾਰ ਪ੍ਰਚਾਰ ਕੀਤਾ, ਉਸ ਚਮਤਕਾਰ ਦੇ ਜ਼ਰੀਏ, ਪੰਜ ਹਜ਼ਾਰ ਲੋਕਾਂ ਨੇ ਸੰਦੇਸ਼ ਸੁਣਿਆ ਅਤੇ ਵਿਸ਼ਵਾਸ ਕੀਤਾ।"

ਫ਼ਿਲਿੱਪੁਸ ਸਾਮਰਿਯਾ ਵਿੱਚ ਆਇਆ ਅਤੇ ਜਦੋਂ ਭੀੜ ਨੇ ਫ਼ਿਲਿੱਪੁਸ ਨੂੰ ਸੁਣਿਆ ਅਤੇ ਉਨ੍ਹਾਂ ਚਿੰਨ੍ਹਾਂ ਨੂੰ ਵੇਖਿਆ ਜੋ ਉਹ ਕਰਦਾ ਸੀ ਤਾਂ ਉਨ੍ਹਾਂ ਨੇ ਉਸ ਦੀਆਂ ਗੱਲਾਂ ਵੱਲ ਬੜਾ ਧਿਆਨ ਦਿੱਤਾ। ਜਦੋਂ ਦੁਸ਼ਟ ਆਤਮਾਵਾਂ ਚੀਕਦੀਆਂ ਹੋਈਆਂ ਨਿੱਕਲਦੀਆਂ ਸਨ। ਬਹੁਤ ਸਾਰੇ ਅਧਰੰਗੀ ਅਤੇ ਲੰਙੇ ਠੀਕ ਹੋ ਗਏ ਸਨ। ਇਸ ਲਈ ਉਸ ਸ਼ਹਿਰ ਵਿੱਚ ਬਹੁਤ ਅਨੰਦ ਸੀ। ਇਸ ਦੇ ਵਿੱਚ, "ਜਦੋਂ ਯਰੂਸ਼ਲਮ ਵਿੱਚ ਰਸੂਲਾਂ ਨੇ ਸੁਣਿਆ ਕਿ ਸਾਮਰਿਯਾ ਨੇ ਪਰਮੇਸ਼ੁਰ ਦਾ ਵਚਨ ਸਵੀਕਾਰ ਕਰ ਲਿਆ ਹੈ" ਇਸ ਤਰ੍ਹਾਂ ਲੱਗਦਾ ਸੀ ਜਿਵੇਂ ਸਾਰੇ ਸ਼ਹਿਰ ਨੇ ਯਿਸੂ ਨੂੰ ਕਬੂਲ ਕਰ ਲਿਆ ਹੈ।

ਪੌਲੁਸ ਨੇ ਲਿਖਿਆ, ਮੇਰਾ ਸੰਦੇਸ਼ ਅਤੇ ਮੇਰਾ ਪ੍ਰਚਾਰ ਮਨੁੱਖਾਂ ਨੂੰ ਖੁਸ਼ ਕਰਨ ਵਾਲੇ ਮਨੁੱਖੀ ਗਿਆਨ ਦੇ ਅਨੁਸਾਰ ਨਹੀਂ ਪਰ ਪਵਿੱਤਰ ਆਤਮਾ ਦੀ ਸਮਰੱਥ ਨੂੰ ਪ੍ਰਦਰਸ਼ਿਤ ਕਰਦਾ ਹੈ।" ਅਫ਼ਸੁਸ ਵਿੱਚ ਪੌਲੁਸ ਦਾ ਪ੍ਰਚਾਰ ਅਤੇ ਸਿੱਖਿਆ ਚਮਤਕਾਰਾਂ ਨਾਲ ਮਿਲਿਆ ਹੋਇਆ ਸੀ।" ਹੁਣ ਪਰਮੇਸ਼ੁਰ ਪੌਲੁਸ ਦੇ ਹੱਥੀਂ ਅਸਧਾਰਨ ਚਮਤਕਾਰ ਕਰਦਾ ਸੀ, ਇਸ ਲਈ ਇੱਥੋਂ ਤੱਕ ਕਿ ਜਿਹੜੇ ਰੁਮਾਲ ਜਾਂ ਅੰਗੋਛੇ ਪੌਲੁਸ ਦੇ ਸਰੀਰ ਤੇ ਸਨ ਉਹ ਬੀਮਾਰਾਂ ਨੂੰ ਲਗਾਏ ਜਾਣ ਨਾਲ, ਬੀਮਾਰੀਆਂ ਉਨ੍ਹਾਂ ਨੂੰ ਛੱਡ ਜਾਂਦੀਆਂ ਸਨ ਅਤੇ ਦੁਸ਼ਟ ਆਤਮਾਵਾਂ ਉਨ੍ਹਾਂ ਵਿੱਚੋਂ ਨਿਕਲ ਜਾਂਦੀਆਂ ਸਨ।"

ਸ਼ੁੱਭ-ਸਮਾਚਾਰ ਦੇ ਨਾਲ ਸੰਸਾਰ ਵਿੱਚ ਜਾਣ ਦੀ ਕੁੰਜੀ ਭਾਵੇਂ ਆਪਣੇ ਨਾਲ ਵਾਲੇ ਗੁਆਂਢੀ ਜਾਂ ਧਰਤੀ ਦੇ ਕੰਢਿਆਂ ਤੱਕ, ਇਸ ਸਮਰੱਥੀ ਅਧਿਐਨ ਵਿੱਚ ਮਿਲਦੀ ਹੈ। ਇਸਦਾ ਚਮਤਕਾਰੀ ਪ੍ਰਚਾਰ ਹਰ ਇੱਕ ਵਿਸ਼ਵਾਸੀ ਦੇ ਹੱਥ ਵਿੱਚ ਦੁਬਾਰਾ ਬਹਾਲ ਕਰਨਾ ਹੈ।

## ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਇੱਕ ਸ਼ਬਦ

ਚਮਤਕਾਰੀ ਪ੍ਰਚਾਰ ਇੱਕ ਸਮਰੱਥੀ ਸਿੱਖਿਆ ਹੈ ਜੋ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਜੀਵਨ ਵਿੱਚ ਇਨ੍ਹਾਂ ਅੰਤਿਮ ਦਿਨਾਂ ਵਿੱਚ ਹਰ ਦਿਨ ਇਸ ਚਮਤਕਾਰੀ ਪ੍ਰਚਾਰ ਦੇ ਰਾਹੀਂ ਆਤਮਾਵਾਂ ਜਿੱਤਣ ਲਈ ਮੁਕਤ ਕਰਦਾ ਹੈ। ਰਸੂਲਾਂ ਦੇ ਕਰਤੱਬ ਕਿਤਾਬ ਦੇ ਵਿਸ਼ਵਾਸੀਆਂ ਵਾਂਗ, ਅਸੀਂ ਵੀ ਗੁਆਚੀਆਂ ਰੂਹਾਂ ਕੋਲ ਪਹੁੰਚਣ ਦੇ ਅਨੰਦ ਦਾ ਅਨੁਭਵ ਕਰ ਸਕਦੇ ਹਾਂ ਜਿਸ ਨਾਲ ਪਰਮੇਸ਼ੁਰ ਚਿੰਨ੍ਹਾਂ ਰਾਹੀਂ, ਅਦਭੁੱਤ ਕੰਮਾਂ ਅਤੇ ਚੰਗਾਈ ਦੇ ਚਮਤਕਾਰਾਂ ਰਾਹੀਂ ਆਪਣੇ ਵਚਨ ਨੂੰ ਪ੍ਰਗਟ ਕਰਦਾ ਹੈ।

ਅਸੀਂ ਸੁਝਾਅ ਦਿੰਦੇ ਹਾਂ ਕਿ ਇਸ ਕੋਰਸ ਨੂੰ ਸ਼ੁਰੂ ਕਰਨ ਤੋਂ ਪਹਿਲਾਂ, ਤੁਸੀਂ ਆਪਣੇ ਆਪ ਨੂੰ ਪਰਮੇਸ਼ੁਰ ਦੇ ਵਚਨ ਦੀਆਂ ਸੱਚਾਈਆਂ ਜੋ ਪ੍ਰਚਾਰ ਅਤੇ ਮਹਾਨ ਆਗਿਆ ਦੇ ਨਾਲ ਸੰਬੰਧਿਤ ਹਨ ਭਰਪੂਰ ਹੋ ਜਾਓ। ਸਾਡਾ ਸੁਝਾਅ ਹੈ ਕਿ ਤੁਸੀਂ "ਆਪਣੇ ਆਪ ਵਿੱਚ ਤਿਆਰ ਹੋ ਜਾਓ" ਅਤੇ "ਅੱਗ ਨੂੰ ਭੜਕਾਓ" ਪਵਿੱਤਰ ਆਤਮਾ ਦੇ ਸਮਰੱਥੀ ਵਰਦਾਨਾਂ ਦੇ ਦੁਆਰਾ, ਤਾਂ ਕਿ ਪਰਮੇਸ਼ੁਰ ਲਗਾਤਾਰ ਚਿੰਨ੍ਹਾਂ ਅਤੇ ਚਮਤਕਾਰਾਂ ਦੇ ਰਾਹੀਂ ਆਪਣੇ ਵਚਨ ਨੂੰ ਦ੍ਰਿੜ ਕਰੇ। ਇਹ ਕਿਤਾਬ ਫਿਰ ਤੁਹਾਡੇ ਲਈ ਬਾਹਰੀ ਰੂਪ ਰੇਖਾ ਪ੍ਰਦਾਨ ਕਰੇਗੀ ਤਾਂ ਕਿ ਤੁਸੀਂ ਇਨ੍ਹਾਂ ਸੱਚਾਈਆਂ ਨੂੰ ਦੂਜਿਆਂ ਤੇ ਖੋਲ ਸਕੋ ਤਾਂ ਕਿ ਉਹ ਵੀ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਚਮਤਕਾਰੀ ਪ੍ਰਚਾਰ ਦੇ ਅਨੰਦ ਦਾ ਅਨੁਭਵ ਕਰ ਸਕਣ।

ਪ੍ਰਭਾਵਸ਼ਾਲੀ ਸਿੱਖਿਆ ਲਈ ਨਿੱਜੀ ਜੀਵਨ ਦੀਆਂ ਉਦਾਹਰਨਾਂ ਬਹੁਤ ਹੀ ਜ਼ਰੂਰੀ ਹਨ। ਲੇਖਕ ਨੇ ਇਨ੍ਹਾਂ ਨੂੰ ਇਸ ਕੰਮ ਵਿੱਚੋਂ ਜਾਂ ਦੂਜੇ ਉਨ੍ਹਾਂ ਲੋਕਾਂ ਤੋਂ ਜਿਨ੍ਹਾਂ ਨਾਲ ਵਿਦਿਆਰਥੀ ਸੰਬੰਧ ਰੱਖਦੇ ਹਨ ਕੱਢ ਦਿੱਤਾ ਹੈ ਤਾਂ ਕਿ ਅਧਿਆਪਕ ਆਪਣੇ ਤਜ਼ਰਬਿਆਂ ਦੇ ਧਨ ਵਿੱਚੋਂ ਹਾਸਿਲ ਕਰਵਾਏ।

ਇਹ ਹਮੇਸ਼ਾ ਯਾਦ ਰੱਖਣਾ ਜ਼ਰੂਰੀ ਹੈ ਕਿ ਇਹ ਪਵਿੱਤਰ ਆਤਮਾ ਹੈ ਜੋ ਸਾਨੂੰ ਇਹ ਸਾਰੀਆਂ ਗੱਲਾਂ ਸਿਖਾਉਣ ਲਈ ਆਉਂਦਾ ਹੈ, ਅਤੇ ਇਹ ਵੀ ਕਿ ਜਦੋਂ ਅਸੀਂ ਅਧਿਐਨ ਕਰਦੇ ਹਾਂ ਜਾਂ ਸਿੱਖਿਆ ਦੇਣ ਸਮੇਂ ਹਮੇਸ਼ਾ ਪਵਿੱਤਰ ਆਤਮਾ ਦੇ ਅਧਿਕਾਰ ਵਿੱਚ ਹੋਣਾ ਅਤੇ ਅਗਵਾਈ ਵਿੱਚ ਚੱਲਣਾ ਚਾਹੀਦਾ ਹੈ।

ਇਹ ਸਿੱਖਿਆ ਨਿੱਜੀ ਜਾਂ ਸਮੂਹ ਸਿੱਖਿਆ, ਬਾਈਬਲ ਸਕੂਲਾਂ, ਸੰਡੇ ਸਕੂਲਾਂ ਅਤੇ ਪਰਿਵਾਰ ਗਰੁੱਪਾਂ ਲਈ ਅਤਿ ਉੱਤਮ ਹੈ। ਇਹ ਜ਼ਰੂਰੀ ਹੈ ਕਿ ਅਧਿਆਪਕ ਅਤੇ ਵਿਦਿਆਰਥੀ ਦੋਵਾਂ ਕੋਲ ਇਸ ਕਿਤਾਬ ਦੀਆਂ ਕਾਪੀਆਂ ਇਸ ਕੋਰਸ ਦੇ ਸਮੇਂ ਹੋਣ।

ਸਭ ਤੋਂ ਵਧੀਆ ਕਿਤਾਬਾਂ ਲਿਖੀਆਂ, ਲਾਈਨ ਕੀਤੀਆਂ, ਅਤੇ ਮਨਨ ਕਰਨ ਲਈ ਚੰਗੀ ਤਰ੍ਹਾਂ ਸਮਝੀਆਂ ਗਈਆਂ ਹਨ। ਅਸੀਂ ਤੁਹਾਡੇ ਨੋਟ ਕਰਨ ਅਤੇ ਟਿੱਪਣੀਆਂ ਲਈ ਸਥਾਨ ਛੱਡਿਆ ਹੈ। ਇਸ ਦੇ ਖਾਕੇ ਦਾ ਨਮੂਨਾ ਇੱਕ ਤੇਜ਼ ਹਵਾਲੇ ਲਈ ਤਕਨੀਕ ਵਾਲਾ ਹੈ ਤਾਂ ਕਿ ਤੁਹਾਡੀ ਜਗਾਵਾਂ ਨੂੰ ਦੁਬਾਰਾ ਲੱਭਣ ਲਈ ਸਹਾਇਤਾ ਕਰੇ। ਖਾਸ ਕਿਸਮ ਦਾ ਖਾਕਾ ਹਰ ਮਨੁੱਖ ਲਈ ਸੰਭਵ ਬਣਾ ਦਿੰਦਾ ਹੈ, ਇੱਕ ਵਾਰ ਉਹ ਇਸ ਸਮਾਨ ਦੁਆਰਾ ਅਧਿਐਨ ਕਰ ਲੈਂਦਾ ਹੈ, ਤਾਂ ਕਿ ਉਹ ਦੂਜਿਆਂ ਨੂੰ ਇਨ੍ਹਾਂ ਵਿਸ਼ਿਆਂ ਬਾਰੇ ਸਿਖਾ ਸਕਣ।

ਪੌਲੁਸ ਨੇ ਤਿਮੋਥਿਉਸ ਨੂੰ ਲਿਖਿਆ ਸੀ :

> **ਅਤੇ ਜਿਹੜੀਆਂ ਗੱਲਾਂ ਤੂੰ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ ਅਜਿਹੀਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਨਾਂ ਨੂੰ ਵੀ ਸਿੱਖਿਆ ਦੇਣ ਜੋਗ ਹੋਣ। 2 ਤਿਮੋਥਿਉਸ 2:2ਅ**

ਇਸ ਕੋਰਸ ਨੂੰ ਪ੍ਰਯੋਗਿਕ ਰੂਪ ਵਿੱਚ ਭਾਗੀ ਹੋਣ ਵਾਲੇ ਬਾਈਬਲ ਕੋਰਸ ਦੇ ਰੂਪ ਵਿੱਚ MINDS (Ministry Development System) ਦੇ ਖਾਕੇ ਵਿੱਚ ਰੂਪ ਰੇਖਾ ਦਿੱਤੀ ਗਈ ਹੈ ਜਿਸਦੀ ਇੱਕ ਨਿਸ਼ਚਿਤ ਅਧਿਐਨ ਵਿੱਚ ਖਾਸ ਉੱਨਤੀ ਤੱਕ ਪਹੁੰਚ ਹੈ। ਇਹ ਧਾਰਨਾ ਜੀਵਨਾਂ ਵਿੱਚ ਸੇਵਕਾਈ ਅਤੇ ਭਵਿੱਖ ਦੀਆਂ ਵਿਦਿਆਰਥੀਆਂ ਦਿਆਂ ਸਿੱਖਿਆਵਾਂ ਨੂੰ ਬਹੁਗੁਣਾ ਕਰਨ ਲਈ ਉਲੀਕਿਆ ਗਿਆ ਹੈ। ਪੁਰਾਣੇ ਸਮੇਂ ਵਿੱਚ, ਇਸ ਕਿਤਾਬ ਨੂੰ ਵਰਤ ਕੇ ਵਿਦਿਆਰਥੀ ਇਸ ਕੋਰਸ ਨੂੰ ਦੂਜਿਆਂ ਨਾਲ ਅਸਾਨੀ ਨਾਲ ਸਿੱਖਿਆ ਦੇ ਸਕਦੇ ਸਨ।

## ਵਿਸ਼ਾ ਸੂਚੀ


**ਅਧਿਆਇ ਇੱਕ – ਮਹਾਨ ਆਗਿਆ ........ 7**

ਮਹਾਨ ਆਗਿਆ ........ 7

ਸ਼ੁੱਭ ਸਮਾਚਾਰ ਪ੍ਰਚਾਰ ਦੀ ਮਹੱਤਤਾ ........ 10

ਨਵੇਂ ਨੇਮ ਦੀ ਨੀਤੀ ........ 12

**ਅਧਿਆਇ ਦੋ – ਸਾਡੇ ਸਮੇਂ ਲਈ ਬੇਦਾਰੀ ........ 15**

ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਦੀ ਲਹਿਰ ........ 15

ਪਰਮੇਸ਼ੁਰ ਦੀ ਲਹਿਰ ........ 18

ਅੰਤ ਦੇ ਸਮੇਂ ਪਰਮੇਸ਼ੁਰ ਦੀ ਹਲਚਲ ........ 20

ਮਹਾਨ ਯੋਧੇ ........ 21

ਵਿਸ਼ਵ-ਯੁੱਧ ਲਈ ਤਿਆਰੀ ........ 22

**ਅਧਿਆਇ ਤਿੰਨ – ਜੇਤੂ ਕਲੀਸੀਆ ........ 24**

ਕਲੀਸੀਆ ਦੀ ਪੁਨਰ ਸਥਾਪਨਾ ........ 24

ਪੰਜ ਪ੍ਰਕਾਰ ਦੀ ਸੇਵਕਾਈਆਂ ਨੂੰ ਬਹਾਲ ਕੀਤਾ ਜਾਣਾ ........ 25

ਰਸੂਲ ........ 27

ਨਬੀ ........ 27

ਪ੍ਰਚਾਰਕ ........ 28

ਪਾਦਰੀ ........ 28

ਸਿੱਖਿਅਕ ........ 29

ਖੁਸ਼ਖਬਰੀ ਨੂੰ ਬਹਾਲ ਕੀਤਾ ਜਾਣਾ ........ 30

ਸਥਾਨਿਕ ਕਲੀਸਿਯਾ ........ 30

**ਅਧਿਆਇ ਚਾਰ – ਵਿਸ਼ਵਾਸੀ ਦਾ ਅਧਿਕਾਰ ........ 32**

ਵਿਸ਼ਵਾਸੀਆਂ ਦੀ ਤਾਕਤ ਅਤੇ ਅਧਿਕਾਰ ........ 32

ਅਧਿਕਾਰ ਦਾ ਗੁਆਚ ਜਾਣਾ ........ 34

ਸਲੀਬ ਤੋਂ ਸਿੰਘਾਸਣ ਤੱਕ ........ 35

ਜਿੱਤ ........ 37

**ਅਧਿਆਇ ਪੰਜ – ਲੜਾਕੂ ਸ਼ੁੱਭ-ਸਮਾਚਾਰ ਪ੍ਰਚਾਰ ........ 40**

ਭੂਮਿਕਾ ........ 40

ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ ਯੁੱਧ ........ 41

ਯੁੱਧ ਦੀਆਂ ਉਦਾਹਰਨਾਂ ........ 43

ਗੁਰੇਲਾ ਦੀ ਸਿਖਲਾਈ ........ 45

**ਅਧਿਆਇ ਛੇ – ਸੰਸਾਰ ਭਰ ਵਿਚਲੀ ਫ਼ਸਲ ਨੂੰ ਖੋਲ੍ਹਣਾ ....................................................48**

ਪ੍ਰਾਰਥਨਾ ....................................................48

ਸਤੂਤੀ ਅਤੇ ਅਰਾਧਨਾ....................................................49

**ਅਧਿਆਇ ਸੱਤ – ਪਰਮੇਸ਼ੁਰ ਦੀ ਫ਼ੌਜ਼ ....................................................55**

ਇੱਕ ਅੱਤ ਮਹਾਨ ਫ਼ੌਜ਼....................................................55

ਪਰਮੇਸ਼ੁਰ ਦੇ ਸ਼ਸਤਰ ਬਸਤਰ ....................................................57

ਰਾਜ ਦੀਆਂ ਕੁੰਜੀਆਂ ....................................................58

**ਅਧਿਆਇ ਅੱਠ – ਸ਼ਕਤੀਸ਼ਾਲੀ ਸ਼ੁੱਭ–ਸਮਾਚਾਰ ਪ੍ਰਚਾਰ ਕੰਮ ਕਰ ਰਿਹਾ ਹੈ ....................................................63**

ਸ਼ਕਤੀਸ਼ਾਲੀ ਸ਼ੁੱਭ-ਸਮਾਚਾਰ ਪ੍ਰਚਾਰਕ ....................................................63

ਗੁਣਨ ....................................................65

ਸ਼ਕਤੀਸ਼ਾਲੀ ਸ਼ੁੱਭ-ਸਮਾਚਾਰ ਪ੍ਰਚਾਰ ....................................................67

**ਅਧਿਆਇ ਨੌਂ – ਮਸਹ ਦੁਆਰਾ ਸੇਵਕਾਈ ਕਰਨਾ ....................................................72**

ਪਵਿੱਤਰ ਆਤਮਾ ਦਾ ਵਾਇਦਾ ....................................................72

ਮਸਹ....................................................74

ਮਸਹ ਕਰਨ ਦੇ ਕਾਰਨ ....................................................75

ਮਸਹ ਦੇ ਦੁਆਰਾ ਸੇਵਕਾਈ....................................................78

**ਅਧਿਆਇ ਦੱਸ – *ਆਤਮਾ ਦੇ ਵਰਦਾਨ ....................................................82***

ਸੇਵਕਾਈ ਲਈ ਦਿੱਤੇ ਗਏ ਹਨ....................................................82

ਪ੍ਰਕਾਸ਼ਨ ਦੇ ਵਰਦਾਨ – ਜਾਨਣਾ ....................................................83

ਕੀ ਬੋਲਣਾ ਹੈ – ਮੌਖਿਕ ਵਰਦਾਨ ....................................................87

ਪਰਾਈ ਭਾਸ਼ਾ ਦਾ ਵਰਦਾਨ ....................................................88

**ਅਧਿਆਇ ਗਿਆਰਾਂ – ਚੰਗਿਆਈ ਅਤੇ ਮੁਕਤੀ ਦੀ ਸੇਵਕਾਈ ਕਰਨਾ ....................................................94**

ਪਰਮੇਸ਼ੁਰ ਦੀ ਚੰਗਿਆਈ ਦੀ ਸ਼ਕਤੀ....................................................94

**ਅਧਿਆਇ ਬਾਰਾਂ – ਆਰਥਿਕ ਸਹਾਇਤਾ ਅਤੇ ਮਾਰਗ ਦਰਸ਼ਨ ਦਾ ਆਤਮਾ .................................... 104**

ਬੇਦਾਰੀ ਲਈ ਆਰਥਿਕ ਸਹਾਇਤਾ ....................................................104

ਬੀਜਣ ਅਤੇ ਵੱਢਣ ਦਾ ਨਿਯਮ ....................................................106

ਅਗਵਾਈ ਦਾ ਆਤਮਾ ....................................................108

ਪਰਮੇਸ਼ੁਰ ਦੀ ਯੋਜਨਾ....................................................111

ਸਾਰ.................................................... 112

# ਅਧਿਆਇ ਇੱਕ

## *ਮਹਾਨ ਆਗਿਆ*

ਧਰਤੀ ਤੋਂ ਉਠਾਏ ਜਾਣ ਤੋਂ ਪਹਿਲਾਂ ਯਿਸੂ ਨੇ ਉਸ ਦੀਆਂ ਅਖੀਰੀ ਸਿੱਖਿਆਵਾਂ ਦਿੱਤੀਆਂ ਇਨ੍ਹਾਂ ਸ਼ਬਦਾਂ ਨੂੰ ਮਹਾਨ ਆਗਿਆ ਕਰਕੇ ਸੰਬੋਧਿਤ ਕੀਤਾ ਜਾਂਦਾ ਹੈ।

ਇਹ ਮਹਾਨ ਆਗਿਆ ਕੋਈ ਸੁਝਾਵ ਜਾਂ ਬੇਨਤੀ ਨਹੀਂ ਹੈ। ਇਹ ਪ੍ਰਭੂਆਂ ਦੇ ਪ੍ਰਭੂ ਅਤੇ ਰਾਜਿਆਂ ਦੇ ਰਾਜੇ ਦਾ ਇੱਕ ਹੁਕਮ ਹਨ! ਯਿਸੂ ਨੇ ਕਿਹਾ ਕਿ ਅਸੀਂ ਯਿਸੂ ਦੀ ਸੇਵਾ ਨੂੰ ਧਰਤੀ ਦੇ ਹਰੇਕ ਹਿੱਸੇ ਚਿੰਨ੍ਹਾਂ ਅਤੇ ਅਦਭੁੱਤ ਕੰਮਾਂ ਨਾਲ ਲੈ ਕੇ ਜਾਈਏ। ਇਹ ਹਰ ਵਿਸ਼ਵਾਸੀ ਦਾ ਉਦੇਸ਼ ਹੋਣਾ ਚਾਹੀਦਾ ਹੈ।

ਮਹਾਨ ਆਗਿਆ ਸਥਾਨਕ ਕਲੀਸਿਯਾ ਦੀ ਮੁੱਢਲੀ ਮਿਸ਼ਨ ਹੈ। ਜਗਤ ਦੇ ਸ਼ੁੱਭ-ਸਮਾਚਾਰ ਦੇ ਪ੍ਰਚਾਰ ਦੀ ਕੁੰਜੀ ਆਪਣੀ ਮਿਸ਼ਨਾਂ ਦਾ ਸਪੱਸ਼ਟ ਦਰਸ਼ਨ, ਉਦੇਸ਼ਾਂ ਨੀਤੀਵਾਦ ਹੈ।

ਚਮਤਕਾਰੀ ਸ਼ੁੱਭ-ਸਮਾਚਾਰ ਦਾ ਪ੍ਰਚਾਰ ਇੱਕ ਅੱਗ ਦੀ ਤਰ੍ਹਾਂ ਅੰਦਰੋਂ ਹੋਣਾ ਜ਼ਰੂਰੀ ਹੈ।

### ਮਹਾਨ ਆਗਿਆ

ਮੱਤੀ ਅਤੇ ਮਰਕੁਸ ਦੋਵਾਂ ਨੇ ਯਿਸੂ ਦੇ ਆਖ਼ਰੀ ਸ਼ਬਦਾਂ, ਮਹਾਨ ਆਗਿਆ ਨੂੰ ਦਰਜ਼ ਕੀਤਾ ਹੈ।

**ਮੱਤੀ 28:19,20 "ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।"**

**ਮਰਕੁਸ 16:15-18 ਉਸ ਨੇ ਉਨ੍ਹਾਂ ਨੂੰ ਆਖਿਆ, ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਸ਼ੁੱਭ-ਸਮਾਚਾਰ ਦਾ ਪ੍ਰਚਾਰ ਕਰੋ ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ, ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਇਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ। ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ। ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਓਹ ਚੰਗੇ ਹੋ ਜਾਣਗੇ।**

### "ਜਾਓ"

ਯਿਸੂ ਦਾ ਪਿਆਰ ਅਤੇ ਦਯਾ ਇੱਕ ਗੁਆਚੇ ਹੋਏ ਜਗਤ ਲਈ ਉਦੋਂ ਪ੍ਰਗਟ ਹੋਇਆ ਜਦੋਂ ਯਿਸੂ ਨੇ ਹੁਕਮ ਦਿੱਤਾ ਕਿ "ਸਾਰੇ ਜਗਤ ਵਿੱਚ ਜਾਓ!"

ਕਈਆਂ ਨੇ ਮਹਿਸੂਸ ਕੀਤਾ ਹੈ ਕਿ ਉਹ ਇੱਕ ਸੇਵਕ ਦੀ ਤਰ੍ਹਾਂ ਪਰਦੇਸ਼ੀ ਧਰਤੀ ਉੱਤੇ ਸਥਾਨਕ ਕਲੀਸਿਯਾ ਦੇ ਦੁਆਰਾ ਭੇਜੇ ਨਹੀਂ ਗਏ, ਸ਼ਬਦ "ਜਾਓ" ਉਨ੍ਹਾਂ ਲਈ ਹੀ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕੋਲ ਕਾਰਨ ਹਨ, ਕਿ "ਮੈਂ ਪਰਮੇਸ਼ੁਰ ਦੁਆਰਾ

ਬੁਲਾਇਆ ਨਹੀਂ ਗਿਆ ਹਾਂ। ਆਪਣੇ ਪਰਿਵਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਮੈਨੂੰ ਲੋੜ ਹੈ।" ਭਾਵੇਂ ਕਿ ਉਨ੍ਹਾਂ ਕੋਲ ਕਾਰਨ ਹਨ, ਪਰਮੇਸ਼ੁਰ ਚਾਹੁੰਦਾ ਹੈ ਮੈਂ ਘਰ ਵਿੱਚ ਰਹਾਂ ਅਤੇ ਕੰਮ ਕਰਾਂ ਅਤੇ ਦਾਨ ਦੇਵਾਂ ਤਾਂ ਜੋ ਦੂਜੇ ਜਾ ਸਕਣ।

ਮਹਾਨ ਆਗਿਆ ਵਿੱਚ "ਜਾਓ" ਸ਼ਬਦ ਦਾ ਅਨੁਵਾਦ ਹੈ ਜਿਵੇਂ ਤੁਸੀਂ ਜਾ ਰਹੇ ਹੋ। ਹਰੇਕ ਵਿਸ਼ਵਾਸੀ ਆਪਣੇ ਰੋਜ਼ਾਨਾ ਦੇ ਜੀਵਨ ਦੇ ਕੰਮ ਲਈ ਜਾ ਰਿਹਾ ਹੈ। ਯਿਸੂ ਦੀ ਉਨ੍ਹਾਂ ਨੂੰ ਭੇਜਣ ਦੀ ਆਗਿਆ ਵਿੱਚ ਇਹ ਨਹੀਂ ਸੀ ਕਿ ਉਹ ਉਨ੍ਹਾਂ ਵਿੱਚੋਂ ਜਿਨ੍ਹਾਂ ਨੂੰ ਸੇਵਕਾਈ ਦੀ ਬੁਲਾਹਟ ਹੈ ਥੋੜ੍ਹਿਆਂ ਦੀ ਚੋਣ ਕਰਨ। ਇਸ ਦੇ ਬਦਲੇ, ਇਹ ਆਗਿਆ ਹੁਣ ਵੀ ਸਾਰੇ ਵਿਸ਼ਵਾਸੀਆਂ ਲਈ ਹੈ। ਇਹ ਉਹ ਹਰੇਕ ਲਈ ਹੈ ਜੋ ਕਿਤੇ ਵੀ ਜਾ ਰਿਹਾ ਹੈ: ਕੰਮ ਲਈ; ਸਕੂਲ ਲਈ; ਖਰੀਦਦਾਰੀ ਕਰਨ ਲਈ; ਦੋਸਤਾਂ ਨੂੰ ਮਿਲਣ ਲਈ; ਘਰ ਜਾਂ ਗੁਆਂਢੀਆਂ ਨੂੰ ਮਿਲਣ ਲਈ; ਜਿੱਥੇ ਕਿਤੇ ਵੀ ਉਹ ਜਾ ਰਹੇ ਹਨ ਆਪਣੀ ਵਿਅਕਤੀਗਤ ਜ਼ਿੰਦਗੀ ਦੇ ਲਈ ਆਮ ਕਰਤੱਬ ਲੈ ਕੇ ਚੱਲਣ।

ਯਿਸੂ ਨੇ ਆਖਿਆ, "ਜਿਵੇਂ ਤੁਸੀਂ ਜ਼ਿੰਦਗੀ ਦੇ ਆਮ ਕਰਤੱਵਾਂ ਦੇ ਲਈ ਜਾ ਰਹੇ ਹੋ, ਤਿਵੇਂ ਤੁਹਾਨੂੰ ਮੇਰੇ ਸ਼ੁੱਭ-ਸਮਾਚਾਰ ਦਾ ਪ੍ਰਚਾਰ ਸਰਬੱਤ ਸਰਿਸ਼ਟ ਨੂੰ ਕਰਨਾ ਹੈ।" ਯਿਸੂ ਮਸੀਹ ਨੇ ਹਰੇਕ ਵਿਸ਼ਵਾਸੀ ਨੂੰ ਮਹਾਨ ਆਗਿਆ ਦਿੱਤੀ ਸੀ।

ਸ਼ੁੱਭ-ਸਮਾਚਾਰ ਦਾ ਪ੍ਰਚਾਰ ਇਸ ਤਰ੍ਹਾਂ ਨਹੀਂ ਹੁੰਦਾ ਕਿ ਕੁਝ ਲੋਕਾਂ ਨੂੰ ਨਿਯੁਕਤ ਕਰਕੇ। ਇਹ ਇਸ ਤਰ੍ਹਾਂ ਵੀ ਨਹੀਂ ਹੁੰਦਾ ਕਿ ਕਲੀਸਿਯਾ ਵਿੱਚ ਸ਼ੁੱਭ-ਸਮਾਚਾਰ ਦੇ ਪ੍ਰਚਾਰਕਾਂ ਨੂੰ ਹੀ ਪਰਮੇਸ਼ੁਰ ਨੇ ਬੁਲਾਇਆ ਹੈ ਕਿ ਇਨ੍ਹਾਂ ਕੰਮਾਂ ਨੂੰ ਕਰਨ।

ਸ਼ੁੱਭ-ਸਮਾਚਾਰ ਦਾ ਪ੍ਰਚਾਰ ਕੁਝ ਇਸ ਤਰ੍ਹਾਂ ਦਾ ਨਹੀਂ ਕਿ ਅਸੀਂ ਇਹ ਨੂੰ ਹਫ਼ਤੇ ਵਿੱਚ ਇੱਕ ਵਾਰੀ ਕਰੀਏ ਜਦੋਂ ਸਾਡੀ ਕਲੀਸਿਯਾ ਗਵਾਹ ਠਹਿਰਨ ਲਈ ਸਾਨੂੰ ਬਾਹਰ ਘੱਲਣ ਦੇ ਸਮੇਂ ਪ੍ਰੋਗਰਾਮ ਬਣਾਵੇ। ਸ਼ੁੱਭ-ਸਮਾਚਾਰ ਦਾ ਪ੍ਰਚਾਰ ਜ਼ਿੰਦਗੀ ਦਾ ਨਜ਼ਰੀਆ ਹੋਣਾ ਚਾਹੀਦਾ ਹੈ। ਇਹ ਕੁਝ ਇਸ ਤਰ੍ਹਾਂ ਦਾ ਹੈ ਜੋ ਸਾਨੂੰ ਹਰ ਵੇਲੇ ਕਰਨਾ ਹੈ।

## ਸਾਰੇ ਜਗਤ ਲਈ

ਯਿਸੂ ਨੇ ਇਹ ਸਪੱਸ਼ਟ ਕੀਤਾ ਹੈ ਕਿ ਕਲੀਸਿਯਾ ਦੇ ਪ੍ਰਚਾਰ ਦੇ ਲਈ ਜ਼ਿੰਮੇਵਾਰੀ ਉਨ੍ਹਾਂ ਦੇ ਆਪਣੇ ਹੀ ਸ਼ਹਿਰ ਤੱਕ ਸੀਮਿਤ ਨਹੀਂ ਸੀ। ਉਨ੍ਹਾਂ ਨੇ ਸਾਰੇ ਜਗਤ ਵਿੱਚ ਸ਼ੁੱਭ-ਸਮਾਚਾਰ ਨੂੰ ਲੈ ਕੇ ਜਾਣਾ ਸੀ। ਹਰੇਕ ਵਿਸ਼ਵਾਸੀ ਦੀ ਪਰਦੇਸ਼ੀ ਧਰਤੀ ਵੱਲ ਅਗਵਾਈ ਨਹੀਂ ਕੀਤੀ ਜਾਵੇਗੀ, ਪਰ ਹਰੇਕ ਵਿਸ਼ਵਾਸੀ ਕਿਰਿਆਸ਼ੀਲ ਰੂਪ ਨਾਲ ਪ੍ਰਚਾਰ ਦੇ ਕੰਮ ਵਿੱਚ ਸ਼ਾਮਿਲ ਹੋਵੇਗਾ। ਕਈਆਂ ਨੂੰ ਦੇ ਕੇ ਭੇਜਣਾ ਹੈ, ਕਈਆਂ ਨੇ ਜਾਣਾ, ਪਰ ਹਰ ਇੱਕ ਜਿੱਥੇ ਵੀ ਜਾਂਦਾ ਹੈ ਗਵਾਹ ਠਹਿਰਨ ਦੇ ਲਈ ਹੈ।

ਪੌਲੁਸ ਨੇ ਲਿਖਿਆ,

**2 ਕੁਰਿੰਥੀਆ 10:16ੳ... ਭਈ ਅਸੀਂ ਤੁਹਾਥੋਂ ਪਰੇਡੇ ਦੇਸ਼ਾਂ ਵਿੱਚ ਸ਼ੁੱਭ-ਸਮਾਚਾਰ ਪ੍ਰਚਾਰ ਸੁਣਾਈਏ ...**

ਕਲੀਸਿਯਾ ਨੂੰ ਲੋੜ ਹੈ ਕਿ ਉਨ੍ਹਾਂ ਇਲਾਕਿਆਂ ਵਿੱਚ ਪਹੁੰਚਣ ਜਿਹੜੀਆਂ ਆਤਮਾਵਾਂ ਪਹੁੰਚ ਤੋਂ ਬਾਹਰ ਹਨ। ਇਹ ਨੂੰ ਜਗਤ ਦੇ ਪ੍ਰਚਾਰ ਲਈ ਨਵੀਂ ਬੁਲਾਹਟ ਪ੍ਰਾਪਤ ਕਰਨੀ ਜ਼ਰੂਰੀ ਹੈ ਕਲੀਸਿਯਾ ਦਾ ਸਰਵ-ਸ਼੍ਰੇਸ਼ਠ ਉਦੇਸ਼ ਇਹ ਹੈ ਕਿ ਜਗਤ ਵਿੱਚ ਪ੍ਰਚਾਰ ਕਰਨਾ ਹੈ।

ਕਲੀਸਿਯਾ ਦੀ ਪੂਰਤੀ ਇਸੇ ਵਿੱਚ ਹੈ ਕਿ ਆਤਮਾਵਾਂ ਨੂੰ ਜਿੱਤਣ। ਕਲੀਸਿਯਾ ਦਾ ਜਨਮ ਚਮਤਕਾਰੀ ਸ਼ੁੱਭ-ਸਮਾਚਾਰ ਦੀ ਅੱਗ ਵਿੱਚ ਹੋਇਆ ਅਤੇ ਇਹ ਬਰਬਾਦੀ ਹੈ ਜਦੋਂ ਵਿਸ਼ਵਾਸੀ ਗੁਵਾਚੇ ਹੋਏ ਤੱਕ ਪਹੁੰਚਣ ਵਿੱਚ ਰੋਕ ਲਾਉਂਦੇ ਹਨ।

## ਸਰਬੱਤ ਸਰਿਸ਼ਟ ਨੂੰ

ਸ਼ੁੱਭ-ਸਮਾਚਾਰ ਪ੍ਰਚਾਰ ਲਈ ਪਰਮੇਸ਼ੁਰ ਦੀ ਵਿਸ਼ਵਵਿਆਪੀ ਫ਼ਸਲ ਦੀ ਵਾਡੀ ਲਈ ਯੋਜਨਾ ਕਦੇ ਵੀ ਬਦਲਦੀ ਨਹੀਂ ਹੈ। ਅਸੀਂ ਹੁਣ ਵੀ ਸਾਰੀ ਸਰਿਸ਼ਟ ਵਿੱਚ ਸਾਰੇ ਜਗਤ ਲਈ ਇੰਜ਼ੀਲ ਦੇ ਪ੍ਰਚਾਰ ਲਈ ਜਾਣਾ ਹੈ ਤਾਂ ਜੋ ਪਰਮੇਸ਼ੁਰ ਆਪਣੇ ਵਚਨ ਨੂੰ ਕਰਾਮਾਤ ਅਤੇ ਅਦਭੁੱਤ ਕੰਮ ਦੁਆਰਾ ਆਪਣੇ ਵਾਇਦੇ ਦੇ ਅਨੁਸਾਰ ਤਸਦੀਕ ਕਰ ਸਕੇ।

ਯਿਸੂ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਸੀ ਕੀ ਵਿਸ਼ਵਾਸੀ ਜਿੱਥੇ ਕਿਤੇ ਵੀ ਉਹ ਰਹਿੰਦਾ ਹੈ ਉਸਨੂੰ ਆਪਣੇ ਹੱਕ ਨੂੰ ਪੂਰਾ ਕਰਨਾ ਸ਼ੁਰੂ ਕਰਨਾ ਹੈ। ਉਨ੍ਹਾਂ ਨੂੰ ਆਪਣੇ ਸ਼ਹਿਰਾਂ ਵਿੱਚ ਖੁਸ਼ਖ਼ਬਰੀ ਨਾਲ ਪਹੁੰਚਣਾ ਸੀ। ਕਿਸੇ ਵੀ ਤਰ੍ਹਾਂ, ਉਨ੍ਹਾਂ ਨੂੰ ਉੱਥੇ ਰੁਕੇ ਨਹੀਂ ਰਹਿਣਾ ਸੀ। ਉਨ੍ਹਾਂ ਨੂੰ ਲਗਾਤਾਰ ਸ਼ੁੱਭ-ਸਮਾਚਾਰ ਦਾ ਪ੍ਰਚਾਰ ਲੈ ਕੇ ਦੂਜਿਆਂ ਤੱਕ ਪਹੁੰਚਣਾ ਸੀ ਜਦੋਂ ਤੱਕ ਧਰਤੀ ਦੇ ਆਖੀਰ ਤੱਕ ਹਰ ਕੋਈ ਯਿਸੂ ਬਾਰੇ ਨਹੀਂ ਸੁਣਦਾ।

**ਰਸੂਲਾਂ ਦੇ ਕਰਤੱਬ 1:8 "ਸੋ ਉਹਨੇ ਕੁਧਰਮ ਦੀ ਮਜੂਰੀ ਨਾਲ ਇੱਕ ਖੇਤ ਮੁੱਲ ਲਿਆ ਅਤੇ ਮੂਧੇ ਮੂੰਹ ਡਿੱਗਿਆ ਅਤੇ ਉਹ ਦਾ ਢਿੱਡ ਪਾਟ ਗਿਆ ਅਰ ਉਹ ਦੀਆਂ ਸਾਰੀਆਂ ਆਂਦਰਾਂ ਨਿੱਕਲ ਪਈਆਂ।"**

## ਹਰੇਕ ਕੌਮ, ਭਾਈਚਾਰੇ,
## ਗੋਤਾਂ, ਲੋਕਾਂ, ਭਾਸ਼ਾਵਾਂ

ਅਸੀਂ ਆਪਣੇ ਹੀ ਇਲਾਕੇ ਵਿੱਚ ਸੀਮਿਤ ਨਹੀਂ ਰਹਿਣਾ ਹੈ, ਸਗੋਂ ਆਪਣੇ ਇਲਾਕੇ ਤੋਂ ਵੱਧ ਕੇ ਹਰੇਕ ਦੇਸ਼, ਭਾਈਚਾਰੇ, ਗੋਤਰ, ਲੋਕ, ਭਾਸ਼ਾ, ਸਰਿਸ਼ਟੀ ਅਤੇ ਥਾਵਾਂ ਵਿੱਚ ਜਾਣਾ ਹੈ।

ਕਲੀਸਿਯਾ ਦੀ ਸਹੀ ਸਫ਼ਲਤਾ ਮਿਸ਼ਨ ਦੇ ਪੂਰਾ ਹੋਣ ਵਿੱਚ ਹੈ। ਮਿਸ਼ਨ ਦੀ ਜਾਣਕਾਰੀ ਅਤੇ ਜਾਗ੍ਰਿਤੀ ਆਲੋਚਨਾਤਮਕ ਹੈ।

## ਖੁਸ਼ਖ਼ਬਰੀ ਦਾ ਪ੍ਰਚਾਰ ਕਰੋ

ਜਦੋਂ ਅਸੀਂ ਖੁਸ਼ਖ਼ਬਰੀ ਦਾ ਪ੍ਰਚਾਰ ਕਰਦੇ ਹਾਂ ਤਾਂ ਇਹ ਜ਼ਰੂਰੀ ਹੈ ਕਿ ਇਹ ਪਵਿੱਤਰ ਆਤਮਾ ਦੇ ਮਸਹ ਅਤੇ ਚਿੰਨ੍ਹਾਂ ਅਤੇ ਅਦਭੁੱਤ ਕੰਮਾਂ ਨਾਲ ਕੀਤਾ ਜਾਵੇ। ਪਰਮੇਸ਼ੁਰ ਨੇ ਉੱਥੇ ਐਲਾਨ ਅਤੇ ਵਿਆਖਿਆ ਦੋਵਾਂ ਲਈ ਯੋਜਨਾ ਬਣਾਈ ਹੈ।

**ਲੂਕਾ 4:18 "ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ, ਇਸ ਲਈ ਜੋ ਉਹ ਨੇ ਮੈਨੂੰ ਮਸਹ ਕੀਤਾ ਭਈ ਗਰੀਬਾਂ ਨੂੰ ਖੁਸ਼ਖ਼ਬਰੀ ਸੁਣਾਵਾਂ। ਓਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪ੍ਰਚਾਰ ਕਰਾਂ, ਤੇ ਕੁਚਲਿਆਂ ਹੋਇਆਂ ਨੂੰ ਛੁਡਾਵਾਂ।"**

**ਮੱਤੀ 24:14 "ਅਤੇ ਰਾਜ ਦੀ ਇਸ ਖੁਸ਼ਖ਼ਬਰੀ ਦਾ ਪਰਚਾਰ ਸਾਰੀ ਦੁਨੀਆਂ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ ਤਦ ਅੰਤ ਆਵੇਗਾ।"**

## ਚੇਲੇ ਬਣਾਓ

ਅਸੀਂ ਸਿਰਫ਼ ਜਾ ਕੇ ਸਿਖਾਉਣਾ ਹੀ ਨਹੀਂ ਸਗੋਂ ਚੇਲੇ ਵੀ ਬਣਾਉਣੇ ਹਨ ਤਾਂ ਜੋ ਮਹਾਨ ਆਗਿਆ ਪੂਰੀ ਹੋ ਸਕੇ। ਪਰਮੇਸ਼ੁਰ ਦੀ ਯੋਜਨਾ ਵਿੱਚ, ਵਿਸ਼ਵਾਸੀ ਵੱਧਣਗੇ-ਨਾ ਕਿ ਉਨ੍ਹਾਂ ਦੀ ਗਿਣਤੀ ਵਧਾਉਣ ਲਈ।

**ਜਦੋਂ ਯਿਸੂ ਨੇ ਮੱਤੀ 28:19 ਵਿੱਚ ਆਖਿਆ ਕਿ ਅਸੀਂ ਸਾਰੀਆਂ ਕੌਮਾਂ ਨੂੰ ਚੇਲੇ ਬਣਾਉਣਾ ਹੈ, ਉਹ ਨੇ ਹਰੇਕ ਵਿਸ਼ਵਾਸੀ ਲਈ ਆਪਣੀ ਯੋਜਨਾ ਪ੍ਰਗਟ ਕੀਤੀ ਕੀ ਉਹ ਸਿੱਖ ਲਵੇ ਤਾਂ ਜੋ ਉਹ ਸਮੱਗਰੀ ਨਾਲ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਦੇ ਕੰਮ ਨੂੰ ਕਰ ਸਕੇ।**

**2 ਤਿਮੋਥਿਉਸ 2:2 ਅਤੇ ਜਿਹੜੀਆਂ ਗੱਲਾਂ ਤੈਂ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ ਅਜਿਹੀਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਨਾਂ ਨੂੰ ਵੀ ਸਿੱਖਿਆ ਦੇਣ ਜੋਗ ਹੋਣ।**

## ਸ਼ੁੱਭ ਸਮਾਚਾਰ ਪ੍ਰਚਾਰ ਦੀ ਮਹੱਤਤਾ

ਇਸ ਪੀੜ੍ਹੀ ਦੇ ਲਈ ਸਿਰਫ਼ ਸ਼ੁੱਭ-ਸਮਾਚਾਰ ਦਾ ਪ੍ਰਚਾਰ ਹੀ ਆਸ਼ਾ ਹੈ। ਇਹ ਜਗਤ ਦੀਆਂ ਸਮੱਸਿਆਵਾਂ ਲਈ ਕੋਈ ਹੋਰ ਉੱਤਰ ਨਹੀਂ ਹੈ ਜਾਂ ਫਿਰ ਵਿਅਕਤੀਗਤ ਸਮੱਸਿਆਵਾਂ ਲਈ ਯਿਸੂ ਮਸੀਹ ਦੀ ਖੁਸ਼ਖ਼ਬਰੀ ਤੋਂ ਵੱਧ।

ਸਾਡੇ ਵਿੱਚੋਂ ਹਰੇਕ ਬਚਾਇਆ ਗਿਆ ਹੈ, ਕਿਉਂਕਿ ਕਿਸ ਨੇ ਪਰਮੇਸ਼ੁਰ ਦਾ ਕਹਿਣਾ ਮੰਨਿਆ ਅਤੇ ਯਿਸੂ ਮਸੀਹ ਦੀ ਖੁਸ਼ਖ਼ਬਰੀ ਸਾਡੇ ਨਾਲ ਵੰਡੀ।

## ਸਾਡੀ ਜ਼ਿੰਮੇਵਾਰੀ

ਰਾਜਾ ਸੁਲੇਮਾਨ ਨੇ ਸਾਨੂੰ ਸਾਡੀਆਂ ਜ਼ਿੰਮੇਵਾਰੀਆਂ ਦੇ ਪ੍ਰਤੀ ਅੰਤਰਦ੍ਰਿਸ਼ਟੀ ਦਿੱਤੀ ਹੈ ਤਾਂ ਜੋ ਮੌਤ ਦਾ ਸਾਹਮਣਾ ਕਰਨ ਵਾਲਿਆਂ ਨੂੰ ਚੇਤਾਵਨੀ ਦੇ ਸਕੀਏ।

**ਕਹਾਉਤਾਂ 24:11,12 ਜਿਹੜੇ ਮੌਤ ਲਈ ਲਏ ਜਾਂਦੇ ਹਨ, ਜਿਹੜੇ ਘਾਤ ਹੋਣ ਲਈ ਝੂਲਦੇ ਫਿਰਦੇ ਹਨ, ਉਨ੍ਹਾਂ ਨੂੰ ਛੁਡਾਉਣ ਤੋਂ ਨਾ ਰੁਕ।**

**ਜੇ ਤੂੰ ਆਖੇਂ, "ਲਓ, ਸਾਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀਂ ਸੀ, ਤਾਂ ਜਿਹੜਾ ਦਿਲਾਂ ਨੂੰ ਜਾਚਦਾ ਹੈ ਭਲਾ, ਉਹ ਨਹੀਂ ਸਮਝਦਾ? ਅਤੇ ਤੇਰੀ ਜ਼ਿੰਦ ਦਾ ਰਾਖਾ ਇਹ ਨਹੀਂ ਜਾਣਦਾ? ਭਲਾ, ਉਹ ਆਦਮੀ ਨੂੰ ਉਹ ਦੀਆਂ ਕਰਨੀਆਂ ਦਾ ਫਲ ਨਾ ਦੇਵੇਗਾ?"**

ਜੇਕਰ ਅਸੀਂ ਆਪਣੇ ਆਲੇ ਦੁਆਲੇ ਰਹਿੰਦੇ ਲੋਕਾਂ ਨੂੰ ਜੋ ਨਰਕ ਵੱਲ ਚੱਲਦੇ ਜਾ ਰਹੇ ਹਨ ਚੇਤਾਵਨੀ ਨਾ ਦੇਈਏ ਤਾਂ ਪਰਮੇਸ਼ੁਰ ਸਾਥੋਂ ਹਿਸਾਬ ਮੰਗੇਗਾ।

## ਸਾਡਾ ਗੁਨਾਹ

ਜੇ ਅਸੀਂ ਬੋਲਣਾ ਜਾਣਦੇ ਹਾਂ ਅਤੇ ਕੁਝ ਨਾ ਬੋਲੀਏ ਤਾਂ ਨਬੀ ਹਿਜ਼ਕੀਏਲ ਸਾਨੂੰ ਇਸ ਗੁਨਾਹ ਲਈ ਚੇਤਾਵਨੀ ਦਿੰਦਾ ਹੈ।

**ਹਿਜ਼ਕੀਏਲ 3:17-19 "ਕਿ ਹੇ ਆਦਮੀ ਦੇ ਪੁੱਤਰ, ਮੈਂ ਤੈਨੂੰ ਇਸਰਾਏਲ ਦੇ ਘਰਾਣੇ ਲਈ ਰਾਖਾ ਬਣਾਇਆ ਹੈ ਸੋ ਤੂੰ ਮੇਰੇ ਮੂੰਹ ਦਾ ਵਚਨ ਸੁਣ ਅਤੇ ਮੇਰੀ ਵੱਲੋਂ ਉਨ੍ਹਾਂ ਨੂੰ ਚਿਤਾਵਨੀ ਦੇਹ। ਜਦੋਂ ਮੈਂ ਦੁਸ਼ਟ ਨੂੰ ਆਖਾਂ ਕਿ ਤੂੰ ਨਿਸ਼ਚੇ ਮਰੇਂਗਾ ਅਤੇ ਤੂੰ ਉਸ ਨੂੰ ਚਿਤਾਵਨੀ ਨਾ ਦੇਵੇਂ ਅਤੇ ਦੁਸ਼ਟ ਨੂੰ ਉਹ ਦੇ ਕੁਚਲਣ ਤੋਂ ਖਬਰਦਾਰ ਨਾ ਕਰੇਂ ਭਈ ਉਹ ਜੀਵੇ ਤਾਂ ਦੁਸ਼ਟ ਆਪਣੀ ਬਦੀ ਵਿੱਚ ਤਾਂ ਮਰੇਗਾ ਪਰ ਮੈਂ ਉਹ ਦੇ ਖੂਨ ਦਾ ਬਦਲਾ ਤੇਰੇ ਹੱਥੋਂ ਲਵਾਂਗਾ। ਪਰ ਜੇ ਦੁਸ਼ਟ ਨੂੰ ਚਿਤਾਵਨੀ ਦੇਵੇਂ ਅਤੇ ਉਹ ਆਪਣੇ ਕੁਚਲਣ ਅਤੇ ਦੁਸ਼ਟਪੁਣੇ ਤੋਂ ਨਾ ਮੁੜਿਆ ਤਾਂ ਉਹ ਆਪਣੇ ਔਗੁਣ ਵਿੱਚ ਮਰੇਗਾ ਪਰ ਤੂੰ ਆਪਣੀ ਜਾਨ ਨੂੰ ਛੁਡਾ ਲਵੇਂਗਾ।"**

## ਸਾਡੇ ਲਾਭ

ਯਸਾਯਾਹ ਸਾਨੂੰ ਸਾਡੇ ਲਾਭ ਦੱਸਦਾ ਹੈ।

**ਯਸਾਯਾਹ 58:10 ਜੇ ਤੂੰ ਭੁੱਖੇ ਲਈ ਆਪਣੀ ਜਾਨ ਡੋਹਲੇਂ, ਅਤੇ ਮਸਕੀਨ ਦੀ ਜਾਨ ਨੂੰ ਰਜਾਵੇਂ, ਤਾਂ ਤੇਰਾ ਚਾਨਣ ਅਨ੍ਹੇਰੇ ਵਿੱਚ ਚੜ੍ਹੇਗਾ, ਅਤੇ ਤੇਰਾ ਘੁੱਪ ਅਨ੍ਹੇਰ ਦੁਪਹਿਰ ਵਾਂਙੁ ਹੋਵੇਗਾ।**

## ਸਾਡੀਆਂ ਪ੍ਰਾਥਮਿਕਤਾਵਾਂ

ਇਸ ਧਰਤੀ ਤੇ ਹਜ਼ਾਰਾਂ ਹੀ ਲਾਪਰਵਾਹ ਪਿੰਡ ਅਤੇ ਸ਼ਹਿਰ ਹਨ, ਜਿੱਥੇ ਲੱਖਾਂ ਆਤਮਾਵਾਂ ਸ਼ੁੱਭ-ਸਮਾਚਾਰ ਦੇ ਬਿਨ੍ਹਾਂ ਛੂਹੇ ਰਹਿ ਰਹੀਆਂ ਹਨ। ਅਸੀਂ ਮਸੀਹ ਦੇ ਸਰੀਰ ਹਾਂ ਅਤੇ ਸਾਨੂੰ ਆਪਣੀ ਪ੍ਰਾਥਮਿਕਤਾ ਨੂੰ ਨਿਯੁਕਤ ਕਰਨਾ ਚਾਹੀਦਾ ਹੈ।

ਜੇਕਰ ਕਲੀਸਿਯਾ ਗੁਆਚੇ ਹੋਇਆਂ ਕੋਲ ਸ਼ੁੱਭ-ਸਮਾਚਾਰ ਪਹੁੰਚਾ ਰਹੀ ਹੈ, ਤਾਂ ਹਰ ਥਾਂ ਉੱਤੇ ਚਮਤਕਾਰੀ ਪ੍ਰਚਾਰ ਨੂੰ ਸਭ ਤੋਂ ਵੱਧ ਪ੍ਰਾਥਮਿਕਤਾ ਦਿੱਤੀ ਜਾਣੀ ਚਾਹੀਦੀ ਹੈ। ਸਾਡੀ ਆਤਮਾਵਾਂ ਨੂੰ ਜਿੱਤਣ ਦੀ ਕੋਸ਼ਿਸ਼ ਜ਼ਰੂਰ ਅੱਗੇ ਵਧਣੀ ਚਾਹੀਦੀ ਹੈ।

ਸ਼ਹੀਦਾਂ ਦਾ ਲਹੂ ਪਰਮੇਸ਼ੁਰ ਦੇ ਰਾਜ ਲਈ ਆਤਮਾਵਾਂ ਦੀ ਫਸਲ ਦਾ ਬੀਜ ਹੋਇਆ ਹੈ ਸਾਡੇ ਲਈ ਇੱਕ ਬਹੁਤ ਵੱਡੀ ਕੀਮਤ ਉਤਾਰੀ ਗਈ ਹੈ ਜੋ ਬਹੁਤ ਵਿਸ਼ਵਾਸੀਆਂ ਨੇ ਭੂਤ ਕਾਲ ਵਿੱਚ ਮੌਤ ਅਤੇ ਦੁੱਖ ਰਾਹੀਂ ਸਾਡੇ ਲਈ ਦਿੱਤੀ ਤਾਂ ਜੋ ਅਸੀਂ ਗੁਆਚੇ ਅਤੇ ਮਰਦੇ ਹੋਏ ਜਗਤ ਨੂੰ ਖੁਸ਼ਖ਼ਬਰੀ ਸੁਣਾ ਸਕੀਏ।

ਅੱਜ ਦਾ ਪ੍ਰਸ਼ਨ ਇਹ ਹੈ:

**ਅਸੀਂ ਕੀ ਕਰਨ ਦੀ ਇੱਛਾ ਕਰ ਰਹੇ ਹਾਂ, ਦਾਨ ਦੇਣ ਦੀ, ਤਾਂ ਕਿ ਖੁਸ਼ਖ਼ਬਰੀ ਦਾ ਪ੍ਰਚਾਰ ਸਾਡੀ ਪੀੜ੍ਹੀ ਤੱਕ ਲਿਆਂਦਾ ਜਾਵੇ?**

## ਪਿਤਾ ਦੇ ਦਿਲ ਦੀ ਧੜਕਣ

ਜਦੋਂ ਯਿਸੂ ਨੇ ਮਹਾਨ ਆਗਿਆ ਦਿੱਤੀ ਉਹ ਪਿਤਾ ਦੇ ਦਿਲ ਦੀ ਧੜਕਣ ਨਾਲ ਹਾਂ ਵਿੱਚ ਹਾਂ ਮਿਲਾ ਰਿਹਾ ਸੀ। ਜਦੋਂ ਅਸੀਂ ਉਸ ਕੁਰਬਾਨੀ ਬਾਰੇ ਸੋਚਦੇ ਹਾਂ ਜਦੋਂ ਪਿਤਾ ਨੇ ਪੁੱਤਰ ਦੇ ਦਿੱਤਾ ਤਾਂ ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਦੀ ਇੱਛਾ ਮਨੁੱਖ ਲਈ ਹੈ ਕਿ ਉਹ ਉਸ ਦੇ ਨਾਲ ਹੀ ਧਰਮੀ ਠਹਿਰਾਇਆ ਜਾਵੇ।

ਸਾਡਾ ਪਿਤਾ ਪਰਮੇਸ਼ੁਰ ਇੱਕ ਸਮਝੌਤਾ ਕਰਕੇ ਸਾਡੇ ਉੱਤੇ ਤਰਸ ਕਰਦਾ ਹੈ ਜਿਹੜਾ ਜਗਤ ਵਿੱਚ ਪਹੁੰਚਦਾ ਹੈ। ਉਸਦੀ ਕਲੀਸਿਯਾ ਦੀ ਵੀ ਉਹੋ ਧੜਕਣ ਹੋਣੀ ਜ਼ਰੂਰੀ ਹੈ ਅਤੇ ਅੱਜ ਪਰਮੇਸ਼ੁਰ ਇੱਕ ਫ਼ੌਜ਼ ਨੂੰ ਉਠਾ ਰਿਹਾ ਹੈ ਜੋ ਉਹ ਦੇ ਆਤਮਾ ਦੇ ਵਹਾ ਵਿੱਚ ਅੱਗੇ ਜਾਵੇਗੀ।

## ਬਾਰਾਂ ਨੂੰ ਅਧਿਕਾਰ ਦਿੱਤਾ ਗਿਆ

ਯਿਸੂ ਨੇ ਬਾਰਾਂ ਚੇਲਿਆਂ ਨੂੰ ਇਨ੍ਹਾਂ ਸਿੱਖਿਆਵਾਂ ਨਾਲ ਭੇਜਿਆ।

**ਮੱਤੀ 10:7,8 "ਅਤੇ ਤੁਰਦੇ ਤੁਰਦੇ ਪਰਚਾਰ ਕਰ ਕੇ ਆਖੋ ਭਈ ਸੁਰਗ ਦਾ ਰਾਜ ਨੇੜੇ ਆਇਆ ਹੈ। ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ। ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ।"**

## ਗੁਆਚੀ ਹੋਈ ਭੇਡ ਦਾ ਦ੍ਰਿਸ਼ਟਾਂਤ

ਗੁਆਚੀ ਹੋਈ ਭੇਡ ਦੇ ਦ੍ਰਿਸ਼ਟਾਂਤ ਵਿੱਚ ਯਿਸੂ ਨੇ ਗੁਆਚੇ ਹੋਏ ਮਨੁੱਖ ਦੀ ਕੀਮਤ ਨੂੰ ਪ੍ਰਗਟ ਕੀਤਾ।

**ਲੂਕਾ 15:3–7 ਤਾਂ ਉਸ ਨੇ ਉਨ੍ਹਾਂ ਨੂੰ ਇਹ ਦ੍ਰਿਸ਼ਟਾਂਤ ਦੇ ਕੇ ਆਖਿਆ, "ਤੁਸਾਂ ਵਿੱਚੋਂ ਕਿਹੜਾ ਮਨੁੱਖ ਹੈ ਜਿਹ ਦੇ ਕੋਲ ਸੌ ਭੇਡਾਂ ਹੋਣ ਅਰ ਜੇ ਉਨ੍ਹਾਂ ਵਿੱਚੋਂ ਇੱਕ ਗੁਆਚ ਜਾਵੇ ਤਾਂ ਉਹ ਉਨ੍ਹਾਂ ਨੜਿੰਨਵਿਆਂ ਨੂੰ ਉਜਾੜ ਵਿੱਚ ਛੱਡ ਕੇ ਉਸ ਗੁਆਚੀ ਹੋਈ ਦੀ ਭਾਲ ਵਿੱਚ ਨਾ ਜਾਵੇ ਜਦ ਤਾਈਂ ਉਹ ਉਸ ਨੂੰ ਨਾ ਲੱਭੇ? ਅਰ ਜਾਂ ਲੱਭ ਪਵੇ ਤਾਂ ਉਹ ਨੂੰ ਖੁਸ਼ੀ ਨਾਲ ਆਪਣਿਆਂ ਮੋਢਿਆਂ ਉੱਤੇ ਰੱਖ ਲੈਂਦਾ ਅਤੇ ਘਰ ਜਾ ਕੇ ਆਪਣੇ ਮਿੱਤਰਾਂ ਅਤੇ ਗੁਆਂਢੀਆਂ ਨੂੰ ਇਕੱਠਿਆਂ ਬੁਲਾਉਂਦਾ ਅਤੇ ਉਨ੍ਹਾਂ ਨੂੰ ਆਖਦਾ ਹੈ ਭਈ ਮੇਰੇ ਨਾਲ ਅਨੰਦ ਕਰੋ ਕਿਉਂ ਜੋ ਮੈਂ ਆਪਣੀ ਗੁਆਚੀ ਹੋਈ ਭੇਡ ਲੱਭੀ ਹੈ।"**

"ਮੈਂ ਤੁਹਾਨੂੰ ਆਖਦਾ ਹਾਂ ਜੋ ਇਸੇ ਤਰ੍ਹਾਂ ਸੁਰਗ ਵਿੱਚ ਇੱਕ ਤੋਬਾ ਕਰਨ ਵਾਲੇ ਪਾਪੀ ਦੇ ਕਾਰਨ ਨੜਿੰਨਵਿਆਂ ਧਰਮੀਆਂ ਨਾਲੋਂ ਜਿਨ੍ਹਾਂ ਨੂੰ ਤੋਬਾ ਕਰਨ ਦੀ ਲੋੜ ਨਹੀਂ ਬਹੁਤ ਖੁਸ਼ੀ ਹੋਵੇਗੀ।"

## ਸੁਰਗ ਵਿੱਚ ਖੁਸ਼ੀ ਮਨਾਉਣਾ

ਯੂਹੰਨਾ ਰਸੂਲ ਦੇ ਰਾਹੀਂ ਪਵਿੱਤਰ ਆਤਮਾ ਨੇ ਸਾਨੂੰ ਆਉਣ ਵਾਲੀ ਸੁਰਗੀ ਖੁਸ਼ੀ ਦੇ ਸਮੇਂ ਬਾਰੇ ਇੱਕ ਝਲਕ ਦਿੱਤੀ। ਧਿਆਨ ਦਿਓ, ਉਸ ਨੇ ਲਿਖਿਆ ਕਿ ਬਚਾਏ ਹੋਏ ਹਰੇਕ ਗੋਤਰ, ਭਾਖਿਆ, ਲੋਕਾਂ, ਕੌਮਾਂ ਤੋਂ ਆਉਣਗੇ।

**ਪਰਕਾਸ਼ ਦੀ ਪੋਥੀ 5:9 ਅਤੇ ਓਹ ਇਹ ਆਖਦਿਆਂ "ਇੱਕ ਨਵਾਂ ਗੀਤ ਗਾਉਂਦੇ ਸਨ, ਤੂੰ ਉਹ ਪੋਥੀ ਲੈਣ ਅਤੇ ਉਹ ਦੀਆਂ ਮੋਹਰਾਂ ਖੋਲ੍ਹਣ ਦੇ ਜੋਗ ਹੈਂ, ਕਿਉਂਕਿ ਤੂੰ ਕੋਹਿਆ ਗਿਆ ਸੈਂ, ਅਤੇ ਤੈਂ ਆਪਣੇ ਲਹੂ ਨਾਲ ਹਰੇਕ ਗੋਤ, ਭਾਖਿਆ, ਉੱਮਤ ਅਤੇ ਕੌਮ ਵਿੱਚੋਂ ਪਰਮੇਸ਼ੁਰ ਦੇ ਲਈ ਲੋਕਾਂ ਨੂੰ ਮੁੱਲ ਲਿਆ।"**

**ਪਰਕਾਸ਼ ਦੀ ਪੋਥੀ 7:9,10 ਇਹ ਦੇ ਮਗਰੋਂ ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਹਰੇਕ ਕੌਮ ਵਿੱਚੋਂ ਅਤੇ ਸਭਨਾਂ ਗੋਤਾਂ, ਉੱਤਮਾਂ ਅਤੇ ਭਾਖਿਆਂ ਵਿੱਚੋਂ ਇੱਕ ਵੱਡੀ ਭੀੜ ਜਿਹ ਦੀ ਗਿਣਤੀ ਕਿਸੇ ਕੋਲੋਂ ਨਹੀਂ ਹੁੰਦੀ ਚਿੱਟੇ ਬਸਤਰ ਪਹਿਨੇ ਅਤੇ ਖਜੂਰ ਦੀਆਂ ਟਹਿਣੀਆਂ ਹੱਥਾਂ ਵਿੱਚ ਲਈ ਸਿੰਘਾਸਣ ਦੇ ਸਾਹਮਣੇ ਅਤੇ ਲੇਲੇ ਦੇ ਸਾਹਮਣੇ ਖੜੀ ਹੈ ਅਤੇ ਇਹ ਵੱਡੀ ਅਵਾਜ਼ ਨਾਲ ਪੁਕਾਰ ਕੇ ਕਹਿੰਦੇ ਹਨ, "ਮੁਕਤੀ ਸਾਡੇ ਪਰਮੇਸ਼ੁਰ ਵੱਲੋਂ, ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ, ਅਤੇ ਲੇਲੇ ਵੱਲੋਂ ਹੈ।"**

## ਨਵੇਂ ਨੇਮ ਦੀ ਨੀਤੀ

ਨਵੇਂ ਨੇਮ ਦਾ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਇੱਕ ਨੀਤੀ ਹੈ। ਪੂਰੀ ਤਰ੍ਹਾਂ ਨਾਲ ਸ਼ੁੱਭ-ਸਮਾਚਾਰ ਪ੍ਰਚਾਰ ਦਾ ਮਤਲਬ ਕਿ ਸਾਰਾ ਜਗਤ ਖੁਸ਼ਖ਼ਬਰੀ ਦੇ ਭੇਤ ਨੂੰ ਜਾਣ ਲਵੇ।

ਇਸ ਜਗਤ ਵਿੱਚੋਂ ਇਸ ਪੀੜ੍ਹੀ ਦੇ ਵਿਸ਼ਵਾਸੀਆਂ ਨੂੰ ਸਾਹਮਣੇ ਲਿਆਉਣ ਤਾਂ ਜੋ ਉਹ ਇਹ ਦਾਅਵਾ ਕਰ ਸਕਣ ਕਿ ਮਸੀਹ ਉਨ੍ਹਾਂ ਦੀ ਜ਼ਿੰਦਗੀ ਵਿੱਚ ਹੈ।

## ਪੂਰਨ ਪਰਵੇਸ਼

ਪਹਿਲੇ ਰਸੂਲਾਂ ਨੇ ਜਿੱਥੇ ਉਹਨਾਂ ਯਰੂਸ਼ਲਮ ਵਿੱਚ ਇੱਕ ਦੂਜੇ ਨਾਲ ਮਸੀਹ ਬਾਰੇ ਗੱਲ ਬਾਤ ਕੀਤੀ। ਪਹਿਲਾਂ ਸਾਰੇ ਯਹੂਦੀਆਂ ਵਿੱਚ, ਤਦ ਸਾਮਰਿਯਾ ਵਿੱਚ ਅਤੇ ਧਰਤੀ ਦੇ ਆਖਰੀ ਬੰਨੇ ਤੱਕ ਉਹ ਲਗਾਤਾਰ ਖੁਸ਼ਖ਼ਬਰੀ ਦਾ ਪ੍ਰਚਾਰ ਕਰਦੇ ਰਹੇ।

ਯਿਸੂ ਮਸੀਹ ਦੀ ਇਸ ਜਗਤ ਦੇ ਲਈ ਹੁਣ ਵੀ ਪੂਰਨ ਪਰਵੇਸ਼ (ਅੰਤਰ ਦ੍ਰਿਸ਼ਟੀ) ਉਹ ਦੀ ਖੁਸ਼ਖ਼ਬਰੀ ਹੈ।

## ਪੂਰਨ ਭਾਗ

ਜ਼ਰੂਰੀ ਹੈ ਕਿ ਹਰ ਕਲੀਸਿਯਾ ਜ਼ਿੰਮੇਵਾਰੀ ਅਤੇ ਹਰੇਕ ਵਿਅਕਤੀ ਦੇ ਨਾਲ ਉਨ੍ਹਾਂ ਦੇ ਵਿਅਕਤੀਗਤ ਇਲਾਕਿਆਂ ਵਿੱਚ ਪ੍ਰਭੂ ਯਿਸੂ ਮਸੀਹ ਦੀ ਖੁਸ਼ਖ਼ਬਰੀ ਨੂੰ ਸਵੀਕਾਰ ਕਰੇ। ਯਿਸੂ ਨੇ ਆਖਿਆ ਕਿ ਹਰੇਕ ਵਿਸ਼ਵਾਸੀ ਨੂੰ ਉਸ ਦੇ ਲਈ ਗਵਾਹ ਹੋਣਾ ਹੈ।

**ਰਸੂਲਾਂ ਦੇ ਕਰਤੱਬ 1:8 "ਸੋ ਉਹ ਨੇ ਕੁਧਰਮ ਦੀ ਮਜ਼ੂਰੀ ਨਾਲ ਇੱਕ ਖੇਤ ਮੁੱਲ ਲਿਆ ਅਰ ਮੂਧੇ ਮੂੰਹ ਡਿੱਗਿਆ ਅਤੇ ਉਹ ਦਾ ਢਿੱਡ ਪਾਟ ਗਿਆ ਅਰ ਉਹ ਦੀਆਂ ਸਾਰੀਆਂ ਆਦਰਾਂ ਨਿੱਕਲ ਪਈਆਂ।"**

ਸਾਰੇ ਜਗਤ ਦਾ ਪੂਰਨ ਬਦਲਾਵ ਪ੍ਰਭੂ ਯਿਸੂ ਮਸੀਹ ਦੀਆਂ ਮੰਗਾਂ ਨਾਲ ਇੱਕ ਸਧਾਰਨ ਕਲੀਸਿਯਾ ਦੀ ਮੰਡਲੀ ਵਿੱਚ ਭਾਗ ਲੈ ਕੇ ਗਵਾਹੀ ਦੇਣਾ ਹੈ ਉਹ ਹਰ ਵਿਸ਼ਵਾਸੀ ਨੂੰ ਨਜ਼ਦੀਕੀ ਥਾਵਾਂ ਉੱਤੇ ਪਹੁੰਚਣ ਦੇ ਕੰਮ ਵਿੱਚ ਪ੍ਰਭੂ ਯਿਸੂ ਮਸੀਹ ਲਈ ਭਰਤੀ ਕਰਨ।

ਬਹੁਤ ਸਾਰੇ ਮਸੀਹ ਗਵਾਹੀ ਨਹੀਂ ਦਿੰਦੇ ਕਿਉਂ ਉਹ ਇਹ ਮਹਿਸੂਸ ਨਹੀਂ ਕਰਦੇ ਕਿ ਉਨ੍ਹਾਂ ਨੂੰ ਗਵਾਹੀ ਦੇਣ ਦੀ ਲੋੜ ਹੈ ਵਿਸ਼ਵਾਸੀ ਨੂੰ ਜਾਨਣ ਦੀ ਜ਼ਰੂਰਤ ਹੈ ਕਿ ਉਹ ਯਿਸੂ ਦੇ ਲਈ ਗਵਾਹੀ ਦੇਣਾ ਇੱਕ ਮਸੀਹ ਲਈ ਚੋਣ ਹੀ ਨਹੀਂ ਹੈ। ਇਹ ਇੱਕ ਆਗਿਆ ਹੈ। ਇੱਥੇ ਤਿੰਨ ਗੱਲਾਂ ਹਰ ਸੇਵਾਦਾਰ ਲਈ ਹਨ ਜੋ ਆਪਣੇ ਵਿਸ਼ਵਾਸੀ ਨੂੰ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਲਈ ਤਿਆਰ ਕਰਦਾ ਹੈ। ਉਹ ਜ਼ਰੂਰ ਹੋਣੀਆਂ ਚਾਹੀਦੀਆਂ ਹਨ :

- ਗਿਆਨ ਪ੍ਰਦਾਨ ਕਰਨ
- ਭਰਤੀ ਕਰਨਾ
- ਤਿਆਰ ਕਰਨਾ

ਅੱਜ ਦੀ ਕਲੀਸਿਯਾ ਨੂੰ ਠੀਕ ਉਸੇ ਤਰ੍ਹਾਂ ਕਰਨਾ ਚਾਹੀਦਾ ਹੈ ਜਿਵੇਂ ਯਿਸੂ ਸਵਰਗ ਵਿੱਚ ਉਠਾਏ ਜਾਣ ਤੋਂ ਪਹਿਲਾਂ ਕਲੀਸਿਯਾ ਨੂੰ ਛੱਡ ਕੇ ਗਿਆ ਸੀ।

**ਮਰਕੁਸ 16:20 ਅਤੇ ਉਨ੍ਹਾਂ ਨੇ ਬਾਹਰ ਜਾ ਕੇ ਹਰ ਥਾਂ ਪਰਚਾਰ ਕੀਤਾ ਅਤੇ ਪ੍ਰਭੂ ਉਨ੍ਹਾਂ ਦੇ ਨਾਲ ਹੋ ਕੇ ਕੰਮ ਕਰਦਾ ਸੀ ਅਰ ਵਚਨ ਨੂੰ ਉਨ੍ਹਾਂ ਨਿਸ਼ਾਨਿਆਂ ਦੀ ਰਾਹੀਂ ਜਿਹੜੇ ਨਾਲ ਨਾਲ ਹੁੰਦੇ ਸਨ ਸਾਬਤ ਕਰਦਾ ਸੀ।**

## ਪੂਰਨ ਸ਼ਕਤੀ

ਪੌਲੁਸ ਦਾ ਸ਼ੁੱਭ-ਸਮਾਚਾਰ ਦੇ ਪ੍ਰਦਾਨ ਕਰਨ ਦਾ ਤਰੀਕਾ ਸੀ ਕਿ ਪਰਮੇਸ਼ੁਰ ਦੀ ਸ਼ਕਤੀ ਪ੍ਰਗਟ ਕਰਨ ਖੁਸ਼ਖ਼ਬਰੀ ਦਾ ਪ੍ਰਚਾਰ ਕਰਨਾ ਸੀ।

**1 ਕੁਰਿੰਥੀਆਂ 2:1-5 ਹੇ ਭਰਾਵੋ, ਜਾਂ ਮੈਂ ਤੁਹਾਨੂੰ ਪਰਮੇਸ਼ੁਰ ਦੀ ਸਾਖੀ ਦੀ ਖ਼ਬਰ ਦਿੰਦਾ ਹੋਇਆ ਤੁਹਾਡੇ ਕੋਲ ਆਇਆ ਤਾਂ ਵਚਨ ਜਾਂ ਗਿਆਨ ਦੀ ਉੱਤਮਤਾਈ ਨਾਲ ਨਹੀਂ ਆਇਆ। ਕਿਉਂ ਜੋ ਮੈਂ ਇਹ ਠਾਣ ਲਿਆ ਭਈ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨ੍ਹਾਂ ਤੁਹਾਡੇ ਵਿੱਚ ਕਿਸੇ ਹੋਰ ਗੱਲ ਨੂੰ ਨਾ ਜਾਣਾਂ ਅਤੇ ਮੈਂ ਦੁਰਬਲਤਾਈ ਅਤੇ ਭੈ ਅਤੇ ਵੱਡੇ ਕਾਂਬੇ ਨਾਲ ਤੁਹਾਡੇ ਕੋਲ ਰਹਿੰਦਾ ਸਾਂ ਅਤੇ ਮੇਰਾ ਵਚਨ ਅਤੇ ਮੇਰਾ ਪ੍ਰਚਾਰ ਗਿਆਨ ਦੀਆਂ ਮਨਾਉਣ ਵਾਲੀਆਂ ਗੱਲਾਂ ਦੇ ਨਾਲ ਨਹੀਂ**

**ਸਗੋਂ ਆਤਮਾ ਅਤੇ ਸਮਰੱਥਾ ਦੇ ਪਰਮਾਣ ਨਾਲ ਸੀ। ਤਾਂ ਜੋ ਤੁਹਾਡੀ ਨਿਹਚਾ ਮਨੁੱਖਾਂ ਦੀ ਬੁੱਧ ਉੱਤੇ ਨਹੀਂ ਸਗੋਂ ਪਰਮੇਸ਼ੁਰ ਦੀ ਸਮਰੱਥਾ ਉੱਤੇ ਠਹਿਰੇ।**

ਸ਼ੁੱਭ-ਸਮਾਚਾਰ ਦੇ ਪ੍ਰਚਾਰ ਕਰਨ ਵਿੱਚ ਸਾਡੀ ਕੋਸ਼ਿਸ਼ ਜ਼ਰੂਰ ਹੋਣੀ ਚਾਹੀਦੀ ਹੈ। ਪੌਲੁਸ ਰਸੂਲ ਦੀ ਤਰ੍ਹਾਂ ਪਵਿੱਤਰ ਆਤਮਾ ਸ਼ਕਤੀ ਰਾਹੀਂ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਨੂੰ ਪ੍ਰਗਟ ਕਰਦਾ ਹੈ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਹਰੇਕ ਸਥਾਨਕ ਕਲੀਸਿਯਾ ਦਾ ਮੂਲ ਪ੍ਰਚਾਰ ਕੀ ਹੋਣਾ ਚਾਹੀਦਾ ਹੈ?

2. "ਜਾਓ" ਸ਼ਬਦ ਦਾ ਅਰਥ ਮਹਾਨ ਆਗਿਆ ਨੂੰ ਲੈ ਕੇ ਜਿਵੇਂ ਯੂਨਾਨੀ ਨਵੇਂ ਨੇਮ ਵਿੱਚ ਪਾਇਆ ਗਿਆ ਹੈ ਵਿਆਖਿਆ ਕਰੋ। ਇਸ ਦਾ ਤੁਹਾਡੀ ਜ਼ਿੰਦਗੀ ਵਿੱਚ ਕੀ ਅਰਥ ਹੈ?

3. ਗੁਆਚਿਆਂ ਹੋਇਆਂ ਨੂੰ ਜਿੱਤਣ ਲਈ ਨਵਾਂ ਨੇਮ ਕੀ ਨੀਤੀ ਹੈ?

## ਅਧਿਆਇ ਦੋ

## *ਸਾਡੇ ਸਮੇਂ ਲਈ ਬੇਦਾਰੀ*

ਪਰਮੇਸ਼ੁਰ ਧਰਤੀ ਉੱਤੇ ਇੱਕ ਆਖ਼ਰੀ ਸਮੇਂ ਘੁੰਮ ਰਿਹਾ ਹੈ, ਇਸ ਲਹਿਰ ਵਿੱਚ, ਪਰਮੇਸ਼ੁਰ- ਪਿਤਾ ਆਪਣੀ ਆਗਿਆ ਅਤੇ ਯਥਾਰਥ ਮਹਿਮਾ ਨੂੰ ਇਸ ਤਰ੍ਹਾਂ ਪ੍ਰਗਟ ਕਰੇਗਾ ਜਿਸਨੂੰ ਪਹਿਲਾਂ ਕਦੇ ਨਹੀਂ ਕੀਤਾ। ਇਸ ਅੰਤ ਦੇ ਸਮੇਂ ਪਰਮੇਸ਼ੁਰ ਵਿਸ਼ਵਾਸ ਦੀ ਲਹਿਰ ਚਮਤਕਾਰਾਂ ਨਾਲ ਬਣਾਉਂਦਾ ਹੈ ਜੋ ਅੰਤ ਦੇ ਸਮੇਂ ਆਤਮਾਵਾਂ ਦੀ ਫਸਲ ਨੂੰ ਪੈਦਾ ਕਰਨਗੇ।

ਯੋਏਲ ਨਬੀ ਨੇ ਪਵਿੱਤਰ ਆਤਮਾ ਨੂੰ ਵਹਾਏ ਜਾਣ ਬਾਰੇ ਇਸ ਸਮੇਂ ਆਖਿਆ

**ਯੋਏਲ 2:28 ਏਹ ਦੇ ਮਗਰੋਂ ਐਉਂ ਹੋਵੇਗਾ ਕਿ ਮੈਂ ਆਪਣਾ ਆਤਮਾ ਸਾਰੇ ਸਰੀਰਾਂ ਉੱਤੇ ਵਹਾਵਾਂਗਾ, ਅਤੇ ਤੁਹਾਡੇ ਪੁੱਤਰ ਅਰ ਤੁਹਾਡੀਆਂ ਧੀਆਂ ਅਗੰਮ ਵਾਕ ਕਰਨਗੇ, ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ।**

ਜਿਵੇਂ ਪਿਤਾ-ਪਰਮੇਸ਼ੁਰ ਸਾਨੂੰ ਆਪਣੀ ਹਜੂਰੀ ਵਿੱਚ ਖਿੱਚਦਾ ਹੈ, ਉਹ ਆਪਣੀ ਮੁੱਖ ਯੋਜਨਾ ਨੂੰ ਸ਼ੁੱਭ-ਸਮਾਚਾਰ ਦੇ ਪ੍ਰਚਾਰ ਨੂੰ ਜਗਤ ਲਈ ਪ੍ਰਗਟ ਕਰੇਗਾ।

ਜਿਵੇਂ ਅਸੀਂ ਪਿਤਾ ਦੀ ਮਹਿਮਾ ਨੂੰ ਵੇਖਦੇ ਹਾਂ, ਉਹ ਸਾਡੀਆਂ ਅੱਖਾਂ ਨੂੰ ਹਮੇਸ਼ਾਂ ਪਹੁੰਚ ਤੋਂ ਬਾਹਰਲੇ ਦੇਸ਼ਾਂ ਨੂੰ ਵਿਖਾਵੇਗਾ।

**ਯਸਾਯਾਹ 33:17 ਤੇਰੀਆਂ ਅੱਖਾ ਪਾਤਸ਼ਾਹ ਨੂੰ ਉਹ ਦੇ ਸੁਹੱਪਣ ਵਿੱਚ ਝਾਕਣਗੀਆਂ ਓਹ ਮੋਕਲੇ ਦੇਸ਼ ਨੂੰ ਵੇਖਣਗੀਆਂ**

### ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਦੀ ਲਹਿਰ

ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਦੀ ਲਹਿਰ ਨਵੇਂ ਨੇਮ ਦੇ ਅਫ਼ਸੁਸ ਵਿੱਚ ਸ਼ੁਰੂ ਹੋਈ ਅਤੇ ਏਸ਼ਿਆਈ ਦੇ ਪਰਦੇਸ਼ਾਂ ਤੋਂ ਵੀ ਪਾਰ ਪਹੁੰਚੀ।

ਰਸੂਲਾ ਦੇ ਕੱਰਤਬ 19:10 ਇਹ ਦੋ ਵਰਿਹਾਂ ਤੀਕ ਹੁੰਦਾ ਰਿਹਾ ਐਥੋਂ ਤੋੜੀ ਜੋ ਅਸਿਯਾ ਦੇ ਵਾਸੀ ਕੀ ਯਹੂਦੀ ਕੀ ਯੂਨਾਨੀ ਸਭਨਾਂ ਨੇ ਪ੍ਰਭੂ ਦਾ ਵਚਨ ਸੁਣਿਆ ਇਹ ਪੂਰਨਤਾ ਸੀ।

"ਸਰਬ ਸਰਿਸ਼ਟ ਵਿੱਚ ਸ਼ੁੱਭ-ਸਮਾਚਾਰ ਪ੍ਰਚਾਰ ਦੀ ਕਿਰਿਆ ਵਿਚ ਇਹ ਪੌਲੁਸ ਦੇ ਅਫ਼ਸੁਸ ਪਹੁੰਚਣ ਦੇ ਰਾਹੀਂ ਸ਼ੁਰੂ ਹੋਇਆ ਅਤੇ ਵਿਸ਼ਵਾਸੀਆ ਦੇ ਸਮੂਹ ਨੂੰ ਪਵਿੱਤਰ ਆਤਮਾ ਦੇ ਬਪਤਿਸਮੇ ਲਈ ਤਿਆਰ ਕਰਦੇ ਹੋਏ ਯਿਸੂ ਦੇ ਲਈ ਚਮਤਕਾਰੀ ਕੰਮ ਕਰਨ ਵਾਲੇ ਗਵਾਹ ਠਹਿਰਨਾ ਹੈ।

### ਗਵਾਹ ਠਹਿਰਨ ਦੇ ਲਈ ਸ਼ਕਤੀ

**ਰਸੂਲਾ ਦੇ ਕਰਤੱਬ 19:1-7 ਇਉਂ ਹੋਇਆ ਕਿ ਜਾਂ ਅਪੁੱਲੋਸ ਕੁਰਿੰਥੁਸ ਵਿੱਚ ਸੀ ਤਾਂ ਪੌਲੁਸ ਉੱਪਰਲੇ ਇਲਾਕਿਆਂ ਵਿੱਚੋਂ ਦੀ ਲੰਘ ਕੇ ਅਫ਼ਸੁਸ ਨੂੰ ਆਇਆ ਅਤੇ ਕਈ ਚੇਲਿਆ ਨੂੰ ਲੱਭ ਕੇ ਉਨ੍ਹਾਂ ਨੂੰ ਆਖਿਆ ਤੁਸਾਂ ਨਿਹਚਾ ਕੀਤੀ ਤਾਂ ਕਿ ਤੁਹਾਨੂੰ ਪਵਿੱਤਰ ਆਤਮਾ ਮਿਲਿਆ?"**

**ਉਨਾਂ ਉਸ ਨੂੰ ਕਿਹਾ, "ਅਸਾਂ ਤਾਂ ਇਹ ਸੁਣਿਆ ਭੀ ਨਹੀਂ ਭਈ ਪਵਿੱਤਰ ਆਤਮਾ ਹੈਗਾ ਹੈ ਓਨ ਆਖਿਆ, ਫੇਰ ਤੁਸਾਂ ਕਾਹਦਾ ਬਪਤਿਸਮਾ ਲਿਆ?"**

**ਓਹ ਬੋਲੇ, “ਯੂਹੰਨਾ ਦਾ ਬਪਤਿਸਮਾ,"**

**ਉਪਰੰਤ ਪੌਲੁਸ ਨੇ ਕਿਹਾ, “ਯੂਹੰਨਾ ਤੋਬਾ ਦਾ ਬਪਤਿਸਮਾ ਦਿੰਦਾ ਅਤੇ ਲੋਕਾਂ ਨੂੰ ਇਹ ਆਖਦਾ ਸੀ ਭਈ ਤੁਸੀਂ ਉਸ ਉੱਤੇ ਜੋ ਮੇਰੇ ਪਿੱਛੇ ਆਉਣ ਵਾਲਾ ਹੈ ਅਰਥਾਤ ਯਿਸੂ ਉੱਤੇ ਨਿਹਚਾ ਕਰੋ।"**

**ਇਹ ਸੁਣ ਕੇ ਉਨ੍ਹਾਂ ਨੇ ਪ੍ਰਭੂ ਯਿਸੂ ਦੇ ਨਾਮ ਵਿੱਚ ਬਪਤਿਸਮਾ ਲਿਆ ਅਤੇ ਜਾਂ ਪੌਲੁਸ ਨੇ ਉਨ੍ਹਾਂ ਉੱਤੇ ਹੱਥ ਧਰੇ ਤਾਂ ਪਵਿੱਤਰ ਆਤਮਾ ਉਨ੍ਹਾਂ ਤੇ ਉਤਰਿਆ ਅਰ ਉਹ ਬੋਲੀਆਂ ਬੋਲਣ ਅਤੇ ਅਗੰਮ ਵਾਕ ਕਰਨ ਲੱਗੇ। ਉਹ ਸਭ ਬਾਰਾਂ ਕੁ ਪੁਰਖ ਸਨ।**

ਪੌਲੁਸ ਨੇ ਜਾਣਿਆ ਕਿ ਜੇਕਰ ਏਸ਼ੀਆ ਦੇ ਪ੍ਰਾਂਤ ਵਿੱਚ ਸ਼ੁਭ-ਸਮਾਚਾਰ ਦੇ ਪ੍ਰਚਾਰ ਨਾਲ ਪਹੁੰਚਣਾ ਹੈ, ਤਾਂ ਫਿਰ ਹਰ ਵਿਸ਼ਵਾਸੀ ਨੂੰ ਪਵਿੱਤਰ ਆਤਮਾ ਦੀ ਸ਼ਕਤੀ ਦੀ ਲੋੜ ਹੈ।

ਰਸੂਲਾਂ ਦੇ ਕਰਤੱਬ 1:8 ਪਰ ਜਾਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ।

## ਚਮਤਕਾਰੀ ਸ਼ੁੱਭ-ਸਮਾਚਾਰ ਦੇ ਪ੍ਰਚਾਰ ਲਈ ਸਿਖਲਾਈ ਦਿੱਤੀ ਗਈ

ਹਰ ਵਿਸ਼ਵਾਸੀ ਨੂੰ ਉਹ ਦੇ ਗਵਾਹ ਹੋਣ ਲਈ ਪਵਿੱਤਰ ਆਤਮਾ ਦੀ ਸ਼ਕਤੀ ਦੀ ਲੋੜ ਹੈ। ਉਨ੍ਹਾਂ ਨੂੰ ਪਰਮੇਸ਼ੁਰ ਦਾ ਵਚਨ ਅਜਿਹੀ ਸ਼ਕਤੀ ਦੇ ਤਰੀਕੇ ਨਾਲ ਸਿਖਾਉਣ ਦੀ ਲੋੜ ਹੈ ਕਿ ਅਭਿਆਸਿਕ ਤੌਰ ਤੇ ਉਹ ਯਿਸੂ ਦੇ ਕੰਮਾਂ ਨੂੰ ਕਰਨ ਲਈ ਸਿਖਾਏ ਜਾਣ ਉਨ੍ਹਾਂ ਨੂੰ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਲਈ ਸਿੱਖਿਆ ਦੇਣਾ ਜ਼ਰੂਰੀ ਹੈ।

ਪੌਲੁਸ ਆਪ ਅਫ਼ਸੀਆਂ ਵਿੱਚ ਪਹੁੰਚਣ ਦੀ ਕੋਸ਼ਿਸ਼ ਵਿੱਚ ਅਸਫਲ ਹੋ ਗਿਆ। ਤਦ ਉਸ ਨੇ ਵਿਸ਼ਵਾਸੀਆਂ ਨੂੰ ਤੁਰੰਨੁਸ ਦੀ ਪਾਠਸ਼ਾਲਾ ਵਿੱਚ ਸਿਖਾਉਣਾ ਸ਼ੁਰੂ ਕੀਤਾ।

**ਰਸੂਲਾਂ ਦੇ ਕਰਤੱਬ 19:8–9 ਫੇਰ ਪੌਲੁਸ ਸਮਾਜ ਵਿੱਚ ਜਾ ਕੇ ਪਰਮੇਸ਼ੁਰ ਦੇ ਰਾਜ ਦੇ ਵਿਖੇ ਵਚਨ ਸੁਣਾਉਂਦਿਆਂ ਅਤੇ ਲੋਕਾਂ ਨੂੰ ਸਮਝਾਉਂਦਿਆਂ ਹੋਇਆਂ ਤਿੰਨ ਮਹੀਨੇ ਬੇਧੜਕ ਬੋਲਦਾ ਰਿਹਾ। ਪਰ ਜਾਂ ਕਿੰਨਿਆਂ ਨੇ ਕਠੋਰ ਹੋ ਕੇ ਨਾ ਮੰਨਿਆ ਅਤੇ ਲੋਕਾਂ ਦੇ ਅੱਗੇ ਉਸ ਪੰਥ ਨੂੰ ਬੁਰਾ ਕਹਿਣ ਲੱਗੇ ਤਾਂ ਉਸ ਨੇ ਉਹਨਾਂ ਕੋਲੋਂ ਅੱਡ ਹੋ ਕੇ ਚੇਲਿਆਂ ਨੂੰ ਅਲੱਗ ਕੀਤਾ ਅਤੇ ਤੁਰਨੁੰਸ ਦੀ ਪਾਠਸ਼ਾਲਾ ਵਿੱਚ ਰੋਜ਼ ਵਚਨ ਸੁਣਾਉਂਦਾ ਸੀ।**

ਤੁਰੰਨੁਸ ਦੀ ਪਾਠਸ਼ਾਲਾ ਵਿੱਚ ਦੋ ਸਾਲ ਲਈ ਪੌਲੁਸ ਦੀ ਸਿੱਖਿਆ ਕਾਫ਼ੀ ਸ਼ਕਤੀਸ਼ਾਲੀ ਰਹੀ, ਅਭਿਆਸਿਕ ਅਤੇ ਪ੍ਰਭਾਵਿਕ ਰੂਪ ਉੱਤੇ ਏਸ਼ੀਆ ਵਿੱਚ ਰਹਿਣ ਵਾਲੇ "ਯੂਨਾਨੀ ਅਤੇ ਯਹੂਦੀ" ਦੋਵਾਂ ਨੇ ਪ੍ਰਭੂ ਯਿਸੂ ਦਾ ਵਚਨ ਸੁਣਿਆ।

ਹਰ ਵਿਸ਼ਵਾਸੀ ਨੂੰ ਪੌਲੁਸ ਨੇ ਸਿਖਾਇਆ ਸੀ, ਸਪੱਸ਼ਟ ਰੂਪ ਵਿੱਚ ਬਾਹਰ ਗਿਆ ਅਤੇ ਦੂਜਿਆਂ ਨੂੰ ਵੀ ਸਿਖਾਇਆ। ਉਨ੍ਹਾਂ ਨੇ ਏਸ਼ੀਆ ਇਲਾਕੇ ਦੇ ਸਾਰੇ ਵਿਸ਼ਵਾਸੀਆਂ ਨੂੰ ਸਿਖਾਇਆ। ਇੱਕ ਵੱਡੀ ਫ਼ੌਜ਼ ਚਮਤਕਾਰੀ ਸ਼ੁੱਭ-ਸਮਾਚਾਰ ਦੇ ਪ੍ਰਚਾਰ ਲਈ ਸਿਖਲਾਈ ਦਿੱਤੀ ਗਈ ਸੀ। ਨਤੀਜ਼ੇ ਦੇ ਤੌਰ ਤੇ, ਉੱਥੇ ਜਗਤ ਦੇ ਹਰ ਭਾਗ ਵਿੱਚ ਆਦਮੀ ਦੇ ਲਈ ਖੁਸ਼ਖ਼ਬਰੀ ਦੇ ਲਈ ਸਮੁੱਚੀ ਸੰਪੂਰਨਤਾਈ ਹੈ।

## ਚਮਤਕਾਰਾਂ, ਚਮਤਕਾਰਾਂ, ਚਮਤਕਾਰਾਂ

ਪ੍ਰਭਾਵਸ਼ਾਲੀ ਸ਼ੁੱਭ-ਸਮਾਚਾਰ ਪ੍ਰਚਾਰ, ਪਰਮੇਸ਼ੁਰ ਦੇ ਨਮੂਨੇ ਦੇ ਅਨੁਸਾਰ ਹਮੇਸ਼ਾਂ ਚਮਤਕਾਰੀ ਪ੍ਰਚਾਰ ਹੋਣਾ ਹੈ। ਸ਼ੁੱਭ-ਸਮਾਚਾਰ ਦੇ ਪ੍ਰਚਾਰ ਦੀ ਲਹਿਰ ਚਮਤਕਾਰਾਂ ਦਾ ਕੇਂਦਰ ਸੀ ਜਿਸ ਨੇ ਏਸ਼ੀਆ ਦੀ ਹੱਦਾਂ ਨੂੰ ਪਾਰ ਕੀਤਾ।

**ਰਸੂਲਾਂ ਦੇ ਕਰਤੱਬ 19:11–17 ਪਰਮੇਸ਼ੁਰ ਪੌਲੁਸ ਦੇ ਹੱਥੋਂ ਅਨੋਖੀਆਂ ਕਰਾਮਾਤਾਂ ਵਿਖਾਲਦਾ ਸੀ। ਐਥੋਂ ਤੀਕ ਜੋ ਰੁਮਾਲ ਅਰ ਪਟਕੇ ਉਹ ਦੇ ਸਰੀਰ ਨੂੰ ਛੂਆ ਦੇ ਰੋਗੀਆਂ ਉੱਤੇ ਪਾਉਂਦੇ ਸਨ ਅਤੇ ਉਨ੍ਹਾਂ ਦੇ ਰੋਗ ਜਾਂਦੇ ਰਹਿੰਦੇ ਅਰ ਦੁਸ਼ਟ ਆਤਮੇ ਨਿੱਕਲ ਜਾਂਦੇ ਸਨ।**

**ਤਦੋਂ ਯਹੂਦੀਆਂ ਵਿੱਚੋਂ ਕਈ ਆਦਮੀਆਂ ਨੇ ਜੋ ਇੱਧਰ ਉੱਧਰ ਫਿਰਦਿਆਂ ਹੋਇਆਂ ਝਾੜ ਫੂਕ ਕਰਦੇ ਹੁੰਦੇ ਸਨ ਇਹ ਦਿਲੇਰੀ ਕੀਤੀ ਕਿ ਜਿਨ੍ਹਾਂ ਨੂੰ ਦੁਸ਼ਟ ਆਤਮੇ ਚਿੰਬੜੇ ਹੋਏ ਸਨ ਉਨ੍ਹਾਂ ਉੱਤੇ ਪ੍ਰਭੂ ਯਿਸੂ ਦਾ ਨਾਮ ਲੈ ਕੇ ਕਹਿਣ ਲੱਗੇ ਭਈ ਮੈਂ ਤੁਹਾਨੂੰ ਯਿਸੂ ਦੇ ਨਾਮ ਦੀ ਸੌਂਹ ਦਿੰਦਾ ਹਾਂ ਜਿਹ ਦੀ ਪੌਲੁਸ ਮਨਾਦੀ ਕਰਦਾ ਹੈ।**

**ਅਤੇ ਸਕੇਵਾ ਨਾਮੇ ਕਿਸੇ ਯਹੂਦੀ ਪਰਧਾਨ ਯਾਜਕ ਦੇ ਸੱਤ ਪੁੱਤਰ ਸਨ ਜਿਹੜੇ ਇਹੋ ਕਰਦੇ ਸਨ।**

**ਪਰ ਦੁਸ਼ਟ ਆਤਮਾ ਨੇ ਉਹਨਾਂ ਨੂੰ ਉੱਤਰ ਦਿੱਤਾ "ਭਈ ਯਿਸੂ ਨੂੰ ਮੈਂ ਸਿਆਣਦਾ ਹਾਂ ਅਤੇ ਪੌਲੁਸ ਨੂੰ ਮੈਂ ਜਾਣਦਾ ਹਾਂ ਪਰ ਤੁਸੀਂ ਕੌਣ ਹੋ?"**

**ਅਤੇ ਉਹ ਮਨੁੱਖ ਜਿਹ ਨੂੰ ਦੁਸ਼ਟ ਆਤਮਾ ਚਿੰਬੜਿਆ ਹੋਇਆ ਸੀ ਟੁੱਟ ਕੇ ਉਹਨਾਂ ਉੱਤੇ ਆਣ ਪਿਆ ਅਤੇ ਦੋਹਾਂ ਨੂੰ ਵੱਸ ਵਿੱਚ ਲਿਆ ਕੇ ਉਹਨਾਂ ਤੇ ਐਡੀ ਸਖ਼ਤੀ ਕੀਤੀ ਜੋ ਉਹ ਨੰਗੇ ਅਤੇ ਘਾਇਲ ਹੋ ਕੇ ਉਸ ਘਰ ਵਿੱਚੋਂ ਭੱਜ ਨਿੱਕਲੇ।**

**ਇਹ ਗੱਲ ਸਭ ਯਹੂਦੀਆਂ ਅਰ ਯੂਨਾਨੀਆਂ ਉੱਤੇ ਜਿਹੜੇ ਅਫ਼ਸੁਸ ਵਿੱਚ ਰਹਿੰਦੇ ਸਨ ਉਜਾਗਰ ਹੋ ਗਈ ਅਤੇ ਉਹ ਸਭ ਡਰ ਗਏ ਅਤੇ ਪ੍ਰਭੂ ਯਿਸੂ ਦੇ ਨਾਮ ਦੀ ਵਡਿਆਈ ਹੋਈ।**

ਚਮਤਕਾਰੀ ਤਰੀਕੇ ਨਾਲ ਹੋਇਆ ਸ਼ੁੱਭ-ਸਮਾਚਾਰ ਦਾ ਪ੍ਰਚਾਰ ਹਮੇਸ਼ਾ ਪ੍ਰਭੂ ਯਿਸੂ ਦੀ ਵਡਿਆਈ ਕਰਦਾ ਹੈ ਅਤੇ ਲੋਕਾਂ ਵਿੱਚ ਪਛਤਾਵਾ ਅਤੇ ਛੁਟਕਾਰਾ ਲਿਆਉਂਦਾ ਹੈ।

**ਰਸੂਲਾਂ ਦੇ ਕਰਤੱਬ 19:18–20 ਜਿਨ੍ਹਾਂ ਨਿਹਚਾ ਕੀਤੀ ਸੀ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਆਣ ਕੇ ਆਪਣਿਆਂ ਕੰਮਾਂ ਨੂੰ ਮੰਨ ਲਿਆ ਅਤੇ ਦੱਸ ਦਿੱਤਾ। ਅਰ ਬਹੁਤੇ ਉਨ੍ਹਾਂ ਵਿੱਚੋਂ ਵੀ ਜਿਹੜੇ ਜਾਦੂ ਕਰਦੇ ਸਨ ਆਪਣੀਆਂ ਪੋਥੀਆਂ ਇਕੱਠੀਆਂ ਕਰ ਕੇ ਲਿਆਏ ਅਤੇ ਸਭਨਾਂ ਦੇ ਸਾਹਮਣੇ ਫੂਕ ਸੁੱਟੀਆਂ ਅਤੇ ਜਾਂ ਉਹਨਾਂ ਦੇ ਮੁੱਲ ਦਾ ਜੋੜ ਕੀਤਾ ਤਾਂ ਪੰਜਾਹ ਹਜ਼ਾਰ ਰੁਪਿਆ ਹੋਇਆ। ਇਸੇ ਤਰ੍ਹਾਂ ਪ੍ਰਭੂ ਦਾ ਬਚਨ ਵਧਿਆ ਅਤੇ ਪਰਬਲ ਹੋਇਆ।**

ਚਮਤਕਾਰੀ ਸ਼ੁਭ-ਸਮਾਚਾਰ ਪ੍ਰਚਾਰ ਦੇ ਦੁਆਰਾ, ਪ੍ਰਭੂ ਦਾ ਵਚਨ ਉਨ੍ਹਾਂ ਵਿੱਚ ਵਧਿਆ ਕਿਉਂਕਿ ਮਹੱਤਵਪੂਰਨ ਸਚਾਈ ਵਿਸ਼ਵਾਸੀਆਂ ਦੀ ਜ਼ਿੰਦਗੀ ਵਿੱਚ ਸੀ, ਜਿਵੇਂ ਉਨ੍ਹਾਂ ਨੇ ਸੁਣਿਆ ਵਚਨ ਸਿਖਾਏ :

- ਉਨ੍ਹਾਂ ਦਾ ਵਿਸ਼ਵਾਸ
- ਉਨ੍ਹਾਂ ਨੇ ਵਚਨ ਤੇ ਵਿਸ਼ਵਾਸ ਕੀਤਾ

- ਉਨ੍ਹਾਂ ਨੇ ਵਚਨ ਬੋਲਿਆ
- ਉਨ੍ਹਾਂ ਨੇ ਵਚਨ ਦੀ ਆਗਿਆਕਾਰੀ ਵਿੱਚ ਕੰਮ ਨੂੰ ਕੀਤਾ
- ਉਹ ਵਚਨ ਦੇ ਮਹਾਨ ਲੋਕ ਹੋਏ

ਜਿਵੇਂ ਇਹ ਹੋਇਆ, ਪਰਮੇਸ਼ੁਰ ਦਾ ਵਚਨ ਆਤਮਿਕਤਾ ਦੇ ਹਨੇਰੇ ਦੀਆਂ ਤਾਕਤਾਂ ਤੇ ਪ੍ਰਬਲ ਹੋਇਆ ਜਿਸ ਨੇ ਲੋਕਾਂ ਦੇ ਦਿਮਾਗਾਂ ਨੂੰ ਅੰਨ੍ਹਿਆਂ ਕੀਤਾ ਹੋਇਆ ਸੀ।

ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਦੀ ਇੱਕ ਲਹਿਰ ਜਗਤ ਦੇ ਹਰ ਹਿੱਸੇ ਵਿੱਚ ਫੈਲੀ ਅਤੇ ਸਾਡੇ ਲਈ ਸ਼ੁੱਭ-ਸਮਾਚਾਰ ਦੇ ਪ੍ਰਚਾਰ ਇੱਕ ਨਮੂਨਾ ਬਣਿਆ। ਅੱਜ, ਪਰਮੇਸ਼ੁਰ ਆਪਣੀ ਕਲੀਸਿਯਾ ਵਿੱਚ ਵੱਡੀ ਸ਼ਕਤੀ ਨਾਲ ਚੱਲ ਫਿਰ ਰਿਹਾ ਹੈ। ਉਹ ਸਾਨੂੰ ਉਸੇ ਮਹਾਨ ਸ਼ਕਤੀ ਲਈ ਤਿਆਰੀ ਲਈ ਕਰ ਰਿਹਾ ਹੈ। ਚਮਤਕਾਰੀ ਤਰੀਕੇ ਨਾਲ ਸ਼ੁੱਭ-ਸਮਾਚਾਰ ਪ੍ਰਚਾਰ ਦੀ ਲਹਿਰ ਦਾ ਪ੍ਰਭਾਵ ਤੇ ਅਫ਼ਸੁਸ ਵਿੱਚ ਸ਼ੁਰੂ ਹੋਇਆ ਅਤੇ ਸਾਰੇ ਏਸ਼ੀਆ ਦੇ ਇਲਾਕਿਆਂ ਨੂੰ ਪਾਰ ਕਰਦੇ ਹੋਏ ਫੈਲਿਆ। ਪਰਮੇਸ਼ੁਰ ਅੰਤ ਦੇ ਸਮੇਂ ਦੀ ਫਸਲ ਲਈ ਸਾਨੂੰ ਤਿਆਰ ਕਰ ਰਿਹਾ ਹੈ ਉਹ ਉਸ ਵਿੱਚ ਚੱਲ ਫਿਰ ਰਿਹਾ ਹੈ।

## ਪਰਮੇਸ਼ੁਰ ਦੀ ਲਹਿਰ

ਕਲੀਸਿਆ ਦੇ ਸਾਰੇ ਇਤਿਹਾਸ ਅਨੁਸਾਰ, ਪਰਮੇਸ਼ੁਰ ਸਪੱਸ਼ਟ ਰੂਪ ਵਿੱਚ ਵੱਖ-ਵੱਖ ਲਹਿਰਾਂ ਵਿੱਚ ਚੱਲਿਆ। ਇਹ ਮਹਾਨ ਲਹਿਰ ਅਜੂਜਾ ਮਾਰਗ ਤੋਂ ਲੋਸ ਐਨਗੀਲੀਸ ਵਿੱਚ ਸ਼ੁਰੂ ਹੋਈ।

### ਪਹਿਲੀ ਲਹਿਰ

ਇਸ ਸਦੀ ਦੀ ਪਹਿਲੀ ਲਹਿਰ ਵਿੱਚ, ਯਿਸੂ ਦਾ ਪ੍ਰਕਾਸ਼ਨ ਸੀ।

- *ਵਰਦਾਨਾਂ*

ਉੱਥੇ ਵਰਦਾਨਾਂ ਤੇ ਜ਼ੋਰ ਦਿੱਤਾ ਜਾਂਦਾ ਸੀ ਜਿਵੇਂ:

- ਭਾਸ਼ਾਵਾਂ
- ਭਾਸ਼ਾਵਾਂ ਦੀ ਵਿਆਖਿਆ ਕਰਨਾ
- ਭਵਿੱਖਬਾਣੀ

ਇਨ੍ਹਾਂ ਵਰਦਾਨਾਂ ਤੇ ਪੰਤੇਕੁਸਤ ਅਤੇ ਚੰਗਿਆਈ ਦੇ ਪਲਾਂ ਦਾ ਕੁਦਰਤੀ ਚਿੰਨ੍ਹ ਹਨ।

- *ਸੇਵਕਾਈਆਂ*

ਪ੍ਰਸਿੱਧ ਸੇਵਾਵਾਂ ਸ਼ੁੱਭ-ਸਮਾਚਾਰ ਦੇ ਪ੍ਰਚਾਰ ਅਤੇ ਚੰਗਾਈ ਦੀਆਂ ਸੇਵਕਾਈਆਂ ਹੈ।

- *ਦਰਵਾਜੇ*

ਪਰਮੇਸ਼ੁਰ ਦਾ ਇਹ ਨਮੂਨਾ ਉਦੋਂ ਪ੍ਰਗਟ ਹੋਇਆ ਸੀ ਜਦੋਂ ਇਸਰਾਏਲ ਦੇ ਬੱਚੇ ਤੰਬੂ ਦੇ ਦਰਵਾਜ਼ੇ ਰਾਹੀਂ ਆਏ।

### ਦੂਜੀ ਲਹਿਰ

ਪਰਮੇਸ਼ੁਰ ਦੀ ਦੂਜੀ ਲਹਿਰ ਵਿੱਚ, ਚਮਤਕਾਰੀ ਅੰਦੋਲਨ ਦੇ ਸਮੇਂ, ਉੱਥੇ ਪਵਿੱਤਰ ਆਤਮਾ ਦਾ ਅੰਦੋਲਨ ਸੀ।

ਇਸ ਸਮੇਂ ਦੇ ਦੌਰਾਨ ਉੱਥੇ ਇਸ ਗੱਲ ਉੱਤੇ ਜ਼ੋਰ ਸੀ:

- ਬੁੱਧੀ ਦੇ ਵਚਨ

- ਗਿਆਨ ਦੇ ਵਚਨ
- ਆਤਮਾਵਾਂ ਦੀ ਪਰਖ

- ਸੇਵਕਾਈਆਂ

ਪ੍ਰਮੁੱਖ ਸੇਵਕਾਈਆਂ ਪਾਸਟਰਾਂ ਅਤੇ ਅਧਿਆਪਕਾਂ ਦੀਆਂ ਸਨ।

- ਵੇਹੜਾ

ਪਰਮੇਸ਼ੁਰ ਦਾ ਨਮੂਨਾ ਉਦੋਂ ਪ੍ਰਗਟ ਹੋਇਆ ਸੀ ਜਦੋਂ ਇਸਰਾਏਲ ਦੇ ਬੱਚੇ ਦੀ ਸੰਤਾਨ ਪ੍ਰਭੂ ਦੇ ਤੰਬੂ ਦੇ ਵੇਹੜੇ ਵਿੱਚ ਸੇਵਾਦਾਰ ਠਹਿਰੇ।

## ਤੀਜੀ ਲਹਿਰ

ਪਰਮੇਸ਼ੁਰ ਦੀ ਤੀਜੀ ਲਹਿਰ ਵਿੱਚ, ਹੁਣ ਕਲੀਸੀਆ ਵਿੱਚ ਇੱਕ ਗੱਲ ਦਾਖ਼ਿਲ ਹੋ ਚੁੱਕੀ ਹੈ, ਕਿ, ਉੱਥੇ ਪਰਮੇਸ਼ੁਰ-ਪਿਤਾ ਦਾ ਪ੍ਰਕਾਸ਼ਨ ਸੀ।

- ਵਰਦਾਨਾਂ

ਪਵਿੱਤਰ ਆਤਮਾ ਦੇ ਵਰਦਾਨਾਂ ਅਨੁਸਾਰ ਜੋ ਪ੍ਰਮੁੱਖ ਸਨ ਉਹ ਇਹ ਹਨ:

- ਚਮਤਕਾਰਾਂ ਦਾ ਕੰਮ
- ਵਿਸ਼ਵਾਸ ਦਾ ਵਰਦਾਨ
- ਚੰਗਾਈ ਦਾ ਵਰਦਾਨ

- ਸੇਵਕਾਈਆਂ

ਰਸੂਲ ਅਤੇ ਨਬੀ ਦੀਆਂ ਪ੍ਰਮੁੱਖ ਸੇਵਕਾਈਆਂ ਹਨ। ਪਰਮੇਸ਼ੁਰ ਨੂੰ ਅਤੇ ਰਸੂਲਾਂ ਦੀਆਂ ਸੇਵਕਾਈਆਂ ਨੂੰ ਪੁਨਰ ਸਥਾਪਿਤ ਕਰ ਰਿਹਾ ਹੈ ਤਾਂ ਕਿ ਯਿਸੂ ਦੇ ਕੰਮਾਂ ਨੂੰ ਕਰਨ ਲਈ ਕਲੀਸੀਆ ਦੀ ਨੀਂਹ ਮਜ਼ਬੂਤ ਹੋਵੇ।

- ਪਵਿੱਤਰ ਤੋਂ ਪਵਿੱਤਰਤਾ

ਇਹ ਪਰਮੇਸ਼ੁਰ ਦੀ ਹਲਚਲ ਉਦੋਂ ਸੰਕੇਤ ਹੁੰਦੀ ਸੀ ਜਦੋਂ ਇਸਰਾਏਲ ਦਾ ਮਹਾਂਜਾਜਕ ਪਵਿੱਤਰ ਤੋਂ ਪਵਿੱਤਰਤਾ ਦੀ ਥਾਂ ਵਿੱਚ ਦਾਖਿਲ ਹੁੰਦਾ ਸੀ।

ਜਦੋਂ ਵਿਸ਼ਵਾਸੀ ਪਰਮੇਸ਼ੁਰ ਦੀ ਹਜ਼ੂਰੀ ਪਵਿੱਤਰ ਤੋਂ ਪਵਿੱਤਰਤਾ ਵਿੱਚ ਦਾਖ਼ਿਲ ਹੁੰਦੇ ਹਨ। ਤਾਂ ਉਹ ਸਵਰਗੀਏ ਪਿਤਾ ਨਾਲ ਨਜ਼ਦੀਕੀ ਵਿਅਕਤੀਗਤ ਸੰਬੰਧ ਬਣਾ ਰਹੇ ਹਨ।

ਕਦੀ ਵੀ ਇਹ ਸਮਾਂ ਨਹੀਂ ਆਇਆ ਜਦੋਂ ਇਹ ਸੁਣਨਾ ਮਹੱਤਵਪੂਰਨ ਸੀ ਕਿ ਪਿਤਾ ਕੀ ਕਰ ਰਿਹਾ ਹੈ ਅਤੇ ਕੀ ਬੋਲਣਾ ਹੈ ਅਤੇ ਕੀ ਦੇਖ ਰਿਹਾ ਹੈ। ਯਿਸੂ ਨੇ ਆਖਿਆ ਉਹ ਨੇ ਉਹੀ ਕੀਤਾ ਜੋ ਉਹ ਨੇ ਪਿਤਾ ਨੂੰ ਕਰਦੇ ਵੇਖਿਆ। ਇਸ ਵਿੱਚ ਯਿਸੂ ਦੇ ਪਿੱਛੇ ਚੱਲਣ ਅਤੇ ਸਾਨੂੰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਦਾਖ਼ਿਲ ਹੋਣਾ ਚਾਹੀਦਾ ਹੈ।

**ਯੂਹੰਨਾ 5:19 ਉਪਰੰਤ ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, "ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਪੁੱਤ੍ਰ ਆਪ ਤੋਂ ਕੁਝ ਨਹੀਂ ਕਰ ਸਕਦਾ ਪਰ ਜੋ ਕੁਝ ਉਹ ਪਿਤਾ ਨੂੰ ਕਰਦਿਆਂ ਵੇਖਦਾ ਹੈ ਕਿਉਂਕਿ ਜੋ ਕੰਮ ਉਹ ਕਰਦਾ ਹੈ ਸੋ ਪੁੱਤ੍ਰ ਵੀ ਉਵੇਂ ਹੀ ਕਰਦਾ ਹੈ।"**

ਤਦ ਯਿਸੂ ਨੇ ਸਾਰੀਆਂ ਗੱਲਾਂ ਚੇਲਿਆਂ ਨੂੰ ਸਿਖਾਈਆਂ ਜਿਹੜੀਆਂ ਉਸ ਨੇ ਕੀਤੀਆਂ।

**ਯੂਹੰਨਾ 14:12 "ਮੈਂ ਤੁਹਾਨੂੰ, ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ।"**

## ਅੰਤ ਦੇ ਸਮੇਂ ਪਰਮੇਸ਼ੁਰ ਦੀ ਹਲਚਲ

ਅੰਤ ਦੇ ਦਿਨਾਂ ਵਿੱਚ ਯਿਸੂ ਦੇ ਮੁੜਨ ਤੋਂ ਪਹਿਲਾਂ, ਪਰਮੇਸ਼ੁਰ ਦੀ ਮਹਿਮਾ ਪ੍ਰਗਟ ਹੋਵੇਗੀ। ਉੱਥੇ ਪਿਤਾ ਦੀ ਇੱਕ ਤੇਜ਼ ਹਜ਼ੂਰੀ ਹੋਵੇਗੀ ਅਤੇ ਉਸ ਦੀ ਸ਼ਕਤੀ ਦੀ ਲਹਿਰ ਚਿੰਨ੍ਹਾਂ ਅਤੇ ਅਦਭੁੱਤ ਕੰਮਾਂ ਦੁਆਰਾ ਪ੍ਰਗਟ ਹੋਵੇਗੀ।

### ਚਮਤਕਾਰਾਂ ਲਈ ਵਿਸ਼ਵਾਸ

ਨਬੀਆਂ ਦੇ ਸਮੇਂ ਉੱਥੇ ਹੋਵੇਗਾ:

- ਈਸ਼ਵਰੀਏ ਪ੍ਰਕਾਸ਼ਣ ਦੀ ਮਜ਼ਬੂਰ ਹਲਚਲ
- ਉਹ ਦੀ ਸ਼ਕਤੀ ਦੇ ਨਾਲ ਚਮਤਕਾਰਾਂ, ਚਿੰਨ੍ਹਾਂ ਅਤੇ ਅਦਭੁੱਤ ਕੰਮਾਂ ਦੀ ਲਹਿਰ
- ਅਸੰਭਵ ਲਈ ਹੌਂਸਲੇ ਦਾ ਵਿਸ਼ਵਾਸ
- ਸ਼ੈਤਾਨ ਦੀ ਸ਼ਕਤੀ ਨਾਲ ਅਲੌਕਿਕ ਮੁਕਾਬਲਾ
- ਪਰਮੇਸ਼ੁਰ ਦੀ ਮਹਿਮਾ ਦਾ ਪ੍ਰਗਟਾਵਾ ਅਤੇ ਭਾਰੀ ਮਸਹ

**ਯਸਾਯਾਹ 59:19 ਤਾਂ ਉਹ ਯਹੋਵਾਹ ਦੇ ਨਾਮ ਤੋਂ ਲਹਿੰਦਿਓਂ ਅਤੇ ਉਹ ਦੇ ਪਰਤਾਪ ਤੋਂ ਸੂਰਜ ਦੇ ਚੜ੍ਹਦਿਓਂ ਡਰਨਗੇ, ਕਿਉਂ ਜੋ ਉਹ ਹੜ੍ਹ ਵਾਲੀ ਨਦੀ ਆਵੇਗਾ, ਜਿਹ ਨੂੰ ਯਹੋਵਾਹ ਦਾ ਸਾਹ ਰੋੜ੍ਹਦਾ ਹੈ।**

### ਆਤਮਾਵਾਂ ਦੀ ਫਸਲ ਦੀ ਵਾਢੀ

ਲੱਗਭੱਗ ਸਾਰੇ ਜਗਤ ਦੇ, ਮਸੀਹ ਸੋਚਦੇ ਹਨ ਕਿ ਪਰਮੇਸ਼ੁਰ ਦਾ ਇਹ ਵਿਸ਼ਾਲ ਸਮਾਂ ਵਾਢੀ ਲਈ ਹੈ। ਮਸੀਹਤ ਦੇ ਮੁੱਖ ਸਰੋਤੇ 2000 ਹਜ਼ਾਰ ਸਾਲ ਦੇ ਵੱਲ ਇੱਕ ਨਿਸ਼ਾਨਾ ਰੱਖ ਕੇ ਕੇਂਦਰਿਤ ਹੋਏ ਹਨ ਕਿ ਇਹ ਮਹਾਨ ਆਗਿਆ ਦੀ ਪੂਰਨਤਾ ਲਈ ਹੈ।

ਉੱਥੇ ਨਵੇਂ ਨੇਮ ਵਿੱਚ ਇੱਕ ਤਰੋਤਾਜ਼ੀ ਪਰਿਵਰਤਨਸ਼ੀਲਤਾ ਦੇ ਵਰਦਾਨਾਂ ਨਾਲ ਇਸ ਪੀੜ੍ਹੀ ਵਿੱਚ ਸ਼ੁੱਭ-ਸਮਾਚਾਰ ਦੇ ਪ੍ਰਚਾਰ ਲਈ ਇੱਕ ਨਵੀਂ ਬੁਲਾਹਟ ਅਤੇ ਦਸ ਸਾਲਾਂ ਦਾ ਸਮਾਂ ਹੈ।

ਉੱਥੇ ਪਰਮੇਸ਼ੁਰ ਦੀ ਸ਼ਕਤੀ ਦੀ ਇੱਕ ਨਵੀਂ ਲਹਿਰ ਹੈ ਅਤੇ ਬਾਈਬਲ ਸਕੂਲਾਂ ਜਾਂ ਮਿਸ਼ਨਾਂ ਅਤੇ ਗੁਦਾਮਾਂ ਦੇ ਲਈ ਜ਼ਿਆਦਾ ਲੰਬੇ ਸਮੇਂ ਤੱਕ ਸੀਮਿਤ ਨਹੀਂ ਹੈ। ਮਸੀਹ ਉਨ੍ਹਾਂ ਦੇ ਦਿਲਾਂ ਵਿੱਚ ਪਵਿੱਤਰ-ਆਤਮਾ ਦੀ ਬੇਦਾਰੀ ਸ਼ੁੱਭ-ਸਮਾਚਾਰ ਦੇ ਪ੍ਰਚਾਰ ਲਈ ਇੱਕ ਨਵਾਂ ਜੋਸ਼ ਅਤੇ ਚੁਣੌਤੀ ਵੇਖਦੇ ਹਨ।

ਮਿਸ਼ਨਾਂ ਦੇ ਯੁੱਧ ਦੀ ਦੁਹਾਈ ਹੋਰ ਵੀ ਸਪੱਸ਼ਟ ਹੋ ਚੁੱਕੀ ਹੈ। ਇਨ੍ਹਾਂ ਦਸਾਂ ਸਾਲਾਂ ਵਿੱਚ ਖੁਸ਼ਖ਼ਬਰੀ ਦਾ ਪ੍ਰਚਾਰ ਸੰਸਾਰ ਲਈ ਇੱਕ ਸਚਿਆਈ ਬਣ ਜਾਵੇਗਾ।

ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਪੈਲੀਆਂ ਵਾਢੀ ਦੇ ਲਈ ਪੀਲੀਆਂ ਹੋ ਗਈਆਂ ਹਨ।

**ਯੂਹੰਨਾ 4:35 "ਕੀ ਤੁਸੀਂ ਨਹੀਂ ਆਖਦੇ ਕਿ ਅਜੇ ਚਾਰ ਮਹੀਨੇ ਹਨ ਤਦ ਵਾਢੀ ਹੋਵੇਗੀ? ਵੇਖੋ ਮੈਂ ਤੁਹਾਨੂੰ ਆਖਦਾ ਹਾਂ ਜੋ ਆਪਣੀਆਂ ਅੱਖਾਂ ਚੁੱਕੋ ਅਤੇ ਪੈਲੀਆਂ ਨੂੰ ਵੇਖੋ ਜੋ ਉਹ ਵਾਢੀ ਦੇ ਲਈ ਪੱਕ ਕੇ ਪੀਲੀਆਂ ਹੋ ਗਈਆਂ!"**

ਸ਼ੁੱਭ-ਸਮਾਚਾਰ ਦੇ ਪ੍ਰਚਾਰ ਵਿੱਚ ਇਹ ਵਾਢੀ ਦਾ ਸਮਾਂ ਹੈ:

## ਸ਼ੈਤਾਨ ਦੀਆਂ ਰੁਕਾਵਟਾਂ

ਸ਼ੁੱਭ-ਸਮਾਚਾਰ ਦੇ ਪ੍ਰਚਾਰ ਨੂੰ ਰੋਕਣ ਲਈ ਸ਼ੈਤਾਨ ਹਰ ਗੱਲ ਸੰਭਵ ਕਰੇਗਾ। ਸ਼ੈਤਾਨ ਸ਼ੁੱਭ-ਸਮਾਚਾਰ ਦੇ ਪ੍ਰਚਾਰ ਦੀ ਹਰ ਸ਼ੈਲੀ ਨੂੰ ਨਫ਼ਰਤ ਕਰਦਾ ਹੈ। ਉਹ ਨਫ਼ਰਤ ਕਰਦਾ ਹੈ:

- ਵਿਅਕਤੀਗਤ ਸ਼ੁੱਭ-ਸਮਾਚਾਰ ਦੇ ਪ੍ਰਚਾਰ ਨੂੰ
- ਸ਼ੁੱਭ-ਸਮਾਚਾਰ ਦੇ ਪ੍ਰਚਾਰਕਾਂ ਨੂੰ
- ਸ਼ੁੱਭ-ਸਮਾਚਾਰ ਦੇ ਪ੍ਰਚਾਰ ਨਾਲ ਜੁੜੇ ਯਤਨਾਂ ਨੂੰ
- ਚਮਤਕਾਰੀ ਸ਼ੁੱਭ-ਸਮਾਚਾਰ ਦੇ ਪ੍ਰਚਾਰ ਨਾਲ
- ਸ਼ੈਤਾਨ ਪਰਮੇਸ਼ੁਰ ਦੀ ਹਰ ਹਲਚਲ ਨਾਲ ਨਫ਼ਰਤ ਕਰਦਾ ਹੈ।

ਰਸੂਲਾਂ ਦੇ ਕਰਤੱਬ ਵਿੱਚ ਸਾਡੇ ਕੋਲ ਸਮਰਪਣ ਬਾਰੇ ਪੌਲੁਸ ਦਾ ਇੱਕ ਕਥਨ ਅਗ੍ਰਿਪਾ ਨੂੰ ਹੈ ਉਹ ਇਸ ਖੁਸ਼ਖ਼ਬਰੀ ਨੂੰ ਲੈ ਕੇ ਸ਼ੈਤਾਨ ਦੇ ਵਿਰੁੱਧ ਵਿੱਚ ਲੈ ਕੇ ਹਾਜ਼ਿਰ ਹੁੰਦਾ ਹੈ।

**ਰਸੂਲਾਂ ਦੇ ਕਰਤੱਬ 26:19-23 "ਸੋ ਹੇ ਰਾਜਾ ਅਗ੍ਰਿੱਪਾ, ਮੈਂ ਉਸ ਸੁਰਗੀ ਦਰਸ਼ਣ ਤੋਂ ਬੇਮੁੱਖ ਨਾ ਹੋਇਆ ਸਗੋਂ ਪਹਿਲਾਂ ਦੰਮਿਸਕ ਦੇ ਰਹਿਣ ਵਾਲਿਆਂ ਨੂੰ ਅਤੇ ਯਰੂਸ਼ਲਮ ਅਤੇ ਸਾਰੇ ਯਹੂਦਿਯਾ ਦੇਸ਼ ਵਿੱਚ ਅਤੇ ਪਰਾਈਆਂ ਕੌਮਾਂ ਨੂੰ ਵੀ ਉਪਦੇਸ਼ ਕੀਤਾ ਭਈ ਤੋਬਾ ਕਰੋ ਅਤੇ ਪਰਮੇਸ਼ੁਰ ਦੀ ਵੱਲ ਮੁੜੋ ਅਤੇ ਤੋਬਾ ਦੇ ਲਾਇਕ ਕੰਮ ਕਰੋ। ਇਨ੍ਹਾਂ ਹੀ ਗੱਲਾਂ ਕਰਕੇ ਯਹੂਦੀਆਂ ਨੇ ਮੈਨੂੰ ਹੈਕਲ ਵਿੱਚ ਫੜ ਲਿਆ ਅਤੇ ਮੇਰੇ ਮਾਰ ਸੁੱਟਣ ਦੇ ਪਿੱਛੇ ਪਏ।"**

**"ਸੋ ਪਰਮੇਸ਼ੁਰ ਦੀ ਮਦਦ ਪਾ ਕੇ ਮੈਂ ਅੱਜ ਤਾਈਂ ਖੜਾ ਹਾਂ ਅਤੇ ਛੋਟੇ ਵੱਡੇ ਦੇ ਅੱਗੇ ਸਾਖੀ ਦਿੰਦਾ ਹਾਂ ਅਰ ਜਿਹੜੀਆਂ ਗੱਲਾਂ ਨਬੀਆਂ ਨੇ ਅਤੇ ਮੂਸਾ ਨੇ ਆਖੀਆਂ ਸਨ ਭਈ ਹੋਣਗੀਆਂ ਉਨ੍ਹਾਂ ਤੋਂ ਬਿਨ੍ਹਾਂ ਹੋਰ ਮੈਂ ਕੁਝ ਨਹੀਂ ਕਹਿੰਦਾ ਕਿ ਜ਼ਰੂਰ ਹੈ ਜੋ ਮਸੀਹ ਦੁੱਖ ਝੱਲੇ ਅਤੇ ਪਹਿਲਾਂ ਉਹ ਮੁਰਦਿਆਂ ਦੇ ਜੀ ਉੱਠਣ ਤੋਂ ਐਸ ਕੌਮ ਅਤੇ ਪਾਰਈਆਂ ਕੌਮਾਂ ਨੂੰ ਵੀ ਚਾਨਣ ਦਾ ਪਰਚਾਰ ਕਰੇ।"**

## ਮਹਾਨ ਯੋਧੇ

ਪਰਮੇਸ਼ੁਰ ਜੋ ਲੋਕ ਪਹੁੰਚ ਤੋਂ ਬਾਹਰ ਹਨ ਉਨ੍ਹਾਂ ਲਈ ਮਹਾਨ ਯੋਧਿਆਂ ਨੂੰ ਇੱਕ ਇੱਕ ਬੋਝ ਅਤੇ ਦਰਸ਼ਣ ਨਾਲ ਉਠਾ ਰਿਹਾ। ਸੇਵਕਾਈਆਂ ਦਾ ਪੰਜ ਗੁਣਾ ਪੁਨਰ ਨਿਰਮਾਣ ਹੈ। ਗੁਵਾਚੇ ਹੋਇਆਂ ਦੇ ਕੋਲ ਪਹੁੰਚਣ ਵਾਲੇ ਕੰਮ ਵਿੱਚ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਸਾਂਝੀ ਹੋਈਏ ਜਿਵੇਂ ਕਿ ਇਹ ਕੰਮ ਪਿਤਾ ਦੇ ਦਿਲ ਦੇ ਬਹੁਤ ਨੇੜੇ ਹੈ।

ਅਸੀਂ ਇਸਰਾਏਲ ਦੇ ਉਨ੍ਹਾਂ ਮਹਾਨ ਵਿਅਕਤੀਆਂ ਨਾਲ ਜੁੜ ਸਕਦੇ ਹਾਂ ਜਿਨ੍ਹਾਂ ਨੂੰ ਆਖਿਆ ਗਿਆ ਸੀ, "ਜੋ ਨਿੱਕਾ ਹੈ ਇੱਕ ਸੌ ਤੇ ਭਾਰੀ ਹੋਵੇ, ਜੋ ਬਹੁਤ ਵੱਡਾ ਹੈ ਉਹ ਇੱਕ ਹਜ਼ਾਰ ਤੇ।"

**1 ਇਤਿਹਾਸ 12:14,15 ਏਹ ਗਾਦੀਆਂ ਵਿੱਚੋਂ ਸੈਨਾਪਤੀ ਸਨ ਇਨ੍ਹਾਂ ਵਿੱਚੋਂ ਜਿਹੜਾ ਸਭਨਾਂ ਨਾਲੋਂ ਨਿੱਕਾ ਸੀ, ਉਹ ਸੌ ਜੁਆਨਾਂ ਦੇ ਤੁੱਲ ਸੀ, ਅਰ ਜਿਹੜਾ ਸਾਰਿਆਂ ਤੋਂ ਵੱਡਾ ਸੀ, ਉਹ ਹਜ਼ਾਰ ਜੁਆਨ ਦੇ ਸਮਾਨ ਸੀ ਏਹ ਉਹ ਹਨ ਜਿਹੜੇ ਪਹਿਲੇ ਮਹੀਨੇ ਵਿੱਚ ਜਦ ਯਰਦਨ ਨਦੀ ਸਾਰੇ ਕੰਢਿਆਂ ਉੱਤੇ ਚੜ੍ਹੀ ਹੋਈ ਸੀ ਪਾਰ ਉਤਰੇ ਅਤੇ ਦੂਣਾਂ ਦੇ ਸਭਨਾਂ ਵਸਨੀਕਾਂ ਨੂੰ ਚੜ੍ਹਦੀ ਅਰ ਲਹਿੰਦੀ ਵੱਲ ਨਸਾ ਦਿੱਤਾ**

ਯਿਸੂ ਨੇ ਹਿੰਸਾਤਮਕ ਜ਼ਰੂਰਤ ਬਾਰੇ ਬੋਲਿਆ

**ਮੱਤੀ 11:12 "ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਤੋਂ ਹੁਣ ਤੋੜੀ ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ ਅਤੇ ਜ਼ੋਰ ਮਾਰਨ ਵਾਲੇ ਉਸ ਨੂੰ ਖੋਹ ਲੈਂਦੇ ਸਨ।"**

ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਸਾਨੂੰ ਪਰਮੇਸ਼ੁਰ ਦੇ ਮਹਾਨ ਯੋਧਿਆਂ ਲਈ ਜ਼ੋਰ ਦੇਣ ਵਾਲਿਆਂ ਕੰਮਾਂ ਦੀ ਇੱਕ ਸੂਚੀ ਦਿੱਤੀ।

**ਇਬਰਾਨੀਆਂ 11:33 ... ਜਿਨ੍ਹਾਂ ਨੇ ਨਿਹਚਾ ਦੇ ਰਾਹੀਂ ਪਾਤਸ਼ਾਹੀਆਂ ਨੂੰ ਫਤਹ ਕੀਤਾ, ਧਰਮ ਦੇ ਕੰਮ ਕੀਤੇ, ਵਾਇਦਿਆਂ ਨੂੰ ਪ੍ਰਾਪਤ ਕੀਤਾ, ਬੱਬਰ ਸ਼ੇਰਾਂ ਦੇ ਮੂੰਹ ਬੰਦ ਕੀਤੇ...**

## ਵਿਸ਼ਵ-ਯੁੱਧ ਲਈ ਤਿਆਰੀ

ਯੁੱਧ ਤੋਂ ਬਿਨ੍ਹਾਂ ਸ਼ੈਤਾਨ ਅਤੇ ਉਸ ਦੇ ਦੂਤ ਮਨੁੱਖਾਂ ਦੇ ਪ੍ਰਾਣਾਂ ਨੂੰ ਨਹੀਂ ਛੱਡਣਗੇ।

ਸਾਨੂੰ ਖ਼ੁਦਾ ਦੇ ਯੁੱਧ ਦੇ ਬਾਰੇ ਇਸ ਕੰਮ ਨੂੰ ਸਿੱਖਣਾ ਜ਼ਰੂਰੀ ਹੈ ਇਹ ਇੱਕ ਆਤਮਿਕ ਯੁੱਧ ਹੈ।

ਪਰਮੇਸ਼ੁਰ ਨੇ ਯੁੱਧ ਲਈ ਪ੍ਰਭਾਵਸ਼ਾਲੀ ਯੁੱਧ ਕਲਾ ਪ੍ਰਗਟ ਕੀਤੀ ਹੈ।

## ਉਤਾਹਾਂ ਤੋਂ ਬੁੱਧੀ

ਇਸ ਯੁੱਧ ਦੇ ਬਾਰੇ ਸਾਨੂੰ ਹੋਰ ਗਿਆਨ ਹੋਣਾ ਜ਼ਰੂਰੀ ਹੈ। ਪਰਮੇਸ਼ੁਰ ਵਿਸ਼ਵ ਯੁੱਧ ਦੀ ਕਲਾ ਦੇ ਪ੍ਰਭਾਵ ਨੂੰ ਪ੍ਰਗਟ ਕਰ ਚੁੱਕਾ ਹੈ। ਇਸ ਲੜਾਈ ਵਿੱਚ, ਸਾਨੂੰ ਜਾਨਣ ਦੀ ਲੋੜ ਹੈ ਕਿ ਸਾਡਾ ਵੈਰੀ ਕੌਣ ਹੈ-ਉਨ੍ਹਾਂ ਦੇ ਨਾਮ, ਉਨ੍ਹਾਂ ਦੇ ਉਦੇਸ਼, ਅਤੇ ਇਹ ਯੁੱਧ ਕਿਸ ਥਾਂ ਤੇ ਹੋਵੇਗਾ।

## ਪਵਿੱਤਰ ਆਤਮਾ ਦੀ ਸ਼ਕਤੀ

ਸਾਨੂੰ ਪਵਿੱਤਰ ਆਤਮਾ ਦੀ ਸ਼ਕਤੀ ਦੀ ਇਸ ਤਰ੍ਹਾਂ ਲੋੜ ਹੈ ਜਿਵੇਂ ਪਹਿਲਾਂ ਸਾਨੂੰ ਕਦੀ ਵੀ ਨਹੀਂ ਸੀ। ਸਾਨੂੰ ਪਰਮੇਸ਼ੁਰ ਦੀ ਇੱਛਾ ਨੂੰ ਸਮਝਣ ਲਈ ਇੱਕ ਸਮਝ ਦੀ ਲੋੜ ਹੈ ਅਤੇ ਪਰਮੇਸ਼ੁਰ ਦੀ ਯੁੱਧ ਕਲਾ ਯੁੱਧ ਦੇ ਜੰਤੂਆਂ ਲਈ।

## ਆਤਮਿਕ ਅੱਖਾਂ ਦਾ ਖੁੱਲਣਾ

ਪਰਮੇਸ਼ੁਰ ਆਉਣ ਵਾਲੀਆਂ ਗੱਲਾਂ ਨੂੰ ਪ੍ਰਗਟ ਕਰ ਰਿਹਾ ਅਤੇ ਜੋ ਅਸੀਂ ਕਰਨ ਵਾਲੇ ਹਾਂ ਉਨ੍ਹਾਂ ਬਾਰੇ ਗੰਭੀਰ ਸਿੱਖਿਆਵਾਂ ਦੇ ਰਿਹਾ ਹੈ। ਸਾਨੂੰ ਆਪਣੀਆਂ ਆਤਮਿਕ ਅੱਖਾਂ ਜ਼ਰੂਰ ਖੋਲਣੀਆਂ ਚਾਹੀਦੀਆਂ ਹਨ ਅਤੇ ਆਪਣੇ ਦਿਲਾਂ ਨੂੰ ਯੁੱਧ ਲਈ ਤਿਆਰ ਕਰਨਾ ਚਾਹੀਦਾ ਹੈ।

ਯਿਸੂ ਨੇ ਕਿਹਾ ਉਸ ਦੀ ਕਲੀਸਿਯਾ ਦੇ ਵਿਰੋਧ ਵਿੱਚ ਨਰਕ ਦੇ ਦਰਵਾਜ਼ੇ ਪ੍ਰਬਲ ਨਹੀਂ ਹੋਣਗੇ।

**ਮੱਤੀ 16:18 "ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ ਪਤਰਸ ਹੈਂ ਅਤੇ ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ਼ ਨਾ ਚੱਲੇਗਾ।"**

ਇਸ ਦਾ ਮਤਲਬ ਹੈ ਕਿ ਨਰਕ ਦੇ ਦਰਵਾਜ਼ੇ ਜਾਂ ਕਲੀਸਿਯਾ ਦੇ ਹਮਲੇ ਸਾਹਮਣੇ ਖੜ੍ਹੇ ਹੋਣ ਲਈ ਜ਼ਿਆਦਾ ਮਜ਼ਬੂਤ ਨਹੀਂ ਹਨ।

ਕਲੀਸਿਯਾ ਨੂੰ ਆਕਰਮਣਾਤਮਕ ਹੋਣਾ ਹੈ। ਇਹ ਦੇ ਦਰਵਾਜਿਆਂ ਦੇ ਪਿੱਛੇ ਲੁੱਕਣ ਦੇ ਬਾਵਜੂਦ, ਕਲੀਸਿਯਾ ਸ਼ੈਤਾਨ ਦੇ ਮਜ਼ਬੂਤ ਬੰਧਨਾਂ ਉੱਤੇ ਤੂਫਾਨ ਵਾਂਗੂ ਲਿਆ ਕਰੇ।

## ਸਿੱਟਾ

ਪਰਮੇਸ਼ੁਰ ਦੀ ਆਤਮਾ ਕਲੀਸਿਯਾ ਨੂੰ ਸ਼ਸ਼ਤਰਾਂ ਲਈ ਪੁਕਾਰ ਰਿਹਾ ਹੈ। ਪਰਮੇਸ਼ੁਰ ਸੀਯੋਨ ਵਿੱਚ ਤੁਰ੍ਹੀ ਵਜਾ ਰਿਹਾ ਹੈ। ਪਰਮੇਸ਼ੁਰ ਦੇ ਘਰ ਵਿੱਚ ਇੱਕ ਵੱਡਾ ਹੰਗਾਮਾ ਹੈ।

ਸ਼ੈਤਾਨ ਅਤੇ ਝੂਠੇ ਨਬੀਆਂ ਨੇ ਪਰਮੇਸ਼ੁਰ ਦੇ ਸੰਤਾਂ ਵਿਰੁੱਧ ਯੁੱਧ ਦੀ ਘੋਸ਼ਣਾ ਕੀਤੀ ਹੈ। ਪਰ ਪਰਮੇਸ਼ੁਰ ਨੇ ਤਿਆਰੀ ਸ਼ੁਰੂ ਕੀਤੀ ਹੈ। ਉਹ ਇੱਕ ਵੱਡੀ ਫ਼ੌਜ਼ ਨੂੰ ਉਠਾ ਰਿਹਾ ਹੈ ਜਿਹੜੀ ਲਹੂ ਨਾਲ ਖਰੀਦੀ ਹੋਈ ਜਿੱਤ ਦੇ ਲਈ ਅੱਗੇ ਜਾਵੇਗੀ। ਇਹ ਫ਼ੌਜ਼ ਤਾਕਤ ਨਾਲ ਰਾਜ ਨੂੰ ਲਵੇਗੀ ਅਤੇ ਚਮਤਕਾਰੀ ਸ਼ੁੱਭ-ਸਮਾਚਾਰ ਦੇ ਪ੍ਰਚਾਰ ਲਈ ਇੱਕ ਬੇਦਾਰੀ ਲਿਆਵੇਗੀ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਇਸ ਅਧਿਆਇ ਵਿੱਚ ਪਰਮੇਸ਼ੁਰ ਦੀਆਂ ਕਿਹੜੀਆਂ ਤਿੰਨ ਲਹਿਰਾਂ ਦਾ ਵਰਣਨ ਹੈ? ਹੁਣ ਅਸੀਂ ਪਰਮੇਸ਼ੁਰ ਦੀਆਂ ਕਿਹੜੀਆਂ ਲਹਿਰਾਂ ਦੇ ਵਿੱਚੋਂ ਲੰਘ ਰਹੇ ਹਾਂ?

2. ਪਰਮੇਸ਼ੁਰ ਦੀ ਤੀਜੀ ਲਹਿਰ ਵਿੱਚ ਕਿਹੜੇ ਆਤਮਿਕ ਵਰਦਾਨ ਪ੍ਰਸਿੱਧ ਹੋਣਗੇ।

3. ਸਾਨੂੰ ਆਪਣੇ ਆਪ ਨੂੰ ਪ੍ਰਭਾਵਸ਼ਾਲੀ ਆਤਮਿਕ ਯੁੱਧ ਲਈ ਅੰਤ ਦੇ ਸਮੇਂ ਦੀ ਲਹਿਰ ਵਿੱਚ ਕਿਵੇਂ ਤਿਆਰ ਕਰਨਾ ਹੈ?

## ਅਧਿਆਇ ਤਿੰਨ

## *ਜੇਤੂ ਕਲੀਸੀਆ*

ਕਲੀਸੀਆ ਦੀ ਧਰਤੀ ਤੇ ਇੱਕ ਬਹੁਤ ਹੀ ਸ਼ਕਤੀਸ਼ਾਲੀ ਤਾਕਤ ਹੈ ਜਿਸ ਕਲੀਸੀਆ ਬਾਰੇ ਯਿਸੂ ਨੇ ਆਖਿਆ ਉਹ ਬਣਾਵੇਗਾ ਉਹ ਜੇਤੂ ਅਤੇ ਕਾਮਯਾਬ ਸੀ।

ਯਿਸੂ ਨੇ ਆਖਿਆ :

**ਮੱਤੀ 16:18 ਅ "ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ ਅਤੇ ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ।"**

ਬਹੁਤੇ ਆਪਣੇ ਰੀਤੀ ਰਿਵਾਜ਼ਾਂ ਦੇ ਨਮੂਨੇ ਅਤੇ ਤਰੀਕਿਆਂ ਨੂੰ ਲੈ ਕੇ ਕਲੀਸੀਆਵਾਂ ਦਾ ਨਿਰਮਾਣ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਜ਼ਰੂਰਤ ਹੈ ਕਿ ਅਸੀਂ ਰੀਤੀ-ਰਿਵਾਜ਼ਾਂ ਅਤੇ ਆਪਣੇ ਵਿਚਾਰਾਂ ਨੂੰ ਇੱਕ ਪਾਸੇ ਰੱਖੀਏ ਅਤੇ ਆਉ ਯਿਸੂ ਨੂੰ ਉਸ ਦੀ ਯੋਜਨਾ ਮਸੀਹ ਦੀ ਦੇਹ ਲਈ ਪ੍ਰਗਟ ਕਰਨ ਦਈਏ।

### ਕਲੀਸੀਆ ਦੀ ਪੁਨਰ ਸਥਾਪਨਾ

ਪਰਮੇਸ਼ੁਰ ਇੱਕ ਵਾਰ ਫਿਰ ਹਲਚਲ ਕਰ ਰਿਹਾ ਹੈ। ਪਹਿਲੀਆਂ ਲਹਿਰਾਂ ਤੋਂ ਪਰਮੇਸ਼ੁਰ ਦੀ ਇਹ ਆਖ਼ਰੀ ਲਹਿਰ ਵੱਖਰੀ ਹੈ। ਇਹ ਹਲਚਲ ਉੱਪਰ ਤੋਂ ਸਾਰਿਆਂ ਨੂੰ ਦਿੱਸਣ ਵਾਸਤੇ ਜਾ ਰਹੀ ਹੈ ਅਤੇ ਇਹ ਜਗਤ ਨੂੰ ਉਲਟਾ ਪੁਲਟਾ ਕਰ ਦੇਵੇਗੀ! ਪਰਮੇਸ਼ੁਰ ਇੱਕ ਮਹਾਨ ਫ਼ੌਜ਼ ਨੂੰ ਤਿਆਰ ਕਰ ਰਿਹਾ ਹੈ ਜੋ ਰੋਕੀ ਨਹੀਂ ਜਾ ਸਕਦੀ।

ਵਿਸ਼ਵਵਿਆਪੀ ਇਹ ਵਾਢੀ ਲਈ ਵਿਸ਼ਵਵਿਆਪੀ ਪਰਮੇਸ਼ੁਰ ਦਾ ਸਮਾਂ ਹੈ। ਪਰਮੇਸ਼ੁਰ ਕਲੀਸੀਆ ਦਾ ਪੁਨਰ ਨਿਰਮਾਣ ਕਰ ਰਿਹਾ ਹੈ ਕਿ ਉਹ ਸ਼ੁੱਭ-ਸਮਾਚਾਰ ਨੂੰ ਧਰਤੀ ਦੇ ਅੰਤ ਤੱਕ ਲੈ ਕੇ ਜਾਵੇ।

ਅਸੀਂ ਕਹਾਂਗੇ ਯੋਏਲ ਨਬੀ ਨੇ ਕੀ ਆਖਿਆ ਜਦੋਂ ਉਸ ਨੇ ਲਿਖਿਆ:

**ਯੋਏਲ 1:2 ਏਹ ਸੁਣੋ, ਹੇ ਬੁੱਢਿਓ ਦੇਸ਼ ਦੇ ਸਾਰੇ ਵਾਸੀਓ ਕੰਨ ਲਾਓ ਤੁਹਾਡਿਆਂ ਦਿਨਾਂ ਵਿੱਚ, ਜਾਂ ਤੁਹਾਡੇ ਪਿਉ ਦਾਦਿਆਂ ਦੇ ਦਿਨਾਂ ਵਿੱਚੋਂ ਏਹ ਹੋਇਆ?**

ਜਦੋਂ ਪਰਮੇਸ਼ੁਰ ਆਪਣੀ ਮਹਿਮਾ ਦੀ ਪੁਨਰ ਸਥਾਪਨਾ ਵਾਸਤਵਿਕ ਦੀ ਮਜ਼ਦੂਰੀ ਵਿੱਚ ਸਥਾਨਕ ਕਲੀਸੀਆ ਵਿੱਚ ਕਰਦਾ ਹੈ। ਲੋਕ ਸਮੇਂ ਲਈ ਚਮਕਦੇ ਤਾਰੇ ਦੀ ਤਰ੍ਹਾਂ ਸੇਵਕਾਈਆਂ ਨਹੀਂ ਕਰਨਗੇ।

ਬਹੁਤ ਸਾਰੇ ਲੋਕ ਚਿੰਨ੍ਹਾਂ ਅਤੇ ਚਮਤਕਾਰਾਂ ਨੂੰ ਸਾਡੇ ਸ਼ਹਿਰਾਂ ਦੀਆਂ ਗਲੀਆਂ ਵਿੱਚ ਵੇਖ ਅਤੇ ਮਹਿਸੂਸ ਕਰ ਸਕਦੇ ਹਨ ਜਦੋਂ ਪਰਮੇਸ਼ੁਰ ਆਪਣੇ ਵਚਨ ਨੂੰ ਆਤਮਾ ਨਾਲ ਭਰੇ ਹੋਏ ਵਿਸ਼ਵਾਸੀਆਂ ਦੇ ਰਾਹੀਂ ਦ੍ਰਿੜ ਕਰਦਾ ਹੈ। ਉਹ ਵੱਡੀ ਗਿਣਤੀ ਵਿੱਚ ਗਿਰਜਾ ਘਰਾਂ ਵਿੱਚ ਖਿੱਚੇ ਜਾਂਦੇ ਹਨ ਜਿੱਥੇ ਪਰਮੇਸ਼ੁਰ ਦੀ ਮਹਿਮਾ ਪ੍ਰਗਟ ਹੁੰਦੀ ਹੈ।

ਪਿਤਾ ਦੀ ਮਹਿਮਾ ਦੀ ਹਜ਼ੂਰੀ ਅਤੇ ਉਸਦੇ ਆਤਮਾ ਦਾ ਸ਼ਕਤੀਸ਼ਾਲੀ ਪ੍ਰਗਟੀਕਰਨ, ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਦੀਆਂ ਮਹਾਨ ਲਹਿਰਾਂ ਦਾ ਨਤੀਜ਼ਾ ਹੋਵੇਗਾ।

ਸ਼ੁੱਭ-ਸਮਾਚਾਰ ਪ੍ਰਚਾਰ ਦੇ ਪੁਰਾਣੇ ਤਰੀਕੇ ਫੇਲ ਹੋ ਗਏ ਹਨ। ਪਰ ਜਦੋਂ ਵਿਸ਼ਵਾਸੀ ਪਰਮੇਸ਼ੁਰ ਦੀ ਸ਼ਕਤੀ ਦੇ ਪ੍ਰਦਰਸ਼ਨ ਵਿੱਚ ਵਹਿੰਦੇ ਅਤੇ ਚਮਤਕਾਰੀ ਸ਼ੁੱਭ-ਸਮਾਚਾਰ

ਪ੍ਰਚਾਰ ਵਿੱਚ ਕੰਮ ਕਰਦੇ ਹਨ, ਤਾਂ ਕਲੀਸਿਯਾ ਦਾ ਇਸ ਵਿੱਚ ਇੱਕ ਸ਼ਕਤੀਸ਼ਾਲੀ ਜੀਵਿਤ ਅੰਸ਼ ਦਾ ਅਰਥ ਹੁੰਦਾ ਹੈ।

ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ, ਸੇਵਾ ਕਰਨ ਵਾਲਿਆਂ ਦੇ ਦਲ ਬੀਮਾਰਾਂ ਅਤੇ ਜ਼ਖ਼ਮੀਆਂ ਲਈ ਚੰਗਾਈ ਲਿਆਉਂਦੇ ਹਨ। ਸਾਡੇ ਨੌਜਵਾਨਾਂ ਦਾ ਵੱਡਾ ਯੋਗਦਾਨ ਹੁੰਦਾ ਹੈ ਜਦੋਂ ਉਹ ਫਸਲ ਕੱਟਣ ਵਿੱਚ ਹਿੱਸਾ ਲੈਂਦੇ ਹਨ।

## ਪੰਜ ਪ੍ਰਕਾਰ ਦੀ ਸੇਵਕਾਈਆਂ ਨੂੰ ਬਹਾਲ ਕੀਤਾ ਜਾਣਾ

ਕਲੀਸਿਯਾ ਨੂੰ ਜੇਤੂ ਬਣਾਉਣ ਲਈ, ਪੰਜ ਪ੍ਰਕਾਰ ਦੀ ਸੇਵਕਾਈਆਂ ਨੂੰ ਜਾਣ ਲੈਣਾ ਬਹੁਤ ਹੀ ਜ਼ਰੂਰੀ ਹੈ ਜਿਸ ਬਾਰੇ ਯਿਸੂ ਨੇ ਵਿਵਸਥਾ ਕੀਤੀ ਹੈ ਅਤੇ ਉਨ੍ਹਾਂ ਨੂੰ ਫਿਰ ਤੋਂ ਉਨ੍ਹਾਂ ਦੀਆਂ ਸਹੀ ਸਥਿਤੀਆਂ ਵਿੱਚ ਰੱਖਣਾ ਚਾਹੀਦਾ ਹੈ।

ਪੌਲੁਸ ਰਸੂਲ ਕਹਿੰਦਾ ਹੈ ਯਿਸੂ ਨੇ ਮਸੀਹ ਦੀ ਦੇਹੀ ਨੂੰ ਵਰਦਾਨ ਦਿੱਤੇ ਹਨ। ਉਸਨੇ ਕਲੀਸਿਯਾ ਨੂੰ ਪ੍ਰਧਾਨ ਦਿੱਤੇ।

**ਅਫ਼ਸੀਆਂ 4:8,10-13 ਇਸ ਲਈ ਉਹ ਆਖਦਾ ਹੈ : ਜਾਂ ਉਹ ਉਤਾਹਾਂ ਨੂੰ ਚੜ੍ਹਿਆ, ਉਹ ਬੰਧਨ ਨੂੰ ਬੰਨ੍ਹ ਲਿਆ, ਅਤੇ ਮਨੁੱਖਾਂ ਨੂੰ ਦਾਨ ਦਿੱਤੇ।**

**ਜਿਹੜਾ ਉਤਰਿਆ ਸੋ ਉਹੋ ਹੈ ਜੋ ਸਾਰੇ ਅਕਾਸ਼ਾਂ ਦੇ ਉਤਾਹਾਂ ਚੜ੍ਹਿਆ ਵੀ ਸੀ ਭਈ ਸੱਭੋ ਕੁਝ ਭਰਪੂਰ ਕਰੇ। ਉਹਨੇ ਕਈਆਂ ਨੂੰ ਰਸੂਲ, ਕਈਆਂ ਨੂੰ ਨਬੀ, ਕਈਆਂ ਨੂੰ ਪਰਚਾਰਕ, ਕਈਆਂ ਨੂੰ ਪਾਸਬਾਨ ਅਤੇ ਉਸਤਾਦ ਕਰਕੇ ਦੇ ਦਿੱਤਾ। ਤਾਂ ਜੋ ਸੇਵਕਾਈ ਦੇ ਕੰਮ ਲਈ ਸੰਤ ਸਿੱਧ ਹੋਣ ਅਤੇ ਮਸੀਹ ਦੀ ਦੇਹੀ ਉਸਰਦੀ ਜਾਵੇ ਜਦੋਂ ਤੀਕ ਅਸੀਂ ਸੱਭੇ ਨਿਹਚਾ ਦੀ ਅਤੇ ਪਰਮੇਸ਼ੁਰ ਦੇ ਪੁੱਤਰ ਦੀ ਪਛਾਣ ਦੀ ਏਕਤਾ ਅਤੇ ਪੂਰੇ ਮਰਦਊਪੁਣੇ ਤੀਕ ਅਰਥਾਤ ਮਸੀਹ ਦੀ ਪੂਰੀ ਡੀਲ ਦੇ ਅੰਦਾਜ਼ੇ ਤੀਕ ਨਾ ਪਹੁੰਚੀਏ**

## ਵਿਸ਼ੇਸ਼ ਕੰਮ

ਰਸੂਲ, ਨਬੀ, ਪ੍ਰਚਾਰਕ, ਪਾਦਰੀ ਅਤੇ ਸਿੱਖਿਅਕ ਨਾਮ ਨਹੀਂ ਹਨ। ਇਹ ਵਿਸ਼ੇਸ਼ ਕੰਮ ਹਨ। ਹਰ ਇੱਕ ਸੇਵਕਾਈ ਦਾ ਵਿਸ਼ੇਸ਼ ਕੰਮ ਮਸੀਹ ਦੀ ਦੇਹੀ ਦੇ ਵਿਕਾਸ ਲਈ ਇੱਕ ਖਾਸ ਹਿੱਸਾ ਪਾਉਂਦਾ ਹੈ।

ਆਪਣੇ ਬੋਝ ਵਿੱਚ, ਉਹ ਸ਼ੁੱਭ-ਸਮਾਚਾਰ ਪ੍ਰਚਾਰਕ ਹਨ ਤਾਂ ਕਿ ਖੁਸ਼ਖ਼ਬਰੀ ਹਮੇਸ਼ਾਂ ਘੋਸ਼ਿਤ ਕੀਤੀ।

ਉਨ੍ਹਾਂ ਦਾ ਗਿਆਨ, ਉਹ ਸਿੱਖਿਅਕ ਹਨ ਇਸ ਲਈ ਉਨ੍ਹਾਂ ਨੂੰ ਦੂਜਿਆਂ ਨੂੰ ਪਰਮੇਸ਼ੁਰ ਦੇ ਵਚਨ ਵਿੱਚੋਂ ਪੜ੍ਹਾਉਣਾ ਚਾਹੀਦਾ ਹੈ।

ਜੇਕਰ ਆਪਣੇ ਮਨਾਂ ਵਿੱਚ, ਉਹ ਪਾਦਰੀ ਹਨ ਤਾਂ ਉਨ੍ਹਾਂ ਨੂੰ ਲੋਕਾਂ ਦੀ ਦੇਖ ਭਾਲ ਕਰਨੀ ਹੋਵੇਗੀ।

ਆਪਣੀ ਨਜ਼ਰ ਜੇਕਰ ਉਹ ਨਬੀ ਹਨ ਤਾਂ ਉਨ੍ਹਾਂ ਨੂੰ ਪਰਮੇਸ਼ੁਰ ਦੇ ਲੋਕਾਂ ਨੂੰ ਉਸਦੇ ਰਾਹਾਂ ਤੇ ਚੱਲਣ ਲਈ ਅਗਵਾਈ ਕਰਨੀ ਹੋਵੇਗੀ।

ਆਪਣੀ ਸੇਵਕਾਈ ਵਿੱਚ, ਉਹ ਰਸੂਲ ਹਨ ਤਾਂ ਉਨ੍ਹਾਂ ਨੂੰ ਪਰਮੇਸ਼ੁਰ ਦੇ ਵਚਨ ਦੇ ਅਧਾਰ ਤੇ ਮਜ਼ਬੂਤ ਨੀਂਹ ਰੱਖਣੀ ਹੈ। ਉਹ ਲੋਕਾਂ ਨੂੰ ਪਰਮੇਸ਼ੁਰ ਦੇ ਰਾਹਾਂ ਤੇ ਅਗਵਾਈ ਕਰਨਗੇ।

## ਨਿਯੁਕਤੀ

ਇਹ ਪੂਰੇ ਪੰਜ ਸੇਵਕਾਈ ਦੇ ਵਰਦਾਨ ਹਰ ਇੱਕ ਸਥਾਨਿਕ ਗਿਰਜੇ ਵਿੱਚ ਕੰਮ ਕਰਨਗੇ ਜੇਕਰ ਵਿਸ਼ਵਾਸੀ ਲੋਕ ਸੇਵਾ ਦੇ ਕੰਮ ਲਈ ਤਿਆਰ ਹੋਣ ਅਤੇ ਮਸੀਹ ਦੇ ਪੂਰੇ ਪਰਿਮਾਪ ਤੱਕ ਪੂਰੇ-ਪੂਰੇ ਉੱਸਰਦੇ ਜਾਣ। ਉਹ ਮਨੁੱਖਾਂ ਦੁਆਰਾ ਨਿਯੁਕਤ ਨਹੀਂ ਕੀਤੇ ਗਏ: ਉਹ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਹਨ। ਇਹ ਉਸਦੀ ਯੋਜਨਾ ਹੈ

**1 ਕੁਰਿੰਥੀਆਂ 12:27,28 ਹੁਣ ਤੁਸੀਂ ਰਲ ਕੇ ਮਸੀਹ ਦੇ ਸਰੀਰ ਹੋ ਅਤੇ ਇੱਕ ਇੱਕ ਕਰਕੇ ਉਹਦੇ ਅੰਗ ਹੋ ਅਤੇ ਕਲੀਸਿਯਾ ਵਿੱਚ ਪਰਮੇਸ਼ੁਰ ਨੇ ਕਈਆਂ ਨੂੰ ਥਾਪਿਆ ਹੋਇਆ ਹੈ, ਪਹਿਲਾਂ ਰਸੂਲਾਂ ਨੂੰ, ਦੂਜੇ ਨਬੀਆਂ ਨੂੰ ਤੀਜੇ ਉਪਦੇਸ਼ਕਾਂ ਨੂੰ, ਫੇਰ ਕਰਾਮਾਤੀਆਂ ਨੂੰ, ਫੇਰ ਨਰੋਇਆਂ ਕਰਨ ਦੀਆਂ ਦਾਤਾਂ ਵਾਲਿਆਂ ਨੂੰ, ਉਪਕਾਰੀਆਂ ਨੂੰ, ਹਾਕਮਾਂ ਨੂੰ ਅਤੇ ਅਨੇਕ ਪ੍ਰਕਾਰ ਦੀਆਂ ਭਾਸ਼ਾਂ ਬੋਲਣ ਵਾਲਿਆਂ ਨੂੰ।**

## ਦਾਸ

ਬਿਲਕੁਲ ਜਿਸ ਤਰ੍ਹਾਂ ਯਿਸੂ ਮਸੀਹ ਨੇ ਇੱਕ ਦਾਸ ਵਾਂਗ ਸੇਵਾ ਕੀਤੀ ਸੀ, ਪੰਜ ਪ੍ਰਕਾਰ ਦੀ ਹਰ ਇੱਕ ਸੇਵਕਾਈ ਦਾਸਾਂ ਦੀ ਤਰ੍ਹਾਂ ਹੀ ਵਿਸ਼ੇਸ਼ ਕੰਮ ਕਰਦੀ ਹੈ। ਉਨ੍ਹਾਂ ਨੂੰ ਮਸੀਹ ਦੀ ਦੇਹੀ ਦੇ ਦਾਸ ਕਿਹਾ ਜਾਂਦਾ ਹੈ।

**ਯੂਹੰਨਾ 13:3-5 ਤਦ ਯਿਸੂ ਇਹ ਜਾਣ ਕੇ ਭਈ ਪਿਤਾ ਨੇ ਸੱਭੋ ਕੁਝ ਮੇਰੇ ਹੱਥ ਵਿਚ ਸੌਂਪਿਆ ਹੈ ਅਤੇ ਮੇਰੇ ਪਰਮੇਸ਼ੁਰ ਦੇ ਕੋਲੋਂ ਆਇਆ ਹਾਂ ਅਤੇ ਪਰਮੇਸ਼ੁਰ ਦੇ ਕੋਲ ਜਾਂਦਾ ਹੈ ਖਾਣੇ ਤੋਂ ਉੱਠਿਆ ਅਰ ਆਪਣੇ ਬਸਤਰ ਲਾਹ ਛੱਡੇ ਅਰ ਪਰਨਾ ਲੈ ਕੇ, ਆਪਣਾ ਲੱਕ ਬੰਨ੍ਹਿਆ। ਫਿਰ ਬਾਟੀ ਵਿੱਚ ਜਲ ਪਾ ਕੇ ਉਹ ਚੇਲਿਆਂ ਦੇ ਪੈਰ ਧੋਣ ਅਤੇ ਉਸ ਪਰਨੇ ਨਾਲ ਜਿਹੜਾ ਬੱਧਾ ਹੋਇਆ ਸੀ ਪੂੰਝਣ ਲੱਗਾ।**

**ਯੂਹੰਨਾ 13:12-17 ਉਪਰੰਤ ਜਾਂ ਉਹ ਉਨ੍ਹਾਂ ਦੇ ਪੈਰ ਧੋ ਹਟਿਆ ਅਤੇ ਆਪਣੇ ਬਸਤਰ ਲੈ ਲਏ ਤਾਂ ਫਿਰ ਬੈਠ ਕੇ ਉਹਨਾਂ ਨੂੰ ਆਖਿਆ, ਕੀ ਤੁਸੀਂ ਸਮਝਦੇ ਹੋ ਕਿ ਮੈਂ ਤੁਹਾਡੇ ਨਾਲ ਕੀ ਕੀਤਾ? ਤੁਸੀਂ ਮੈਨੂੰ ਗੁਰੂ ਅਤੇ ਪ੍ਰਭੂ ਕਰਕੇ ਬੁਲਾਉਂਦੇ ਹੋ ਅਰ ਠੀਕ ਆਖਦੇ ਹੋ ਕਿਉਂ ਜੋ ਮੈਂ ਹਾਂ ਸੋ ਜੇ ਮੈਂ ਗੁਰੂ ਅਤੇ ਪ੍ਰਭੂ ਹੋ ਕੇ ਤੁਹਾਡੇ ਪੈਰ ਧੋਤੇ ਤਾਂ ਚਾਹੀਦਾ ਹੈ ਜੋ ਤੁਸੀਂ ਭੀ ਇੱਕ ਦੂਏ ਦੇ ਪੈਰ ਧੋਵੋ। ਇਸ ਲਈ ਜੋ ਮੈਂ ਤਹਾਨੂੰ ਇੱਕ ਨਮੂਨਾ ਦੇ ਛੱਡਿਆ ਹੈ ਤਾਂ ਜੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਭੀ ਤਿਵੇਂ ਹੀ ਕਰੋ। ਮੈਂ ਤਹਾਨੂੰ ਸੱਚ ਸੱਚ ਆਖਦਾ ਹਾਂ ਭਈ ਨੌਕਰ ਆਪਣੇ ਮਾਲਿਕ ਤੋਂ ਵੱਡਾ ਨਹੀਂ, ਨਾ ਭੇਜਿਆ ਹੋਇਆ ਆਪਣੇ ਭੇਜਣ ਵਾਲੇ ਤੋਂ ਜੇ ਤੁਸੀਂ ਇਹ ਗੱਲਾਂ ਜਾਣਦੇ ਹੋ ਤਾਂ ਧੰਨ ਹੋ ਜੇ ਇਨ੍ਹਾਂ ਨੂੰ ਕਰੋ ਭੀ।**

## ਹਰ ਇੱਕ ਵਿਸ਼ਵਾਸੀ ਨੂੰ ਤਿਆਰ ਕਰਨਾ

ਪੰਜ ਧਰਤੀ ਸੇਵਕਾਈ ਦਾ ਕੰਮ, ਸੰਤਾਂ ਨੂੰ ਸੇਵਕਾਈ ਦੇ ਕੰਮ ਲਈ ਤਿਆਰ ਕਰਨਾ ਹੈ-ਉਨ੍ਹਾਂ ਨੂੰ ਯਿਸੂ ਦੇ ਕੰਮਾਂ ਨੂੰ ਕਰਨ ਦੀ ਸਿੱਖਿਆ ਦੇਣੀ। ਉਨ੍ਹਾਂ ਦਾ ਪ੍ਰਾਥਮਿਕ ਕੰਮ ਹੈ

- ਸੰਤਾਂ ਨੂੰ ਪੱਕਾ ਅਤੇ ਸੰਪੂਰਨ ਬਣਾਉਣਾ
- ਵਿਸ਼ਵਾਸੀਆਂ ਨੂੰ ਸੇਵਕਾਈ ਦੇ ਕੰਮ ਲਈ ਤਿਆਰ ਕਰਨਾ
- ਰਾਜ ਦੀ ਖੁਸ਼ਖ਼ਬਰੀ ਦਾ ਪ੍ਰਚਾਰ ਉੱਨਤੀ ਲਈ ਚਾਰ ਸਤਰ ਹਨ।

ਉੱਥੇ ਪੰਜ ਪ੍ਰਕਾਰ ਦੇ ਪੜਾਅ ਹਨ।

- ਜਵਾਨੀ - ਯਿਸੂ ਦੀ ਜਾਣਕਾਰੀ ਅਤੇ ਬੁੱਧੀ ਵਿੱਚ ਆਉਣਾ
- ਪਾਦਰੀ ਦਾ ਅਹੁਦਾ - ਯਿਸੂ ਦੇ ਚਰਿੱਤਰ ਅਤੇ ਗੁਣਾਂ ਨੂੰ ਪ੍ਰਗਟ ਕਰਨਾ
- ਦਾਸ ਦਾ ਅਹੁਦਾ - ਯਿਸੂ ਦੀ ਤਾਕਤ ਅਤੇ ਅਧਿਕਾਰ ਵਿੱਚ ਕੰਮ ਕਰਨਾ
- ਪਿਤਾ ਦਾ ਅਹੁਦਾ - ਯਿਸੂ ਦੇ ਕੰਮਾਂ ਅਤੇ ਭੇਦਾਂ ਨੂੰ ਕਰਨਾ

## ਰਸੂਲ

### ਪਰਿਭਾਸ਼ਾ

ਰਸੂਲ ਲਈ ਯੂਨਾਨੀ ਸ਼ਬਦ "ਅਪੋਸਟੋਲੋਸ" ਹੈ। ਇਸ ਦਾ ਅਰਥ ਹੈ ਅਧਿਕਾਰ ਨਾਲ ਕਲੀਸਿਯਾ ਨੂੰ ਉਸਾਰਨ ਲਈ ਘੱਲਿਆ ਜਾਣ ਵਾਲਾ ਅਤੇ ਮੌਜੂਦਾ ਕਲੀਸਿਯਾ ਨੂੰ ਬੁਨਿਆਦੀ ਸਿਧਾਂਤਾਂ ਅਤੇ ਪਰਮੇਸ਼ੁਰ ਦੇ ਵਚਨ ਦੀਆਂ ਪ੍ਰਯੋਗਿਕ ਸਿੱਖਿਆਵਾਂ ਵਿੱਚ ਤਕੜੇ ਕਰਨਾ।

### ਵਿਸ਼ੇਸ਼ ਕੰਮ

ਰਸੂਲ, ਸੇਵਕਾਈ ਦੇ ਸਾਰੇ ਵਰਦਾਨਾਂ ਵਿੱਚ ਕੰਮ ਕਰਦੇ ਹਨ ਅਤੇ ਆਤਮਾ ਦੇ ਸਾਰੇ ਵਰਦਾਨਾਂ ਨੂੰ ਵਰਤਦੇ ਹਨ।

ਉਨ੍ਹਾਂ ਦੇ ਸੇਵਕਾਈ ਦੇ ਵਰਦਾਨਾਂ ਨੂੰ ਕੁਝ ਕਲੀਸਿਯਾਵਾਂ ਅਤੇ ਦੂਜੀਆਂ ਸੇਵਕਾਈਆਂ ਵਿੱਚ ਆਤਮਾ ਵਿੱਚ ਸਬੰਧ ਦੇ ਦੁਆਰਾ ਸਮਝਿਆ ਅਤੇ ਗ੍ਰਹਿਣ ਕੀਤਾ ਜਾ ਸਕਦਾ ਹੈ। ਚਿੰਨ੍ਹ, ਚਮਤਕਾਰ ਅਤੇ ਚੰਗਾਈ ਦੇ ਚਮਤਕਾਰ ਲਗਾਤਾਰ ਪ੍ਰਗਟ ਹੋਣਗੇ।

ਰਸੂਲ, ਨਬੀਆਂ ਦੇ ਨਾਲ ਮਿਲਦਾ-ਜੁਲਦਾ ਕੰਮ ਕਰਦੇ ਹਨ.. ਬਜ਼ੁਰਗਾਂ ਨੂੰ ਨਿਯੁਕਤ ਕਰਨ ਵਿੱਚ ਅਤੇ ਕੁਝ ਨਿਸ਼ਚਿਤ ਵਿਸ਼ਵਾਸੀਆਂ ਦੇ ਜੀਵਨ ਉੱਤੇ ਬੁਲਾਹਟ ਨੂੰ ਪੱਕਾ ਕਰਨਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਸੇਵਕਾਈ ਦੇ ਵਰਦਾਨਾਂ ਵਿੱਚ ਕਾਇਮ ਕਰਨਾ ਹੈ। ਉਹ ਪਵਿੱਤਰ ਆਤਮਾ ਦੇ ਵਰਦਾਨਾਂ ਨੂੰ ਹੱਥ ਰੱਖਣ ਦੁਆਰਾ ਦਿੰਦੇ ਅਤੇ ਵੰਡਦੇ ਹਨ।

### ਉਦਾਹਰਨ

ਪੌਲੁਸ ਅਤੇ ਬਰਨਾਬਾਸ ਬਹੁਤ ਵਧੀਆਂ ਉਦਾਹਰਨਾਂ ਹਨ।

**ਰਸੂਲਾਂ ਦੇ ਕਰਤੱਬ 14:23 ਜਾਂ ਉਨ੍ਹਾਂ ਨੇ ਹਰੇਕ ਕਲੀਸਿਯਾ ਵਿੱਚ ਉਨ੍ਹਾਂ ਦੇ ਲਈ ਬਜ਼ੁਰ.ਗ ਠਹਿਰਾਏ ਅਤੇ ਵਰਤ ਨਾਲ ਪ੍ਰਾਰਥਨਾ ਕੀਤੀ ਤਾਂ ਉਹਨਾਂ ਨੂੰ ਪ੍ਰਭੂ ਦੇ ਹੱਥ ਸੌਂਪ ਦਿੱਤਾ ਜਿਹਦੇ ਉੱਤੇ ਉਹਨਾਂ ਨਿਹਚਾ ਕੀਤੀ ਸੀ।**

## ਨਬੀ

### ਪਰਿਭਾਸ਼ਾ

ਨਬੀ ਦਾ ਯੂਨਾਨੀ ਸ਼ਬਦ "ਪ੍ਰੋਫੇਟਿਊ" ਹੈ। ਇਸ ਦਾ ਅਰਥ ਮਹੱਤਵਪੂਰਨ ਗੱਲਾਂ ਦੀ ਭਵਿੱਖਬਾਣੀ ਕਰਨਾ ਅਤੇ ਪ੍ਰੇਰਨਾ ਦੇ ਅਧੀਨ ਬੋਲਣਾ। ਇੱਕ ਨਬੀ ਉਹ ਹੈ ਜੋ ਪਰਮੇਸ਼ੁਰ ਲਈ ਬੋਲਦਾ ਹੈ।

### ਵਿਸ਼ੇਸ਼ ਕੰਮ

ਨਬੀ ਦੀਆਂ ਸੇਵਕਾਈਆਂ ਉਸ ਦੂਜੇ ਵਿਸ਼ਵਾਸੀ ਦੇ ਮੁਕਾਬਲੇ ਜੋ ਨਬੂਵਤ ਦੇ ਵਰਦਾਨ ਵਿੱਚ ਕੰਮ ਕਰ ਰਿਹਾ ਹੈ ਉੱਚੇ ਦਰਜੇ ਦਾ ਮਸਹ ਹਨ। ਇੱਕ ਨਬੀ ਅਕਾਰ ਇੱਕ ਰਸੂਲ ਨਾਲ ਆਤਮਿਕ ਨੀਹਾਂ ਨੂੰ ਰੱਖਣ ਅਤੇ ਉਸਾਰਨ ਅਤੇ ਕਲੀਸਿਯਾਵਾਂ ਨੂੰ ਦ੍ਰਿੜ ਕਰਨ ਵਿੱਚ ਕੰਮ ਕਰਦਾ ਹੈ।

**ਅਫ਼ਸੀਆਂ 2:20 ... ਅਤੇ ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ ਬਣੇ ਹੋਏ ਹੋ ਜਿਹਦੇ ਖੂੰਜੇ ਦਾ ਪੱਥਰ ਆਪ ਮਸੀਹ ਯਿਸੂ ਹੈ।**

### ਉਦਾਹਰਨ

ਆਗਬੁਸ ਇੱਕ ਨਬੀ ਦੀ ਵਧੀਆ ਉਦਾਹਰਨ ਹੈ।

**ਰਸੂਲਾਂ ਦੇ ਕਰਤੱਬ 21:10,11 ਅਤੇ ਜਾਂ ਅਸੀਂ ਕਈ ਦਿਨ ਉੱਥੇ ਠਹਿਰੇ ਤਾਂ ਆਗਬੁਸ ਨਾਉਂ ਦਾ ਇੱਕ ਨਬੀ ਯਹੂਦਿਯਾ ਤੋਂ ਉਤਰ ਆਇਆ। ਉਹਨੇ ਸਾਡੇ ਕੋਲ ਆਣ ਕੇ ਪੌਲੁਸ ਦਾ ਕਮਰਪਟਕਾ ਚੁੱਕ ਲਿਆ ਅਤੇ ਆਪਣੇ ਹੱਥ ਪੈਰ ਬੰਨ੍ਹ ਕੇ ਕਿਹਾ, ਪਵਿੱਤ੍ਰ ਆਤਮਾ ਇਉਂ ਆਖਦਾ ਹੈ ਭਈ ਯਹੂਦੀ ਲੋਕ ਯਰੂਸ਼ਲਮ ਵਿੱਚ ਉਸ ਮਨੁੱਖ ਨੂੰ ਜਿਹਦਾ ਇਹ ਪਟਕਾ ਹੈ ਇਸੇ ਤਰ੍ਹਾਂ ਬੰਨ੍ਹਣਗੇ ਅਤੇ ਪਰਾਈਆਂ ਕੌਮਾਂ ਦੇ ਹੱਥਾਂ ਵਿੱਚ ਹਵਾਲੇ ਕਰਨਗੇ।**

## ਪ੍ਰਚਾਰਕ

### ਪਰਿਭਾਸ਼ਾ

ਪ੍ਰਚਾਰਕ ਲਈ ਯੂਨਾਨੀ ਸ਼ਬਦ "ਇਵੈਂਜਲਿਸਟਿਸ" ਹੈ। ਪਰਮੇਸ਼ੁਰ ਦੀ ਸੈਨਾ ਵਿੱਚ ਪ੍ਰਚਾਰਕ ਪਹਿਲੀ ਲਾਈਨ ਵਿੱਚ ਆਉਂਦੇ ਹਨ। ਉਸ ਵਿੱਚ ਬਹੁਤ ਤੇਜ਼ ਇੱਛਾ ਹੁੰਦੀ ਹੈ ਕਿ ਉਹ ਸੰਸਾਰ ਦੇ ਉਨ੍ਹਾਂ ਲੋਕਾਂ ਕੋਲ ਜਾਣ ਜਿਨ੍ਹਾਂ ਕੋਲ ਨਹੀਂ ਜਾਇਆ ਗਿਆ।

### ਵਿਸ਼ੇਸ਼ ਕੰਮ

ਉਹ ਜਿੱਥੇ ਵੀ ਜਾਂਦੇ ਹਨ ਉਹ ਗਵਾਹੀ ਦਿੰਦੇ ਅਤੇ ਖੁਸ਼ਖ਼ਬਰੀ ਦਾ ਪ੍ਰਚਾਰ ਕਰਦੇ ਹਨ ਚਿੰਨ੍ਹਾਂ ਅਤੇ ਜ਼ਖ਼ਮੀ ਵਿਅਕਤੀਆਂ ਵਾਂਗ ਉਹ ਤੇਜ਼ੀ ਨਾਲ ਦੂਜੇ ਵਿਸ਼ਵਾਸੀਆਂ ਨੂੰ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਅਤੇ ਪ੍ਰਚਾਰਕ ਯਾਤਰਾ ਦੀਆਂ ਸੇਵਕਾਈਆਂ ਲਈ ਤਿਆਰ ਕਰਦੇ ਹਨ।

### ਉਦਾਹਰਨ

ਇੱਕ ਪ੍ਰਚਾਰਕ ਦੀ ਸਭ ਤੋਂ ਵਧੀਆ ਉਦਾਹਰਨ ਫ਼ਿਲਿੱਪੁਸ ਹੈ।

**ਰਸੂਲਾਂ ਦੇ ਕਰਤੱਬ 8:5-8 ਅਤੇ ਫ਼ਿਲਿੱਪੁਸ ਨੇ ਸਾਮਰਿਯਾ ਦੇ ਨਗਰ ਵਿੱਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪਰਚਾਰ ਕੀਤਾ। ਅਤੇ ਜਾਂ ਲੋਕਾਂ ਨੇ ਉਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ ਤਾਂ ਇੱਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ ਕਿਉਂਕਿ ਭ੍ਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਨ੍ਹਾਂ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ ਅਰ ਉਸ ਨਗਰ ਵਿੱਚ ਵੱਡੀ ਧੰਨ ਧੰਨ ਹੋਈ।**

ਇੱਕ ਪ੍ਰਚਾਰਕ ਦਾ ਦੂਜੇ ਸੇਵਕਾਈ ਦੇ ਵਰਦਾਨਾਂ ਵਾਲਿਆਂ ਵਾਂਗ ਪ੍ਰਾਥਮਿਕ ਕੰਮ, ਸੰਤਾਂ ਨੂੰ ਸੇਵਕਾਈ ਦੇ ਕੰਮ ਲਈ ਤਿਆਰ ਕਰਨਾ ਹੈ। ਪ੍ਰਚਾਰਕ ਦਾ ਪ੍ਰਾਥਮਿਕ ਕੰਮ ਸ਼ੁੱਭ-ਸਮਾਚਾਰ ਪ੍ਰਚਾਰ ਦਾ ਸਾਰਾ ਕੰਮ ਕਰਨਾ ਹੀ ਨਹੀਂ ਹੈ, ਪਰ ਵਿਸ਼ਵਾਸੀਆਂ ਨੂੰ ਸ਼ੁੱਭ-ਸਮਾਚਾਰ ਪ੍ਰਚਾਰ ਦਾ ਕੰਮ ਕਰਨ ਲਈ ਸਿੱਖਿਆ ਦੇਣਾ ਵੀ ਹੈ।

## ਪਾਦਰੀ

### ਪਰਿਭਾਸ਼ਾ

ਪਾਦਰੀ ਦਾ ਯੂਨਾਨੀ ਸ਼ਬਦ "ਪੋਈਮੇਨ" ਹੈ, ਅਤੇ ਇਸ ਦਾ ਅਨੁਵਾਦ ਅਯਾਲੀ ਕੀਤਾ ਗਿਆ ਹੈ। ਜੋ ਝੁੰਡਾਂ ਅਤੇ ਸਮੂਹਾਂ ਦੀ ਦੇਖਭਾਲ ਕਰਦਾ ਹੈ। ਉਹ ਝੁੰਡਾਂ ਦੀ ਅਗਵਾਈ ਦੇ ਨਾਲ-ਨਾਲ ਉਨ੍ਹਾਂ ਨੂੰ ਖਵਾਉਂਦਾ ਵੀ ਹੈ। ਉਹ ਇੱਕ ਨਿਰੀਖਣ ਕਰਨ ਵਾਲਾ ਹੈ।

### ਵਿਸ਼ੇਸ਼ ਕੰਮ

ਪਾਸਟਰ ਦੇ ਵਿਸ਼ੇਸ਼ ਕੰਮ ਦੇਖਭਾਲ ਕਰਨਾ, ਨਿਰੀਖਣ ਕਰਨਾ, ਅਤੇ ਲੋਕਾਂ ਨੂੰ ਸਿੱਖਿਆ ਦੇਣਾ ਹੈ। ਉਸਦਾ ਉਨ੍ਹਾਂ ਨਾਲ ਇੱਕ ਨਿਜੀ ਸੰਬੰਧ ਹੈ, ਅਤੇ ਉਨਾਂ ਲਈ ਆਪਣੀ ਜਾਨ ਦੇਣ ਤੱਕ ਉਨ੍ਹਾਂ ਨਾਲ ਪਿਆਰ ਕਰਦਾ ਹੈ।

### ਉਦਾਹਰਨ

ਯਿਸੂ ਮਸੀਹ ਸੇਵਕਾਈ ਦੇ ਹਰ ਵਰਦਾਨ ਦੀ ਉਦਾਹਰਨ ਹੈ। ਅਸੀਂ ਅਕਸਰ ਉਸਨੂੰ ਚੰਗੇ ਚਰਵਾਹੇ ਦੇ ਰੂਪ ਵਿੱਚ ਵੇਖਦੇ ਹਾਂ ਉਹ ਪਾਦਰੀ ਦੀ ਇੱਕ ਸਭ ਤੋਂ ਉੱਤਮ ਉਦਾਹਰਨ ਹੈ।

**ਯੂਹੰਨਾ 10:4 ਜਦ ਉਹ ਆਪਣੀਆਂ ਸਾਰੀਆਂ ਸਾਰੀਆਂ ਭੇਡਾਂ ਨੂੰ ਕੱਢ ਚੁੱਕਦਾ ਹੈ ਤਾਂ ਉਨ੍ਹਾਂ ਦੇ ਅੱਗੇ ਅੱਗੇ ਤੁਰ ਪੈਂਦਾ ਹੈ ਅਤੇ ਭੇਡਾਂ ਉਹਦੇ ਮਗਰ ਮਗਰ ਲੱਗੀਆਂ ਜਾਂਦੀਆਂ ਹਨ ਕਿਉਂ ਜੋ ਓਹ ਉਸਦੀ ਅਵਾਜ਼ ਪਛਾਣਦੀਆਂ ਹਨ।**

**ਯੂਹੰਨਾ 10:11 "ਅੱਛਾ ਅਯਾਲੀ ਮੈਂ ਹਾਂ। ਅੱਛਾ ਅਯਾਲੀ ਭੇਡਾਂ ਲਈ ਆਪਣੀ ਜਾਨ ਦਿੰਦਾ ਹੈ।"**

## ਸਿੱਖਿਅਕ

### ਪਾਦਰੀ

"ਡਿਡਾਸਕਾਲੋ" ਇੱਕ ਯੂਨਾਨੀ ਸ਼ਬਦ ਹੈ ਜਿਸ ਦਾ ਅਨੁਵਾਦ, ਸਿੱਖਿਅਕ ਕੀਤਾ ਗਿਆ ਹੈ। ਇੱਕ ਸਿੱਖਿਅਕ ਅਜਿਹਾ ਵਿਅਕਤੀ ਹੁੰਦਾ ਹੈ ਜੋ ਸਿਖਾਉਂਦਾ ਹੈ ਅਤੇ ਉਸਦੀਆਂ ਸਿੱਖਿਆਵਾਂ ਦੂਜਿਆਂ ਨੂੰ ਸਿਖਾਉਂਦੀਆਂ ਹਨ।"

**ਮੱਤੀ 28:19,20 "ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।"**

### ਵਿਸ਼ੇਸ਼ ਕੰਮ

ਇੱਕ ਸਿੱਖਿਅਕ ਰਸਤਾ ਵਿਖਾਉਂਦਾ, ਮਾਰਗ ਦਰਸ਼ਨ ਕਰਾਉਂਦਾ, ਜਾਣਕਾਰੀ ਦਿੰਦਾ, ਅਤੇ ਪ੍ਰਭੂ ਦੇ ਰਸਤੇ ਵਿਖਾਉਂਦਾ ਹੈ। ਉਸਦਾ ਪਹਿਲਾ ਨਿਸ਼ਾਨਾ ਮਸੀਹ ਦੀ ਦੇਹ ਬਾਰੇ ਸਿਖਾਉਣਾ ਹੈ। ਇਹ ਉਸਦੀ ਜ਼ਿੰਮੇਦਾਰੀ ਹੈ ਕਿ ਉਹ ਪਵਿੱਤਰ ਆਤਮਾ ਦੇ ਮਸਹ ਨਾਲ ਪੜ੍ਹਾਵੇ।

**1 ਕੁਰਿੰਥੀਆਂ 2:13 ਅਸੀ ਇਨ੍ਹਾ ਗਲਾ ਨੂੰ ਮਾਣਸ ਗਿਆਨ ਦਿਆਂ ਦੱਸਿਆਂ ਹਇਿਆ ਸ਼ਬਦਾ ਨਾਲ ਨਹੀਂ ਸਗੋਂ ਆਤਮਾ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਅਰਥਾਤ ਆਤਮਿਕ ਗੱਲਾਂ ਆਤਮਿਕ ਮਨੁੱਖਾਂ ਨੂੰ ਦੱਸਦੇ ਹਾਂ।**

## ਉਦਾਹਰਨ

ਤਿਮੋਥਿਉਸ, ਸਿੱਖਿਅਕ ਦੀ ਇੱਕ ਚੰਗੀ ਉਦਾਹਰਨ ਹੈ।

**1 ਤਿਮੋਥਿਉਸ 2:7 ਅਤੇ ਇਹਦੇ ਲਈ ਮੈਂ ਪਰਚਾਰਕ ਅਤੇ ਰਸੂਲ ਅਤੇ ਨਿਹਚਾ ਅਰ ਸਚਿਆਈ ਵਿੱਚ ਪਰਾਈਆਂ ਕੌਮਾਂ ਨੂੰ ਉਪਦੇਸ਼ ਕਰਨ ਵਾਲਾ ਥਾਪਿਆ ਗਿਆ ਸਾਂ। ਮੈਂ ਸੱਚ ਬੋਲਦਾ ਹਾਂ, ਝੂਠ ਨਹੀਂ ਮਾਰਦਾ।**

ਪੌਲੁਸ ਰਸੂਲ ਨੇ ਇੱਕ ਸਿੱਖਿਅਕ ਨੂੰ ਇਹ ਵਚਨ ਲਿਖੇ ਸਨ।

**1 ਯੂਹੰਨਾ 2:27 ਉਹ ਮਸਹ ਜੋ ਤੁਸੀਂ ਉਹਦੀ ਵੱਲੋਂ ਪਾਇਆ ਸੋ ਤੁਹਾਡੇ ਵਿੱਚ ਕਾਇਮ ਰਹਿੰਦਾ ਹੈ ਅਤੇ ਤਹਾਨੂੰ ਕੁਝ ਲੋੜ ਨਹੀਂ ਭਈ ਕੋਈ ਤੁਹਾਨੂੰ ਸਿੱਖਿਆ ਦੇਵੇ ਸਗੋਂ ਜਿਵੇਂ ਉਹਦਾ ਮਸਹ ਤੁਹਾਨੂੰ ਸਭਨਾਂ ਗੱਲਾਂ ਦੇ ਵਿਖੇ ਸਿੱਖਿਆ ਦਿੰਦਾ ਹੈ ਅਤੇ ਸਤ ਹੈ, ਝੂਠ ਨਹੀਂ, ਅਤੇ ਜਿਵੇਂ ਉਹਨੇ ਤੁਹਾਨੂੰ ਸਿੱਖਿਆ ਦਿੱਤੀ ਤਿਵੇਂ ਤੁਸੀਂ ਉਹਦੇ ਵਿੱਚ ਕਾਇਮ ਰਹੋ।**

## ਖੁਸ਼ਖਬਰੀ ਨੂੰ ਬਹਾਲ ਕੀਤਾ ਜਾਣਾ

ਯਿਸੂ ਮਸੀਹ ਦੀ ਖੁਸ਼ਖਬਰੀ ਨੂੰ ਚਿੰਨ੍ਹਾਂ ਅਤੇ ਚਮਤਕਾਰਾਂ ਦੇ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ।

ਟੀ.ਐੱਲ. ਓਸਬੋਰਨ ਪ੍ਰਚਾਰ ਕੀਤੀ ਗਈ ਹੈ, ਚਿੰਨ੍ਹਾਂ ਅਤੇ ਅਦਭੁੱਤ ਕੰਮਾਂ ਬਹੁਤ ਸਾਰੇ ਚਮਤਕਾਰਾਂ ਨਾਲ ਦ੍ਰਿੜ ਕੀਤੀ ਗਈ ਅਤੇ ਜਿਨ੍ਹਾਂ ਨਾਲ ਕਿਸੇ ਵੀ ਯੁੱਗ ਵਿੱਚ ਸਭ ਤੋਂ ਮਹਾਨ ਸ਼ੁੱਭ-ਸਮਾਚਾਰਿਕ ਜਿੱਤਾਂ ਪ੍ਰਾਪਤ ਹੋਈਆਂ ਹਨ। ਭਾਵੇਂ ਪਰੰਪਰਾਗਤ ਯਰੂਸ਼ਲਮ ਵਿੱਚ ਪਤਰਸ ਸੀ, ਅਨੈਤਿਕ ਸਾਮਰਿਯਾ ਵਿੱਚ ਫ਼ਿਲਿੱਪੁਸ, ਅਧਰਮੀ ਮਾਲਟਾ ਵਿੱਚ ਪੌਲੁਸ, ਇੱਕੋ ਜਿਹੇ ਨਤੀਜ਼ੇ ਵੇਖੇ ਗਏ ਹਨ : ਖੁਸ਼ਖ਼ਬਰੀ ਚਿੰਨ੍ਹਾਂ ਅਤੇ ਚਮਤਕਾਰਾਂ ਨਾਲ ਪ੍ਰਚਾਰ ਕੀਤਾ ਗਿਆ ਅਤੇ ਬਹੁਤ ਸਾਰੇ ਲੋਕ ਕਲੀਸਿਯਾ ਵਿੱਚ ਜੁੜ ਗਏ।

ਪੌਲੁਸ ਰਸੂਲ ਨੇ ਲਿਖਿਆ ਹੈ :

**1 ਕੁਰਿੰਥੀਆਂ 2:1–5 ਹੇ ਭਰਾਵੋ ਜਾਂ ਮੈ ਤੁਹਾਨੂੰ ਪਰਮੇਸ਼ੁਰ ਦੀ ਸਾਖੀ ਦੀ ਖ਼ਬਰ ਦਿੰਦਾ ਹੋਇਆ ਤੁਹਾਡੇ ਕੋਲ ਆਇਆ ਤਾਂ ਬਚਨ ਜਾਂ ਗਿਆਨ ਦੀ ਉੱਤਮਤਾਈ ਨਾਲ ਨਹੀਂ ਆਇਆ ਕਿਉਂ ਜੋ ਮੈਂ ਇਹ ਠਾਣ ਲਿਆ ਭਈ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨ੍ਹਾਂ ਤੁਹਾਡੇ ਵਿੱਚ ਕਿਸੇ ਹੋਰ ਗੱਲ ਨੂੰ ਨਾ ਜਾਣਾਂ ਅਤੇ ਮੈਂ ਦੁਰਬਲਤਾਈ ਅਤੇ ਭੈ ਅਤੇ ਵੱਡੇ ਕਾਂਬੇ ਨਾਲ ਤੁਹਾਡੇ ਕੋਲ ਰਹਿੰਦਾ ਸੀ ਅਤੇ ਮੇਰਾ ਬਚਨ ਅਤੇ ਮੇਰਾ ਪਰਚਾਰ ਗਿਆਨ ਦੀਆਂ ਮਨਾਉਣ ਵਾਲੀਆਂ ਗੱਲਾਂ ਦੇ ਨਾਲ ਨਹੀਂ ਸਗੋਂ ਆਤਮਾ ਅਤੇ ਸਮਰੱਥਾ ਦੇ ਪਰਮਾਣ ਨਾਲ ਸੀ ਤਾਂ ਜੋ ਤੁਹਾਡੀ ਨਿਹਚਾ ਮਨੁੱਖਾਂ ਦੀ ਬੁੱਧ ਉੱਤੇ ਨਹੀਂ ਸਗੋਂ ਪਰਮੇਸ਼ੁਰ ਦੀ ਸਮਰੱਥਾ ਉੱਤੇ ਠਹਿਰੇ।**

**1 ਕੁਰਿੰਥੀਆਂ 4:20 ਪਰਮੇਸ਼ੁਰ ਦਾ ਰਾਜ ਗੱਲਾਂ ਵਿੱਚ ਤਾਂ ਨਹੀਂ ਸਗੋਂ ਸਮਰੱਥਾ ਵਿੱਚ ਹੈ।**

## ਸਥਾਨਿਕ ਕਲੀਸਿਯਾ

ਸਥਾਨਿਕ ਕਲੀਸਿਯਾ ਪਰਮੇਸ਼ੁਰ ਦੀ ਮਹਿਮਾ ਨੂੰ ਪ੍ਰਗਟ ਕਰਨ ਦਾ ਕੇਂਦਰ ਹੁੰਦਾ ਹੈ, ਇੱਕ ਅਜਿਹਾ ਸਥਾਨ ਜਿੱਥੋਂ ਵਰਦਾਨ ਵਹਿੰਦੇ ਹਨ ਤਾਂ ਕਿ ਸੰਸਾਰ ਵਿੱਚ ਫੈਲ ਸਕਣ। ਇਹ ਉਹ ਜਗ੍ਹਾ ਹੈ ਜਿੱਥੇ ਚੇਲਿਆਂ ਨੂੰ ਅਨੁਸ਼ਾਸਿਤ ਕੀਤਾ, ਸਿਖਾਇਆ ਅਤੇ ਯਿਸੂ ਦੇ ਕੰਮਾਂ ਲਈ ਭੇਜਿਆ ਜਾਂਦਾ ਹੈ।

ਪਰਮੇਸ਼ੁਰ ਦੀ ਯੋਜਨਾ ਵਿੱਚ, ਇਹ ਸਥਾਨਿਕ ਕਲੀਸਿਯਾ ਸੀ ਜਿੱਥੇ ਰਸੂਲ, ਨਬੀ, ਅਤੇ ਹੋਰ ਸੇਵਕਾਈ ਦੇ ਵਰਦਾਨਾਂ ਨੂੰ ਸੇਵਕਾਈ ਦੇ ਕੰਮ ਲਈ ਵਰਤਿਆ ਜਾਂਦਾ ਸੀ ਤਾਂ ਕਿ ਹਰ ਵਿਸ਼ਵਾਸੀ ਨੂੰ ਸਿਖਾਇਆ ਜਾ ਸਕੇ।

ਪਰਮੇਸ਼ੁਰ ਅਜਿਹੇ ਕਲੀਸਿਯਾ ਨੂੰ ਨਹੀਂ ਵਰਤ ਸਕਦਾ ਜੋ ਆਪਣੀਆਂ ਪਰੰਪਰਾਵਾਂ ਨੂੰ ਜ਼ਿੱਦ ਨਾਲ ਫੜ ਕੇ ਰੱਖਦਾ ਹੈ, ਭਾਵੇਂ ਉਹ ਪਰੰਪਰਾਵਾਂ ਨਵੇਂ ਨਿਯਮ ਦੇ ਨਮੂਨੇ ਤੋਂ ਉਲਟਾ ਹੀ ਹੋਣ।

ਪਰਮੇਸ਼ੁਰ ਅਜਿਹੇ ਕਲੀਸਿਯਾ ਨੂੰ ਇਸਤੇਮਾਲ ਕਰਦਾ ਹੈ ਜੋ ਸੇਵਕਾਈ ਦੇ ਸੰਬੰਧ ਵਿੱਚ ਪਰਮੇਸ਼ੁਰ ਦੀ ਨਵੀਂ ਦਿਸ਼ਾ ਨੂੰ ਸਮਝਦਾ ਹੈ-ਇੱਕ ਅਜਿਹਾ ਗਿਰਜਾ ਜਿੱਥੇ ਪੰਜ ਪ੍ਰਕਾਰ ਦੀ ਸੇਵਕਾਈ ਦੇ ਆਗੂ, ਹਰ ਵਿਸ਼ਵਾਸੀ ਨੂੰ ਸੇਵਕਾਈ ਦੇ ਕੰਮ ਲਈ ਤਿਆਰ ਕਰਦੇ ਹਨ।

ਅਜਿਹੇ ਸ਼ਕਤੀਸ਼ਾਲੀ ਨਵੇਂ ਨਿਯਮ ਦੇ ਗਿਰਜਿਆਂ ਵਿੱਚ, ਪਰਮੇਸ਼ੁਰ ਦੀ ਮਹਿਮਾ ਪ੍ਰਗਟ ਹੁੰਦੀ ਹੈ ਅਤੇ ਵਿਸ਼ਵਾਸੀਆਂ ਨੂੰ ਤਿਆਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਸ਼ਕਤੀਸ਼ਾਲੀ, ਪ੍ਰਭਾਵਸ਼ਾਲੀ ਚਮਤਕਾਰੀ ਸ਼ੁੱਭ-ਸਮਾਚਾਰ ਲਈ ਭੇਜਿਆ ਜਾਂਦਾ ਹੈ।

ਟਿੱਪਣੀ : ਗਿਰਜੇ ਦੇ ਵਿਸ਼ੇ ਤੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਏ.ਐੱਲ. ਅਤੇ ਜੋਏਸ ਗਿੱਲ ਦੁਆਰਾ 'ਦੀ ਚਰਚ ਟਰੰਫੈਂਟ' ਪੜ੍ਹੋ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਪਰਮੇਸ਼ੁਰ ਤੋਂ ਬਾਅਦ ਇਸ ਧਰਤੀ ਉੱਤੇ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਤਾਕਤ ਕਿਹੜੀ ਹੈ?

2. ਇਸ ਅੰਤਿਮ ਸਮੇਂ ਵਿੱਚ ਪਰਮੇਸ਼ੁਰ ਦੇ ਕੰਮਾਂ ਦੁਆਰਾ, ਕਿਹੜੀ ਚੀਜ਼ ਲੋਕਾਂ ਨੂੰ ਕਲੀਸਿਯਾਵਾਂ ਵਿੱਚ ਖਿੱਚਦੀ ਹੈ?

3. ਕਲੀਸਿਯਾ ਨੂੰ ਜੇਤੂ ਬਣਾਉਣ ਲਈ, ਕਲੀਸਿਯਾ ਵਿੱਚ ਕਿਹੜੀ ਚੀਜ਼ ਨੂੰ ਬਹਾਲ ਕਰਨ ਦੀ ਲੋੜ ਹੈ?

# ਅਧਿਆਇ ਚਾਰ

# *ਵਿਸ਼ਵਾਸੀ ਦਾ ਅਧਿਕਾਰ*

ਸ਼ੈਤਾਨ ਇਸ ਸੰਸਾਰ ਦੇ ਗੁਆਚੇ ਹੋਇਆਂ ਦੀਆਂ ਆਤਮਿਕ ਅੱਖਾਂ ਬੰਦ ਕਰ ਚੁੱਕਾ ਹੈ। ਲੱਖਾਂ ਲੋਕ, ਝੂਠੇ ਧਰਮਾਂ ਅਤੇ ਛਲ ਦੇ ਆਤਮਿਆਂ ਦੁਆਰਾ ਆਤਮਿਕ ਹਨ੍ਹੇਰੇ ਵਿੱਚ ਫਸ ਗਏ ਹਨ, ਜਿਸ ਦਾ ਨਾਂ ਅਨੰਤ ਨਰਕ ਹੈ।

ਜੇਕਰ ਅਸੀਂ ਗੁਆਚਿਆਂ ਹੋਇਆਂ ਕੋਲ ਪਹੁੰਚਣ ਲਈ ਪ੍ਰਭਾਵਸ਼ਾਲੀ ਹੋਣਾ ਚਾਹੁੰਦੇ ਹਾਂ ਤਾਂ ਸਾਡੇ ਲਈ ਸ਼ਕਤੀਸ਼ਾਲੀ ਆਤਮਿਕ ਯੁੱਧ ਲਈ ਨਿਪੁੰਨ ਹੋਣਾ ਬਹੁਤ ਹੀ ਜ਼ਰੂਰੀ ਹੈ ਤਾਂ ਕਿ ਅਸੀਂ ਗੁਲਾਮਾਂ ਨੂੰ ਅਜ਼ਾਦ ਕਰਵਾ ਸਕੀਏ।

ਬਹੁਤ ਲੋਕ ਵਿਸ਼ਵਾਸੀ ਦੇ ਅਧਿਕਾਰ ਦੀ ਪ੍ਰੇਰਣਾ ਤੋਂ ਬਿਨ੍ਹਾਂ ਹੀ ਆਤਮਿਕ ਯੁੱਧ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਉਹ ਇਨ੍ਹਾਂ ਸੋਚਾਂ ਨਾਲ ਭਰ ਜਾਂਦੇ ਹਨ ਕਿ ਸ਼ੈਤਾਨ ਅਤੇ ਉਸਦੀਆਂ ਦੁਸ਼ਟ ਆਤਮਾਵਾਂ ਕਿੰਨੀਆਂ ਸ਼ਕਤੀਸ਼ਾਲੀ ਹਨ। ਉਹ ਡਰ ਜਾਂਦੇ ਹਨ ਅਤੇ ਉਹ ਪਹਿਲਾਂ ਤੋਂ ਹੀ ਆਪਣਾ ਧਿਆਨ ਤੇਜ਼ੀ ਨਾਲ ਜੀਵਨ ਅਤੇ ਮੌਤ ਦੇ ਸੰਘਰਸ਼ ਵਿੱਚ ਲਗਾ ਚੁੱਕੇ ਹੁੰਦੇ ਹਨ। ਇਹ ਮਹੱਤਵਪੂਰਨ ਹੈ ਕਿ ਵਿਸ਼ਵਾਸੀਆਂ ਨੂੰ ਆਤਮਿਕ ਯੁੱਧ ਬਾਰੇ ਸਿਖਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਆਤਮਿਕ ਜਿੱਤ ਪ੍ਰਾਪਤ ਕਰਨ ਵਾਲੇ ਅਧਿਕਾਰ ਬਾਰੇ ਸਿਖਾਇਆ ਜਾਵੇ।

ਇਸ ਦੈਵੀ ਪ੍ਰੇਰਣਾ ਦੇ ਨਾਲ ਕਿ ਯਿਸੂ ਮਸੀਹ ਵਿੱਚ ਉਹ ਕੌਣ ਹਨ, ਯਿਸੂ ਮਸੀਹ ਦੇ ਨਾਮ ਵਿੱਚ ਉਨ੍ਹਾਂ ਦਾ ਅਧਿਕਾਰ, ਅਤੇ ਜਿੱਤ ਪ੍ਰਾਪਤ ਕੀਤੀ ਹੋਈ ਤਾਕਤ ਜੋ ਉਸਦੇ ਲਹੂ ਵਿੱਚ ਅਤੇ ਵਚਨ ਵਿੱਚ ਹੈ, ਵਿਸ਼ਵਾਸੀ ਲੋਕ ਬੜੀ ਹਿੰਮਤ ਅਤੇ ਨਵੀਂ ਨਿਡਰਤਾ ਨਾਲ ਸ਼ੈਤਾਨ ਦੇ ਕਿਲਿਆਂ ਵਿੱਚ ਜਾਂਦੇ ਹਨ ਅਤੇ ਗੁਲਾਮਾਂ ਨੂੰ ਅਜ਼ਾਦ ਕਰਵਾਉਂਦੇ ਹਨ।

ਵਿਸ਼ਵਾਸੀ ਦੇ ਅਧਿਕਾਰ ਅਤੇ ਸਾਡੇ ਯੁੱਧ ਦੇ ਸ਼ਕਤੀਸ਼ਾਲੀ ਹਥਿਆਰਾਂ ਦੀ ਸਮਝ ਇਨ੍ਹਾਂ ਅੰਤਿਮ ਦਿਨਾਂ ਵਿੱਚ ਸਾਨੂੰ ਪ੍ਰਭਾਵਸ਼ਾਲੀ ਸ਼ੁੱਭ-ਸਮਾਚਾਰ ਪ੍ਰਚਾਰ ਲਈ ਤਿਆਰ ਕਰਦੀ ਹੈ।

## ਵਿਸ਼ਵਾਸੀਆਂ ਦੀ ਤਾਕਤ ਅਤੇ ਅਧਿਕਾਰ

### ਮਨੁੱਖ ਜਾਤੀ ਨੂੰ ਮਿਲਿਆ ਹੋਇਆ ਅਧਿਕਾਰ

ਪਰਮੇਸ਼ੁਰ ਨੇ ਮਨੁੱਖ ਨੂੰ ਆਪਣੇ ਸਵਰੂਪ ਤੇ ਬਣਾਇਆ ਅਤੇ ਉਸਨੂੰ ਇਸ ਧਰਤੀ ਦੀ ਹਰ ਚੀਜ਼ ਤੇ ਸ਼ਾਸ਼ਨ ਕਰਨ ਦਾ ਅਧਿਕਾਰ ਦਿੱਤਾ ਹੈ।

**ਉਤਪਤ 1:26 ਤਾਂ ਪਰਮੇਸ਼ੁਰ ਨੇ ਆਖਿਆ "ਕਿ ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ ਅਤੇ ਓਹ ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਅਕਾਸ਼ ਦਿਆਂ ਪੰਛੀਆਂ ਉੱਤੇ ਅਤੇ ਡੰਗਰਾਂ ਉੱਤੇ ਸਗੋਂ ਸਾਰੀ ਧਰਤੀ ਉੱਤੇ ਅਤੇ ਧਰਤੀ ਪੁਰ ਸਾਰੇ ਘਿਸਰਨ ਵਾਲਿਆਂ ਉੱਤੇ ਰਾਜ ਕਰਨ।"**

ਸਵਰਗ ਵਿੱਚ ਯੁੱਧ ਤੋਂ ਬਾਅਦ, ਸ਼ੈਤਾਨ ਨੂੰ ਇਸ ਧਰਤੀ ਉੱਤੇ ਸੁੱਟ ਦਿੱਤਾ ਗਿਆ। ਜਦੋਂ ਪਰਮੇਸ਼ੁਰ ਨੇ ਆਦਮੀ ਨੂੰ ਬਣਾ ਕੇ ਉਸ ਵਿੱਚ ਆਪਣਾ ਸਾਹ ਫੂਕਿਆ ਜੀਵਨ ਦਾ ਸਾਹ ਫੂਕਿਆ, ਉਸ ਸਮੇਂ ਸ਼ੈਤਾਨ ਵੇਖ ਰਿਹਾ ਸੀ। ਉਹ ਉਸ ਸਮੇਂ ਵੀ ਵੇਖ ਰਿਹਾ ਸੀ

ਜਦੋਂ ਪਰਮੇਸ਼ੁਰ ਨੇ ਆਦਮੀ ਦੇ ਇੱਕ ਪਾਸਿਓਂ ਹਿੱਸਾ ਲੈ ਕੇ ਉਸ ਤੋਂ ਔਰਤ ਬਣਾਈ ਅਤੇ ਇਨ੍ਹਾਂ ਦੋਵਾਂ ਨਵੇਂ ਮਨੁੱਖਾਂ ਨੂੰ ਧਰਤੀ ਉਤਲੇ ਸਾਰੇ ਜੀਉਂਦੇ ਪ੍ਰਾਣੀ ਉੱਤੇ ਅਧਿਕਾਰ ਦਿੱਤਾ। ਕਿਉਂਕਿ ਉਸ ਸਮੇਂ ਸ਼ੈਤਾਨ ਵੀ ਧਰਤੀ ਉੱਤੇ ਰਹਿੰਦਾ ਸੀ ਇਸ ਲਈ ਇਸ ਰਾਜ ਦਾ ਸ਼ੇਤਾਨ ਅਤੇ ਉਸਦੇ ਪਿੱਛੇ ਚੱਲਣ ਵਾਲੀਆਂ ਸਾਰੀਆਂ ਦੁਸ਼ਟ ਆਤਮਾਵਾਂ ਉੱਤੇ ਅਧਿਕਾਰ ਸੀ।

## ਸ੍ਰਿਸ਼ਟੀ ਦਾ ਉਦੇਸ਼

ਪਰਮੇਸ਼ੁਰ ਨੇ ਆਦਮੀ ਅਤੇ ਔਰਤ ਨੂੰ ਬਣਾਇਆ ਅਤੇ ਉਨ੍ਹਾਂ ਨੂੰ ਧਰਤੀ ਉੱਤੇ ਅਧਿਕਾਰ ਦਿੱਤਾ। ਜਦ ਤੱਕ ਪਰਮੇਸ਼ੁਰ ਨੇ ਹਵਾ ਨੂੰ ਨਾ ਬਣਾ ਲਿਆ ਉਸ ਨੇ ਆਦਮੀ ਨੂੰ ਅਧਿਕਾਰ ਨਹੀਂ ਦਿੱਤਾ। ਪਰਮੇਸ਼ੁਰ ਨੇ ਕਿਹਾ ਕਿ ਉਹ ਰਾਜ ਕਰਨਗੇ। ਪਰਮੇਸ਼ੁਰ ਦੀ ਯੋਜਨਾ ਸੀ ਕਿ ਆਦਮੀ ਅਤੇ ਔਰਤਾਂ ਧਰਤੀ ਉੱਤੇ ਰਾਜ ਅਤੇ ਅਧਿਕਾਰ ਵਿੱਚ ਇਕੱਠੇ ਚੱਲਣ।

## ਆਦਮ ਨੂੰ ਅਜ਼ਾਦ ਮਰਜ਼ੀ ਦਿੱਤੀ ਗਈ

**ਉਤਪਤ 2:16,17 ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਆਗਿਆ ਦਿੱਤੀ "ਕਿ ਬਾ.ਗ ਦੇ ਹਰ ਬਿਰਛ ਤੋਂ ਤੂੰ ਨਿਸੰਗ ਖਾਈਂ ਪਰ ਭਲੇ ਬੁਰੇ ਦੀ ਸਿਆਣ ਦੇ ਬਿਰਛ ਤੋਂ ਤੂੰ ਨਾ ਖਾਈਂ ਕਿਉਂ ਜੋ ਜਿਸ ਦਿਨ ਤੂੰ ਉਸ ਤੋਂ ਖਾਵੇਂ ਤੂੰ ਜ਼ਰੂਰ ਮਰੇਂਗਾ।"**

ਪਰਮੇਸ਼ੁਰ ਨੇ ਆਦਮ ਨੂੰ ਅਜ਼ਾਦ ਮਰਜ਼ੀ ਦਿੱਤੀ। ਉਸ ਕੋਲ ਸ਼ਕਤੀ ਸੀ ਕਿ ਉਹ ਪਰਮੇਸ਼ੁਰ ਦੀ ਅਣ ਆਗਿਆਕਾਰੀ ਜਾਂ ਅਣਆਗਿਆਕਾਰੀ ਨੂੰ ਚੁਣ ਸਕੇ। ਆਗਿਆਕਾਰੀ ਅਤੇ ਅਣਆਗਿਆਕਾਰੀ ਦੀ ਆਦਮੀ ਦੀ ਆਪਣੀ ਇੱਛਾ ਨੂੰ ਅਦਨ ਦੇ ਬਗ਼ੀਚੇ ਵਿੱਚ ਪਰਖਿਆ ਗਿਆ ਸੀ।

## ਕੰਮ ਕਰਨ ਦਾ ਅਧਿਕਾਰ

**ਉਤਪਤ 2:19 ਯਹੋਵਾਹ ਪਰਮੇਸ਼ੁਰ ਨੇ ਮਿੱਟੀ ਤੋਂ ਜੰਗਲ ਦੇ ਹਰ ਇੱਕ ਜਾਨਵਰ ਨੂੰ ਅਤੇ ਅਕਾਸ਼ ਦੇ ਹਰ ਇੱਕ ਪੰਛੀ ਨੂੰ ਰਚਿਆ ਅਤੇ ਆਦਮੀ ਕੋਲ ਲੈ ਆਇਆ ਤਾਂ ਜੋ ਉਹ ਵੇਖੇ ਭਈ ਉਹ ਕਿਵੇਂ ਉਨ੍ਹਾਂ ਨੂੰ ਸੱਦੇਗਾ ਅਤੇ ਜੋ ਕੁਝ ਆਦਮੀ ਨੇ ਉਸ ਜੀਉਂਦੇ ਪ੍ਰਾਣੀ ਨੂੰ ਸੱਦਿਆ ਸੋ ਉਹਨਾ ਨਾਉਂ ਹੋ ਗਿਆ।**

ਜਦੋਂ ਅਸੀਂ ਆਦਮ ਨੂੰ ਸਾਰੇ ਜਾਨਵਰਾਂ ਦਾ ਨਾਮ ਰੱਖਦੇ ਹੋਏ ਵੇਖਦੇ ਹਾਂ, ਤਾਂ ਅਸੀਂ ਉਸਨੂੰ ਇਸ ਧਰਤੀ ਉੱਤੇ ਪਰਮੇਸ਼ੁਰ ਵੱਲੋਂ ਮਿਲੇ ਆਪਣੇ ਅਧਿਕਾਰ ਨੂੰ ਵਰਤਦੇ ਹੋਏ ਵੇਖਦੇ ਹਾਂ।

## ਸ਼ੈਤਾਨ ਮਨੁੱਖ ਜਾਤੀ ਨੂੰ ਨਫ਼ਰਤ ਕਰਦਾ ਸੀ

ਸ਼ੈਤਾਨ ਮਨੁੱਖ ਜਾਤੀ ਨੂੰ ਨਫ਼ਰਤ ਕਰਦਾ ਸੀ ਕਿਉਂਕਿ ਉਹ ਪਰਮੇਸ਼ੁਰ ਦੇ ਸਵਰੂਪ ਤੇ ਬਣਾਏ ਗਏ ਹਨ।

- ਉਹ ਪਰਮੇਸ਼ੁਰ ਵਰਗੇ ਦਿੱਖਦੇ ਹਨ।
- ਉਹ ਪਰਮੇਸ਼ੁਰ ਵਾਂਗ ਚੱਲਦੇ ਹਨ।
- ਉਹ ਪਰਮੇਸ਼ੁਰ ਵਾਂਗ ਬੋਲਦੇ ਹਨ।

ਸ਼ੈਤਾਨ ਦੇ ਮਨ ਵਿੱਚ ਪਰਮੇਸ਼ੁਰ ਦੇ ਵਿਰੁੱਧ ਬਲਵਾ ਕਰਨ ਦਾ ਕਾਰਨ ਸੀ ਉਹ ਪਰਮੇਸ਼ੁਰ ਵਰਗੇ ਜੀਵਾਂ ਉੱਤੇ ਸੀ ਜਿਸਨੂੰ ਆਦਮੀ ਅਤੇ ਔਰਤ ਕਹਿੰਦੇ ਹਨ।

ਸ਼ੈਤਾਨ ਦਾ ਡਰ

ਸ਼ੈਤਾਨ ਲਈ ਇਹ ਸਭ ਤੋਂ ਵੱਧ ਮਹੱਤਵਪੂਰਨ ਹੈ ਕਿ ਅਸੀਂ ਉਸ ਅਧਿਕਾਰ ਨੂੰ ਨਾ ਤਾਂ ਜਾਣ ਸਕੀਏ ਅਤੇ ਨਾ ਹੀ ਉਸ ਦੇ ਅਨੁਸਾਰ ਚੱਲ ਸਕੀਏ, ਜੋ ਅਧਿਕਾਰ ਪਰਮੇਸ਼ੁਰ ਨੇ ਸਾਨੂੰ ਦਿੱਤਾ ਹੈ।

**ਉਤਪਤ 1;28 ਪਰਮੇਸ਼ੁਰ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਖਿਆ ਕਿ ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ ਅਤੇ ਉਹਨੂੰ ਆਪਣੇ ਵੱਸ ਵਿੱਚ ਕਰੋ ਅਤੇ ਸਮੁੰਦਰ ਦੀਆਂ ਮੱਛੀਆਂ ਉੱਤੇ ਅਰ ਅਕਾਸ਼ ਦਿਆਂ ਪੰਛੀਆਂ ਉੱਤੇ ਅਰ ਸਾਰੇ ਧਰਤੀ ਪੁਰ ਘਿਸਰਨ ਵਾਲਿਆਂ ਜੀਆਂ ਉੱਤੇ ਰਾਜ ਕਰੋ।"**

## ਅਧਿਕਾਰ ਦਾ ਗੁਆਚ ਜਾਣਾ

---

### ਮਨੁੱਖ ਦਾ ਡਿੱਗਣਾ

ਜਦੋਂ ਆਦਮ ਤੇ ਹਵਾ ਨੇ ਪਰਮੇਸ਼ੁਰ ਦੀ ਅਣਆਗਿਆਕਾਰੀ ਕੀਤੀ ਅਤੇ ਆਪਣੇ ਅਧਿਕਾਰਾਂ ਨੂੰ ਗੁਆ ਲਿਆ, ਤਾਂ ਉਨ੍ਹਾਂ ਨੇ ਉਹ ਅਧਿਕਾਰ ਵੀ ਗੁਆ ਲਿਆ ਜਿਸ ਲਈ ਉਨ੍ਹਾਂ ਨੂੰ ਰਚਿਆ ਗਿਆ ਸੀ।

➢ *ਧੋਖਾ*

ਸ਼ੈਤਾਨ ਨੇ ਧੋਖਾ ਦੇਣ ਦਾ ਅਨੁਭਵ ਕੀਤਾ ਸੀ। ਉਹ ਸਵਰਗ ਦੇ ਦੂਤਾਂ ਨੂੰ ਧੋਖਾ ਦੇ ਚੁੱਕਾ ਸੀ। ਇੱਕ ਤਿਹਾਈ ਸਵਰਗ-ਦੂਤ ਇਸ ਵਿਦਰੋਹ ਵਿੱਚ ਉਸਦੇ ਪਿੱਛੇ ਚੱਲ ਪਏ ਸਨ।

**ਉਤਪਤ 2:17 "ਪਰ ਭਲੇ ਬੁਰੇ ਦੀ ਸਿਆਣ ਦੇ ਬਿਰਛ ਤੋਂ ਤੂੰ ਨਾ ਖਾਈਂ ਕਿਉਂ ਜੋ ਜਿਸ ਦਿਨ ਤੂੰ ਉਸ ਤੋਂ ਖਾਵੇਂ ਤੂੰ ਜ਼ਰੂਰ ਮਰੇਂਗਾ।"**

**ਉਤਪਤ 3:1 ਸੱਪ ਸਭ ਜੰਗਲੀ ਜਾਨਵਰਾਂ ਨਾਲੋਂ ਜਿਨ੍ਹਾਂ ਨੂੰ ਯਹੋਵਾਹ ਪਰਮੇਸ਼ੁਰ ਨੇ ਬਣਾਇਆ ਸੀ ਚਾਤਰ ਸੀ ਅਤੇ ਉਸਨੇ ਉਸ ਤੀਵੀਂ ਨੂੰ ਆਖਿਆ, "ਭਲਾ, ਪਰਮੇਸ਼ੁਰ ਨੇ ਸੱਚਮੁੱਚ ਆਖਿਆ ਹੈ ਕਿ ਬਾਗ਼ ਦੇ ਕਿਸੇ ਬਿਰਛ ਤੋਂ ਤੁਸੀਂ ਨਾ ਖਾਓ?"**

ਸ਼ੈਤਾਨ ਆਪਣਾ ਰੂਪ ਬਦਲ ਕੇ ਅਤੇ ਬਿਨ੍ਹਾਂ ਸੰਕੇਤ ਦਿੱਤੇ ਬਾਗ਼ ਵਿੱਚ ਆ ਗਿਆ ਸੀ। ਬਾਗ ਵਿੱਚ ਉਸਦਾ ਕੋਈ ਅਧਿਕਾਰ ਨਹੀਂ ਸੀ ਅਤੇ ਜੇਕਰ ਆਦਮ ਉਸ ਨੂੰ ਪਹਿਚਾਣ ਲੈਂਦਾ ਤਾਂ ਉਸ ਨੂੰ ਬਾਹਰ ਕੱਢ ਸਕਦਾ ਸੀ।

➢ *ਸ਼ੈਤਾਨ ਦਾ ਜੀਵਨ*

ਸ਼ੈਤਾਨ ਨੇ ਪਰਮੇਸ਼ੁਰ ਦੇ ਸ਼ਬਦਾਂ ਨੂੰ ਟੇਢਾ ਕਰ ਕੇ ਉਨ੍ਹਾਂ ਦਾ ਹਵਾਲਾ ਦਿੱਤਾ।

**ਉਤਪਤ 3:2-6 ਤੀਵੀਂ ਨੇ ਸੱਪ ਨੂੰ ਆਖਿਆ "ਕਿ ਬਾਗ਼ ਦੇ ਬਿਰਛਾਂ ਦੇ ਫਲ ਤਾਂ ਅਸੀਂ ਖਾਂਦੇ ਹਾਂ ਪਰ ਜਿਹੜਾ ਬਿਰਛ ਬਾਗ਼ ਦੇ ਵਿਚਕਾਰ ਹੈ ਉਸਦੇ ਫਲ ਤੋਂ ਪਰਮੇਸ਼ੁਰ ਨੇ ਆਖਿਆ ਤੁਸੀਂ ਨਾ ਖਾਓ ਨਾ ਉਹਨੂੰ ਹੱਥ ਲਾਓ ਅਜਿਹਾ ਨਾ ਹੋਵੇ ਕਿ ਤੁਸੀਂ ਮਰ ਜਾਓ।"**

**ਪਰ ਸੱਪ ਨੇ ਤੀਵੀਂ ਨੂੰ ਆਖਿਆ ਕਿ ਤੁਸੀਂ ਕਦੀ ਨਾ ਮਰੋਗੇ। ਸਗੋਂ ਪਰਮੇਸ਼ੁਰ ਜਾਣਦਾ ਹੈ "ਕਿ ਜਿਸ ਦਿਨ ਤੁਸੀਂ ਉਸ ਤੋਂ ਖਾਓਗੇ ਤੁਹਾਡੀਆਂ ਅੱਖੀਆਂ ਖੁੱਲ੍ਹ ਜਾਣਗੀਆਂ ਅਤੇ ਤੁਸੀਂ ਪਰਮੇਸ਼ੁਰ ਵਾਂਙੁ ਭਲੇ ਬੁਰੇ ਦੀ ਸਿਆਣ ਵਾਲੇ ਹੋ ਜਾਓਗੇ।"**

**ਜਾਂ ਤੀਵੀਂ ਨੇ ਵੇਖਿਆ ਕਿ ਉਹ ਬਿਰਛ ਖਾਣ ਲਈ ਚੰਗਾ ਹੈ ਅਤੇ ਅੱਖੀਆਂ ਨੂੰ ਭਾਉਂਦਾ ਹੈ ਅਤੇ ਉਹ ਬਿਰਛ ਬੁੱਧ ਦੇਣ ਲਈ ਲੋੜੀਂਦਾ ਹੈ ਤਾਂ ਉਸਨੇ ਉਹਦੇ ਫਲ ਤੋਂ ਲਿਆ ਤੇ ਆਪ ਖਾਧਾ ਨਾਲੇ ਆਪਣੇ ਪਤੀ ਨੂੰ ਵੀ ਦਿੱਤਾ ਅਤੇ ਉਸਨੇ ਖਾਧਾ।**

ਆਇਤ ਤਿੰਨ ਵਿੱਚ, ਹਵਾ ਨੇ ਉਸ ਨੂੰ "ਛੂਹ ਦਿੱਤਾ" ਜੋ ਪਰਮੇਸ਼ੁਰ ਨੇ ਕਿਹਾ ਸੀ।

ਸ਼ੈਤਾਨ ਨੇ ਹਵਾ ਨੂੰ ਕਿਹਾ "ਤੁਸੀਂ ਨਿਸ਼ਚੇ ਹੀ ਨਾ ਮਰੋਗੇ।" ਉਸਨੇ ਹਵਾ ਨੂੰ ਕਿਹਾ ਕਿ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਜਾਣਗੀਆਂ ਅਤੇ ਉਹ ਪਰਮੇਸ਼ੁਰ ਦੇ ਤੁੱਲ ਹੋ ਜਾਣਗੇ।

- *ਪਾਪ*

ਆਦਮ ਤੇ ਹਵਾ ਦਾ ਪਾਪ। ਪਰਮੇਸ਼ੁਰ ਨੇ ਕਿਹਾ ਸੀ ਉਸ ਨੇ ਮੰਨਣਾ ਛੱਡ ਕੇ ਆਪਣੀ ਕੁਦਰਤੀ ਸੋਚ-ਸਮਝ ਦੇ ਪਿੱਛੇ ਚੱਲਣਾ ਸ਼ੁਰੂ ਕਰ ਦਿੱਤਾ ਅਤੇ ਸ਼ੈਤਾਨ ਦੀਆਂ ਗੱਲਾਂ ਨੂੰ ਸੁਣਿਆ। ਸ਼ੈਤਾਨ ਨੇ ਉਨ੍ਹਾਂ ਨਾਲ ਚਲਾਕੀ ਖੇਡੀ ਅਤੇ ਉਨ੍ਹਾਂ ਨੂੰ ਧੋਖਾ ਦਿੱਤਾ। ਜਦੋਂ ਉਨ੍ਹਾਂ ਨੇ ਪਾਪ ਕਰ ਲਿਆ, ਤਾਂ ਉਨ੍ਹਾਂ ਨੇ ਪਰਮੇਸ਼ੁਰ ਦੇ ਸੁਭਾਅ ਨੂੰ ਗੁਆ ਲਿਆ ਅਤੇ ਪਰਮੇਸ਼ੁਰ ਦੀ ਮਹਿਮਾ ਤੋਂ ਰਹਿਤ ਨੰਗੇ ਖੜ੍ਹੇ ਹੋ ਗਏ ਸਨ।

## ਸ਼ੈਤਾਨ ਦੀਆਂ ਜਿੱਤਾਂ

ਜਦੋਂ ਆਦਮ ਤੇ ਹਵਾ ਨੇ ਪਾਪ ਕੀਤਾ ਸੀ, ਤਾਂ ਉਨ੍ਹਾਂ ਨੇ ਪਰਮੇਸ਼ੁਰ ਵੱਲੋਂ ਦਿੱਤੇ ਆਪਣੇ ਅਧਿਕਾਰ ਨੂੰ ਸ਼ੈਤਾਨ ਅੱਗੇ ਸਮਰਪਿਤ ਕਰ ਦਿੱਤਾ। ਇਸ ਤਰੀਕੇ ਨਾਲ, ਉਹ ਦੁਆਰਾ ਇਸ ਸੰਸਾਰ ਦਾ ਰਾਜਾ ਬਣ ਗਿਆ, ਸ਼ਾਸਕ ਬਣ ਗਿਆ, ਅਤੇ ਹਵਾਈ ਤਾਕਤ ਦਾ ਰਾਜਕੁਮਾਰ ਬਣ ਗਿਆ।

ਕੁਝ ਸਮੇਂ ਬਾਅਦ, ਉਹ ਲੋਕ ਜੋ ਪਰਮੇਸ਼ੁਰ ਵਾਂਗ ਚੱਲਣ ਅਤੇ ਬੋਲਣ ਲਈ ਬਣਾਏ ਗਏ ਸਨ ਉਹ :

- ਅੰਨ੍ਹੇ, ਅਤੇ ਸੜਕਾਂ ਤੇ ਭੀਖ ਮੰਗਣ ਵਾਲੇ ਬਣ ਗਏ।
- ਕਮਜ਼ੋਰੀ ਦੀਆਂ ਆਤਮਾਵਾਂ ਦੇ ਜਕੜੇ ਹੋਏ
- ਦੁਸ਼ਟ ਆਤਮਾਵਾਂ ਦੇ ਜਕੜੇ ਹੋਏ
- ਉਨ੍ਹਾਂ ਦੇ ਮੂੰਹ ਅਤੇ ਸਰੀਰ ਕੋੜ੍ਹ ਨੇ ਖਾ ਲਏ ਹਨ
- ਨੇਤਾ ਜੋ ਧੋਖੇ ਅਤੇ ਧਾਰਮਿਕ ਪਰੰਪਰਾਵਾਂ ਨਾਲ ਅੰਨ੍ਹੇ ਕੀਤੇ ਗਏ ਹਨ।

## ਸਲੀਬ ਤੋਂ ਸਿੰਘਾਸਣ ਤੱਕ

ਯਿਸੂ ਮਸੀਹ ਨੇ ਸਲੀਬ ਉੱਤੇ ਆਪਣੇ ਖੂਨ ਵਹਾਉਣ ਅਤੇ ਸਲੀਬ ਉੱਤੇ ਮਰਨ ਦੇ ਦੁਆਰਾ ਸਾਡੇ ਪਾਪਾਂ ਦਾ ਮੁੱਲ ਦੇ ਦਿੱਤਾ ਹੈ। ਉਸ ਨੇ ਸਾਨੂੰ ਪਾਪ, ਕਮਜ਼ੋਰੀਆਂ, ਬੀਮਾਰੀਆਂ ਅਤੇ ਨਿਰਬਲਤਾਈਆਂ ਤੋਂ ਬਹੁਤ ਦੁੱਖ ਝੱਲਣ ਦੇ ਰਾਹੀਂ ਅਜ਼ਾਦ ਕੀਤਾ ਹੈ।

**ਕੁਲੁੱਸੀਆਂ 2:14 ... ਅਤੇ ਉਸ ਲਿਖਤ ਨੂੰ ਜਿਹੜੀ ਹੁਕਮਾਂ ਕਰਕੇ ਸਾਡੇ ਉਲਟ ਅਤੇ ਸਾਡੇ ਵਿਰੁੱਧ ਸੀ ਉਸਨੇ ਮੇਸ ਦਿੱਤਾ ਅਤੇ ਉਹਨੂੰ ਸਲੀਬ ਉੱਤੇ ਕਿੱਲਾਂ ਨਾਲ ਠੋਕ ਕੇ ਵਿੱਚੋਂ ਚੁੱਕ ਸੁੱਟਿਆ**

## ਆਤਮਾ ਦੇ ਸੰਸਾਰ ਵਿੱਚ

ਯਿਸੂ ਸਾਡੇ ਪਾਪਾਂ ਨੂੰ ਇਸ ਧਰਤੀ ਦੀਆਂ ਗਹਿਰਾਈਆਂ ਵਿੱਚ ਲੈ ਗਿਆ ਅਤੇ ਸਾਡੇ ਬਦਲੇ ਵਿੱਚ ਪਤਾਲ ਅਤੇ ਨਰਕ ਦਾ ਬੇਹੱਦ ਦੁੱਖ ਝੱਲ ਲਿਆ। ਜਿਵੇਂ ਉਹ ਨਿਰਬਲਤਾ

ਦੀ ਹਾਲਤ ਵਿੱਚ ਟੋਏ ਦੀਆਂ ਗਹਿਰਾਈਆਂ ਵਿੱਚ ਭੇਜਿਆ ਗਿਆ ਉਸਨੇ ਹਰ ਉਸ ਪਾਪ ਨੂੰ ਅਜ਼ਾਦ ਕੀਤਾ ਜੋ ਕਿਸੇ ਵੀ ਸਮੇਂ ਕੀਤਾ ਗਿਆ ਹੋਵੇ।

**ਜ਼ਬੂਰ 88:3, 7 ਮੇਰੀ ਜਾਨ ਤਾਂ ਬੁਰਿਆਈਆਂ ਨਾਲ ਭਰੀ ਹੋਈ ਹੈ, ਅਤੇ ਮੇਰਾ ਜੀਵਨ ਪਤਾਲ ਦੇ ਨੇੜੇ ਢੁੱਕਦਾ ਜਾਂਦਾ ਹੈ ਤੇਰਾ ਕਹਿਰ ਮੇਰੇ ਉੱਤੇ ਡਾਢਾ ਭਾਰੀ ਪਿਆ ਹੋਇਆ ਹੈ, ਅਤੇ ਆਪਣੀਆਂ ਸਾਰੀਆਂ ਮੌਜਾਂ ਨਾਲ ਤੈਂ ਮੈਨੂੰ ਦੁੱਖ ਦਿੱਤਾ ਹੈ।**

### ਸ਼ੈਤਾਨ ਅਤੇ ਦੁਸ਼ਟ ਆਤਮਾਵਾਂ ਹਰਾਈਆਂ ਗਈਆਂ

ਜਦੋਂ ਯਿਸੂ ਮਸੀਹ ਨੇ ਸਾਡੇ ਪਾਪਾਂ ਨੂੰ ਧਰਤੀ ਦੇ ਸਭ ਤੋਂ ਗਹਿਰੇ ਹਿੱਸੇ ਵਿੱਚ ਘੱਲ ਦਿੱਤਾ, ਤਾਂ ਪਰਮੇਸ਼ੁਰ ਦੀ ਸ਼ਕਤੀ ਉਸ ਉੱਤੇ ਆਈ।

**ਰਸੂਲਾਂ ਦੇ ਕਰਤੱਬ 2:27 ...ਕਿਉਂ ਕਿ ਤੂੰ ਮੇਰੀ ਜਾਨ ਨੂੰ ਪਤਾਲ ਵਿੱਚ ਨਾ ਛੱਡੇਂਗਾ, ਨਾ ਆਪਣੇ ਪਵਿੱਤਰ ਪੁਰਖ ਨੂੰ ਗਲਨ ਦੇਵੇਂਗਾ।**

ਨਰਕ ਦੇ ਦਰਵਾਜ਼ੇ ਉਸ ਉੱਤੇ ਜਿੱਤ ਪ੍ਰਾਪਤ ਨਹੀਂ ਕਰ ਸਕੇ। ਉਸਨੇ ਮੌਤ, ਨਰਕ ਅਤੇ ਕਬਰ ਦੀਆਂ ਸ਼ੈਤਾਨ ਕੋਲੋਂ ਲੈ ਲਈਆਂ।

**ਕੁਲੁੱਸੀਆਂ 2:15 ਉਸਨੇ ਹਕੂਮਤਾਂ ਅਤੇ ਇਖ਼ਤਿਆਰਾਂ ਨੂੰ ਆਪਣੇ ਗਲੋਂ ਲਾਹ ਕੇ ਅਤੇ ਉਸੇ ਦੇ ਦੁਆਰਾ ਓਹਨਾਂ ਨੂੰ ਫ਼ਤਹਿ ਕਰਕੇ ਖੁੱਲ੍ਹਮ ਖੁੱਲ੍ਹਾ ਤਮਾਸ਼ਾ ਬਣਾਇਆ।**

ਯਿਸੂ ਮਸੀਹ ਨੇ ਸ਼ੈਤਾਨ ਅਤੇ ਉਸਦੀਆਂ ਦੁਸ਼ਟ ਆਤਮਾਵਾਂ ਨੂੰ ਉਨ੍ਹਾਂ ਦੇ ਸਾਰੇ ਅਧਿਕਾਰ ਤੋਂ ਸੱਖਣਾ ਕਰ ਦਿੱਤਾ ਅਤੇ ਲਾਹ ਸੁੱਟਿਆ

### ਪਨਰ-ਉਥਾਨ

ਜਦੋਂ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਤਾਂ ਸ਼ੈਤਾਨ ਅਤੇ ਉਸਦੀਆਂ ਦੁਸ਼ਟ ਆਤਮਾਵਾਂ ਹਮੇਸ਼ਾਂ ਲਈ ਹਰਾ ਦਿੱਤੀਆਂ ਗਈਆਂ।

**ਅਫ਼ਸੀਆਂ 1:19-21 ... ਅਤੇ ਅਸਾਂ ਨਿਹਚਾਵਾਨਾਂ ਵੱਲ ਉਹਦੀ ਸਮਰੱਥਾ ਦਾ ਅਤਿਅੰਤ ਵੱਡਾਪਣ ਉਹਦੀ ਵੱਡੀ ਸ਼ਕਤੀ ਦੇ ਅਮਲ ਅਨੁਸਾਰ ਕੀ ਹੈ ਜਿਹੜਾ ਉਹਨੇ ਮਸੀਹ ਵਿੱਚ ਕੀਤਾ ਜਦ ਉਸਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸੁਰਗੀ ਥਾਵਾਂ ਵਿੱਚ ਆਪਣੇ ਸੱਜੇ ਹੱਥ ਬਹਾਲਿਆ ਉਹ ਹਰੇਕ ਹਕੂਮਤ, ਇਖ਼ਤਿਆਰ, ਕੁਦਰਤ, ਰਿਆਸਤ ਅਤੇ ਹਰੇਕ ਨਾਉਂ ਦੇ ਉਤਾਹਾਂ ਹੈ ਜੋ ਨਾ ਕੇਵਲ ਇਸ ਜੁੱਗ ਵਿੱਚ ਸਗੋਂ ਆਉਣ ਵਾਲੇ ਜੁੱਗ ਵਿੱਚ ਭੀ ਲਈਦਾ ਹੈ।**

### ਸਵਰਗ ਵਿੱਚ ਪ੍ਰਵੇਸ਼ ਕਰਨਾ

ਯਿਸੂ ਸਵਰਗ ਵਿੱਚ ਦਾਖ਼ਿਲ ਹੋਇਆ ਅਤੇ ਜੇਤੂ ਹੋ ਕੇ ਪਿਤਾ ਦੀ ਹਜ਼ੂਰੀ ਵਿੱਚ ਪਹੁੰਚਿਆ।

**ਜ਼ਬੂਰ 24:7-10 ਹੇ ਫਾਟਕੋ, ਆਪਣੇ ਸਿਰ ਉੱਚੇ ਕਰੋ, ਹੇ ਆਦੀ ਦਰਵਾਜ਼ਿਓ, ਉੱਚੇ ਹੋ ਜਾਓ। ਤਾਂ ਜਲਾਲ ਦਾ ਪਾਤਸ਼ਾਹ ਅੰਦਰ ਆਵੇਗਾ।**

**ਏਹ ਜਲਾਲ ਦਾ ਪਾਤਸ਼ਾਹ ਕੌਣ ਹੈ? ਯਹੋਵਾਹ ਸਮਰੱਥੀ ਅਰ ਬਲੀ ਯਹੋਵਾਹ ਜੋ ਯੁੱਧ ਵਿੱਚ ਬਲੀ ਹੈ।**

**ਹੇ ਫਾਟਕੋ, ਆਪਣੇ ਸਿਰ ਉੱਚੇ ਕਰੋ, ਹੇ ਆਦੀ ਦਰਵਾਜ਼ਿਓ, ਉੱਚੇ ਹੋ ਜਾਓ। ਤਾਂ ਜਲਾਲ ਦਾ ਪਾਤਸ਼ਾਹ ਅੰਦਰ ਆਵੇਗਾ।**

**ਏਹ ਜਲਾਲ ਦਾ ਪਾਤਸ਼ਾਹ ਕੌਣ ਹੈ? ਸੈਨਾਂ ਦਾ ਯਹੋਵਾਹ, ਓਹੋ ਜਲਾਲ ਦਾ ਪਾਤਸ਼ਾਹ ਹੈ।**

ਯਿਸੂ ਮਸੀਹ ਕੋਲ ਅਧਿਕਾਰ ਦੀਆਂ ਕੁੰਜੀਆਂ'ਹਨ ਜੋ ਉਸਨੇ ਸ਼ੈਤਾਨ ਤੋਂ ਵਾਪਸ ਲਈਆਂ ਹਨ।

**ਪ੍ਰਕਾਸ਼ ਦੀ ਪੋਥੀ 1:18 "ਅਤੇ ਜੀਉਂਦਾ ਹਾਂ। ਮੈਂ ਮੁਰਦਾ ਸਾਂ ਅਰ ਵੇਖ, ਮੈਂ ਜੁੱਗੋ ਜੁੱਗ ਜੀਉਂਦਾ ਹਾਂ ਅਤੇ ਮੌਤ ਅਤੇ ਪਤਾਲ ਦੀਆਂ ਕੁੰਜੀਆਂ ਮੇਰੇ ਕੋਲ ਹਨ।"**

## ਕੁੰਜੀਆਂ ਮਨੁੱਖ ਨੂੰ ਦਿੱਤੀਆਂ ਗਈਆ

ਯਿਸੂ ਨੇ ਆਪਣੀ ਕਲੀਸਿਯਾ ਨੂੰ ਅਧਿਕਾਰ ਦੀਆਂ ਇਹ ਕੁੰਜੀਆਂ ਦਿੱਤੀਆਂ ਹਨ। ਨਵੇਂ ਸ੍ਰਿਸ਼ਟੀ ਦੇ ਰਾਹੀਂ, ਮਨੁੱਖ ਦਾ ਅਧਿਕਾਰ ਧਰਤੀ ਉੱਤੇ ਬਹਾਲ ਕੀਤਾ ਜਾਂਦਾ ਹੈ।

**ਮੱਤੀ 16:18,19 "ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ ਅਤੇ ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹਦੇ ਉੱਤੇ ਕੁਝ ਵੱਸ ਨਾ ਚੱਲੇਗਾ ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ।"**

## ਅਧਿਕਾਰ ਨੂੰ ਬਹਾਲ ਕੀਤਾ ਗਿਆ

ਇੱਕ ਵਾਰ ਫਿਰ, ਨਵ ਜੀਵਿਤ ਮਨੁੱਖ ਜਾਤੀ ਨੂੰ ਇਸ ਧਰਤੀ ਉੱਤੇ ਉਨ੍ਹਾਂ ਦੇ ਅਧਿਕਾਰ ਦੀ ਅਸਲੀ ਥਾਂ ਤੇ ਬਹਾਲ ਕੀਤਾ ਗਿਆ।

**ਲੂਕਾ 10:19 ਵੇਖੋ ਮੈਂ ਤੁਹਾਨੂੰ ਸੱਪਾਂ ਅਤੇ ਠੂੰਹਿਆਂ ਦੇ ਲਿਤਾੜਨ ਦਾ ਅਰ ਵੈਰੀ ਦੀ ਸਾਰੀ ਸ਼ਕਤੀ ਉੱਤੇ ਇਖ਼ਤਿਆਰ ਦਿੱਤਾ ਹੈ ਅਤੇ ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ।**

## ਯਿਸੂ ਦਾ ਕੰਮ ਪੂਰਾ ਹੋਇਆ

ਯਿਸੂ ਮਸੀਹ ਪਿਤਾ ਦੇ ਸੱਜੇ ਹੱਥ ਬੈਠਾ ਹੈ, ਕਿਉਂਕਿ ਉਸਦਾ ਮਨੁੱਖ ਜਾਤੀ ਲਈ ਕੀਤਾ ਕੰਮ ਪੂਰਾ ਹੋ ਗਿਆ ਸੀ। ਸੰਸਾਰ ਉੱਤੇ ਉਸਦਾ ਕੰਮ ਪੂਰਾ ਹੋ ਗਿਆ ਸੀ।

**ਜ਼ਬੂਰ 110:1 ਯਹੋਵਾਹ ਦਾ ਮੇਰੇ ਪ੍ਰਭੂ ਲਈ ਇਹ ਵਾਕ ਹੈ "ਕਿ ਤੂੰ ਮੇਰੇ ਸੱਜੇ ਪਾਸੇ ਬੈਠ ਜਦ ਤੀਕੁਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰ ਦਿਆਂ।"**

## ਮਨੁੱਖ ਦਾ ਕੰਮ ਸ਼ੁਰੂ ਹੋ ਗਿਆ ਹੈ

ਹੁਣ ਇਹ ਹਰੇਕ ਵਿਸ਼ਵਾਸੀ, ਮਸੀਹ ਦੀ ਦੇਹ ਦਾ ਅੰਗ ਹੋਣ ਦੇ ਨਾਤੇ ਇਹ ਕੰਮ ਹੈ ਕਿ ਇਸ ਅਧਿਕਾਰ ਨੂੰ ਪਰਮੇਸ਼ੁਰ ਦੇ ਅਸਲੀ ਉਦੇਸ਼ ਲਈ ਇਸਤੇਮਾਲ ਕਰ। ਪਰਮੇਸ਼ੁਰ ਦਾ ਆਦਮੀਆਂ ਅਤੇ ਔਰਤਾਂ ਲਈ ਅਸਲੀ ਕੰਮ ਹੈ, ਧਰਤੀ ਉੱਤੇ ਸ਼ਾਸਨ ਕਰਨਾ।

**ਅਫ਼ਸੀਆਂ 1:18–23 ਕਿ ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੇ ਤਾਂ ਜੋ ਤੁਸੀਂ ਜਾਣ ਲਵੋ ਭਈ ਉਹਦੇ ਸੱਦੇ ਤੋਂ ਕੀ ਆਸ ਹੁੰਦੀ ਹੈ ਅਤੇ ਸੰਤਾਂ ਵਿੱਚ ਉਹਦੇ ਤੇਜਵਾਨ ਅਧਿਕਾਰ ਦਾ ਧਨ ਕੀ ਹੈ। ਅਤੇ ਅਸਾਂ ਨਿਹਚਾਵਾਨਾਂ ਵੱਲ ਉਹਦੀ ਸਮਰੱਥਾ ਦਾ ਅਤਿਅੰਤ ਵੱਡਾਪਣ ਉਹਦੀ ਵੱਡੀ ਸ਼ਕਤੀ ਦੇ ਅਮਲ ਅਨੁਸਾਰ ਕੀ ਹੈ। ਜਿਹੜਾ ਉਹਨੇ ਮਸੀਹ ਵਿੱਚ ਕੀਤਾ ਜਦ ਉਸਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸੁਰਗੀ**

**ਥਾਵਾਂ ਵਿੱਚ ਆਪਣੇ ਸੱਜੇ ਹੱਥ ਬਹਾਲਿਆ ਉਹ ਹਰੇਕ ਹਕੂਮਤ ਇਖ਼ਤਿਆਰ, ਕੁਦਰਤ, ਰਿਆਸਤ, ਅਤੇ ਹਰੇਕ ਨਾਉਂ ਦੇ ਉਤਾਹਾਂ ਹੈ ਜੋ ਨਾ ਕੇਵਲ ਇਸ ਜੁੱਗ ਵਿੱਚ ਸਗੋਂ ਆਉਣ ਵਾਲੇ ਜੁੱਗ ਵਿੱਚ ਭੀ ਲਈਦਾ ਹੈ।**

**ਅਤੇ ਸੱਭੋ ਕੁਝ ਉਸਦੇ ਪੈਰਾਂ ਹੇਠ ਕਰ ਦਿੱਤਾ ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸਨੂੰ ਕਲੀਸਿਯਾ ਲਈ ਦੇ ਦਿੱਤਾ ਇਹ ਉਸਦੀ ਦੇਹ ਹੈ ਅਰਥਾਤ ਉਸਦੀ ਭਰਪੂਰੀ ਜਿਹੜਾ ਸਭਨਾਂ ਵਿੱਚ ਸੱਭੋ ਕੁਝ ਭਰਦਾ ਹੈ।**

ਸ਼ੈਤਾਨ ਅਤੇ ਉਸਦੇ ਪਿੱਛੇ ਚੱਲਣ ਵਾਲੇ ਹਾਰ ਚੁੱਕੇ ਹਨ। ਉਹ ਯਿਸੂ ਦੇ ਪੈਰਾਂ ਹੇਠਾਂ ਹਨ। ਅਸੀਂ ਮਸੀਹ ਦੇ ਹਾਂ। ਇਸ ਦਾ ਅਰਥ ਇਹ ਹੈ ਕਿ ਸ਼ੈਤਾਨ ਅਤੇ ਆਤਮਾਵਾਂ ਸਾਡੇ ਪੈਰਾਂ ਹੇਠਾਂ ਹਨ।

**ਅਫ਼ਸੀਆਂ 1:22 ਅਤੇ ਸੱਭੋ ਕੁਝ ਉਸਦੇ ਪੈਰਾਂ ਹੇਠ ਕਰ ਦਿੱਤਾ ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸਨੂੰ ਕਲੀਸਿਯਾ ਲਈ ਦੇ ਦਿੱਤਾ।**

**ਰੋਮੀਆਂ 16:20 ਅਰ ਸ਼ਾਂਤੀ ਦਾਤਾ ਪਰਮੇਸ਼ੁਰ ਸ਼ੈਤਾਨ ਨੂੰ ਝਬਦੇ ਤੁਹਾਡੇ ਪੈਰਾਂ ਦੇ ਹੇਠ ਮਿੱਧੇਗਾ। ਸਾਡੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਤੁਹਾਡੇ ਨਾਲ ਹੋਵੇ।**

ਕਿਸੇ ਦੇ ਪੈਰਾਂ ਹੇਠਾਂ ਹੋਣਾ ਪੂਰੀ ਤਰ੍ਹਾਂ ਜਿੱਤੇ ਹੋਏ, ਵਿਰੋਧੀ ਪਾਸੇ ਨੂੰ ਹਰਾ ਕੇ ਆਪਣੇ ਕਬਜ਼ੇ ਵਿੱਚ ਕਰ ਚੁੱਕੇ ਹੋਏ ਇਹ ਇੱਕ ਸਿੱਧ ਅਧਿਕਾਰ ਦੀ ਤਸਵੀਰ ਹੈ

## ਯਿਸੂ ਮਸੀਹ ਇੰਤਜ਼ਾਰ ਕਰ ਰਿਹਾ ਹੈ

ਯਿਸੂ ਮਸੀਹ ਪਿਤਾ ਦੇ ਸੱਜੇ ਹੱਥ ਬੈਠਾ ਹੈ, ਇਹ ਇੰਤਜ਼ਾਰ ਕਰ ਰਿਹਾ ਹੈ ਕਿ ਵਿਸ਼ਵਾਸੀ ਲੋਕ ਆਪਣੇ ਦੁਬਾਰਾ ਬਹਾਲ ਕੀਤੇ ਅਧਿਕਾਰ ਨੂੰ ਬੋਜ ਲੈਣ। ਫਿਰ ਉਹ ਉੱਠ ਕੇ ਪ੍ਰਦਰਸ਼ਨ ਕਰਦਾ ਹੈ ਅਤੇ ਸ਼ੈਤਾਨ ਅਤੇ ਉਸਦੀਆਂ ਸਾਰੀਆਂ ਦੁਸ਼ਟ ਆਤਮਾਵਾਂ ਹਾਰੀਆਂ ਹੋਈਆਂ ਹਨ ਜਦ ਉਸਨੇ ਉਨ੍ਹਾਂ ਨੂੰ ਆਪਣੇ ਪੈਰਾਂ ਹੇਠਾਂ ਕਰ ਦਿੱਤਾ ਹੈ।

ਯਿਸੂ ਮਸੀਹ ਸਾਡਾ ਇੰਤਜ਼ਾਰ ਕਰ ਰਿਹਾ ਹੈ ਕਿ ਅਸੀਂ ਆਪਣਾ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਦਾ ਕੰਮ ਇਸ ਧਰਤੀ ਉੱਤੇ ਪ੍ਰਭਾਵਸ਼ਾਲੀ ਯੁੱਧ ਦੇ ਰਾਹੀਂ ਪੂਰਾ ਕਰ ਸਕੀਏ।

**ਇਬਰਾਨੀਆਂ 10:12,13 ਪਰ ਏਹ ਪਾਪਾਂ ਦੇ ਬਦਲੇ ਇੱਕੋ ਬਲੀਦਾਨ ਸਦਾ ਲਈ ਚੜ੍ਹਾ ਕੇ ਪਰਮੇਸ਼ੁਰ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ ਅਤੇ ਇਦੋਂ ਅੱਗੇ ਉਡੀਕ ਕਰਦਾ ਹੈ ਜੋ ਉਹ ਦੇ ਵੈਰੀ ਉਹਦੇ ਪੈਰ ਰੱਖਣ ਦੀ ਚੌਂਕੀ ਕੀਤੇ ਜਾਣ।**

## ਵਿਸ਼ਵਾਸੀਆਂ ਨੂੰ ਸ਼ਾਸਨ ਕਰਨਾ ਚਾਹੀਦਾ ਹੈ

ਯਿਸੂ ਮਸੀਹ ਮਨੁੱਖ ਜਾਤੀ ਲਈ ਉੱਚਿਤ ਸ਼ਾਸਨ ਬਹਾਲ ਕਰਨ ਲਈ ਆਇਆ ਸੀ ਜੋ ਸ਼ੈਤਾਨ ਦੁਆਰਾ ਗੁਆਚ ਗਿਆ ਸੀ।

ਸਾਨੂੰ ਪੁੱਤਰ ਦੇ ਰਾਜ ਵਿੱਚ ਭੇਜਿਆ ਗਿਆ ਹੈ। ਸਾਨੂੰ ਉਸਦੇ ਧਰਤੀ ਦੇ ਰਾਜ ਵਿੱਚ ਰਾਜ ਅਤੇ ਸ਼ਾਸਨ ਕਰਨਾ ਹੈ।

**ਕੁਲੁੱਸੀਆਂ 1:13-18 ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਪੁਚਾ ਦਿੱਤਾ। ਉਸਦੇ ਵਿੱਚ ਸਾਨੂੰ ਨਿਸਤਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ।**

**ਉਹ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸ੍ਰਿਸ਼ਟ ਵਿੱਚੋਂ ਜੇਠਾ ਹੈ ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਉਸੇ ਤੋਂ ਉਤਪਤ ਹੋਈਆਂ, ਨਾਲੇ ਦਿੱਸਣ**

**ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖ਼ਤਿਆਰ, ਸੱਭੋ ਕੁਝ ਉਸਦੇ ਰਾਹੀਂ ਅਤੇ ਉਸੇ ਦੇ ਲਈ ਉਤਪਤ ਹੋਇਆ ਹੈ। ਅਤੇ ਉਹ ਸਭ ਤੋਂ ਪਹਿਲਾਂ ਹੈ ਅਰ ਸੱਭੋ ਕੁਝ ਉਸੇ ਵਿੱਚ ਕਾਇਮ ਰਹਿੰਦਾ ਹੈ ਅਤੇ ਉਹ ਦੇਹੀ ਦਾ ਅਰਥਾਤ ਕਲੀਸਿਯਾ ਦਾ ਸਿਰ ਹੈ, ਉਹੋ ਆਦ ਹੈ ਅਤੇ ਮੁਰਦਿਆਂ ਵਿੱਚੋਂ ਜੇਠਾ ਹੈ ਭਈ ਉਹ ਸਭਨਾਂ ਗੱਲਾਂ ਵਿੱਚ ਪਰਧਾਨ ਹੋਵੇ।**

ਯਿਸੂ ਸਿਰ ਹੈ ਅਤੇ ਅਸੀਂ ਉਸਦੀ ਦੇਹ ਹਾਂ; ਅਸੀਂ ਉਸਦੇ "ਪੈਰ" ਹਾਂ।"

## ਅਧਿਕਾਰ ਵਿੱਚ ਚੱਲਣਾ

**ਯਸਾਯਾਹ 54:14-17 ਤੂੰ ਧਰਮ ਵਿੱਚ ਕਾਇਮ ਰਹੇਂਗੀ, ਅਤੇ ਜ਼ੁਲਮ ਤੋਂ ਦੂਰ ਰਹੇਂਗੀ, ਏਸ ਲਈ ਤੂੰ ਨਾ ਡਰੀਂ, ਅਤੇ ਭੈਜਲ ਤੋਂ ਵੀ, ਕਿਉਂ ਜੋ ਉਹ ਤੇਰੇ ਨੇੜੇ ਨਾ ਆਵੇਗਾ ਵੇਖ, ਓਹ ਝਗੜਾ ਛੇੜਦੇ ਹਨ, ਪਰ ਮੇਰੀ ਵੱਲੋਂ ਨਹੀਂ, ਜਿਹੜਾ ਤੇਰੇ ਨਾਲ ਝਗੜੇ ਉਹ ਤੇਰੇ ਕਾਰਨ ਡਿੱਗੇਗਾ।"**

**"ਵੇਖ, ਮੈਂ ਲੋਹਾਰ ਉਤਪਤ ਕੀਤਾ, ਜੋ ਕੋਲਿਆਂ ਦੀ ਅੱਗ ਧੌਂਕਦਾ ਹੈ, ਅਤੇ ਆਪਣੇ ਕੰਮ ਲਈ ਸੰਦ ਕੱਢਦਾ ਹੈ, ਮੈਂ ਹੀ ਨਾਸ਼ ਕਰਨ ਵਾਲਾ ਉਜਾੜਨ ਲਈ ਉਤਪਤ ਕੀਤਾ। ਹਰ ਹਥਿਆਰ ਜੋ ਤੇਰੇ ਵਿਰੁੱਧ ਬਣਾਇਆ ਜਾਵੇ ਨਿਕੰਮਾ ਹੋਵੇਗਾ, ਹਰ ਜੀਭ ਨੂੰ ਜੋ ਤੇਰੇ ਵਿਰੁੱਧ ਨਿਆਉਂ ਲਈ ਉੱਠੇ।" ਤੂੰ ਦੋਸ਼ੀ ਠਹਿਰਾਵੇਂਗੀ, ਏਹ ਯਹੋਵਾਹ ਦੇ ਦਾਸਾਂ ਦਾ ਅਧਿਕਾਰ ਹੈ, ਅਤੇ ਉਨ੍ਹਾਂ ਦਾ ਧਰਮ ਮੈਥੋਂ ਹੈ, ਯਹੋਵਾਹ ਦਾ ਵਾਕ ਹੈ।**

## ਸ਼ਕਤੀਸ਼ਾਲੀ ਸ਼ੁੱਭ-ਸਮਾਚਾਰ ਪ੍ਰਚਾਰ

ਅੱਜ, ਜਦੋਂ ਵਿਸ਼ਵਾਸੀ ਲੋਕ ਆਪਣੇ ਬਹਾਲ ਕੀਤੇ ਗਏ ਅਧਿਕਾਰ ਨੂੰ ਸਮਝ ਜਾਂਦੇ ਹਨ, ਤਾਂ ਵਿਸ਼ਵਾਸੀਆਂ ਦੀ ਇੱਕ ਸ਼ਕਤੀਸ਼ਾਲੀ ਫ਼ੌਜ਼ ਤਿਆਰ ਹੋ ਰਹੀ ਹੈ, ਜੋ ਪਰਮੇਸ਼ੁਰ ਦੇ ਰਾਜ ਨੂੰ ਜ਼ਬਰਦਸਤ (ਜ਼ੋਰਦਾਰ) ਤਰੀਕੇ ਨਾਲ ਫੈਲਾਉਣ ਲਈ ਅਤੇ ਗ਼ੁਲਾਮਾਂ ਨੂੰ ਅਜ਼ਾਦ ਕਰਨ ਲਈ ਵਚਨ ਬੱਧ ਹੈ, ਉਹ ਵਚਨਬੱਧ ਹਨ ਪਰਮੇਸ਼ੁਰ ਦੇ ਵਚਨ ਨੂੰ ਹਰ ਪ੍ਰਾਣੀ ਤੱਕ ਸੁਣਾਉਣ ਲਈ। ਉਨ੍ਹਾਂ ਨੇ ਆਪਣੇ ਹਥਿਆਰ ਅਤੇ ਸ਼ਕਤੀ ਪਰਮੇਸ਼ੁਰ ਦੁਆਰਾ ਖੋਜ ਲਈ ਹੈ, ਤਾਂ ਕਿ ਦ੍ਰਿੜ ਕਿਲ੍ਹਿਆਂ ਨੂੰ ਪੁੱਟ ਸਕੇ। ਉਹ ਲੜਾਕੂ ਅਤੇ ਚਮਤਕਾਰੀ ਸ਼ੁੱਭ-ਸਮਾਚਾਰ ਲਈ ਚੜ੍ਹਾਈ ਕਰਨ ਲਈ ਵਚਨਬੱਧ ਹਨ।

ਇੱਕ ਸਾਥ, ਜਦੋਂ ਯਿਸੂ ਮਸੀਹ ਆਪਣੀ ਫ਼ੌਜ਼ ਵਿੱਚ ਸਭ ਤੋਂ ਵੱਡਾ ਸੈਨਾਪਤੀ ਹੈ, ਅਸੀਂ ਨਿਡਰਤਾ ਨਾਲ ਕਹਿ ਰਹੇ ਹਾਂ, "ਰਾਜ ਦਾ ਇਹ ਸ਼ੁੱਭ-ਸਮਾਚਾਰ ਸਾਰੇ ਸੰਸਾਰ ਵਿੱਚ ਇੱਕ ਗਵਾਹੀ ਲਈ ਹਰ ਰਾਸ਼ਟਰ ਵਿੱਚ ਪ੍ਰਚਾਰ ਕੀਤਾ ਜਾਵੇਗਾ, ਅਤੇ ਫਿਰ ਅੰਤ ਆਵੇਗਾ।"

ਟਿੱਪਣੀ : ਵਿਸ਼ਵਾਸੀਆਂ ਦੇ ਅਧਿਕਾਰ ਵਿਸ਼ੇ ਦੇ ਗਹਿਰੇ ਅਧਿਐਨ ਲਈ, ਵਿਸ਼ਵਾਸੀਆਂ ਦੇ ਅਧਿਕਾਰ ਅਤੇ ਡੈਸਟਾਈਂਡ ਫਾਰ ਦੋਮੀਨੀਅਨ ਏ.ਐੱਲ.ਗਿੱਲ ਦੁਆਰਾ ਲਿਖਿਤ ਕਿਤਾਬ ਨੂੰ ਪੜ੍ਹੋ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਇੱਕ ਵਿਸ਼ਵਾਸੀ ਨੂੰ ਆਤਮਿਕ ਯੁੱਧ ਬਾਰੇ ਸਿਖਾਉਣ ਤੋਂ ਪਹਿਲਾਂ ਕਿਹੜੀ ਜਾਣਕਾਰੀ ਦੇਣੀ ਜ਼ਰੂਰੀ ਹੈ?
2. ਸ਼ੈਤਾਨ ਕਿਉਂ ਮਨੁੱਖ ਜਾਤੀ ਨਾਲ ਨਫ਼ਰਤ ਕਰਦਾ ਹੈ?
3. ਉਹ ਕਿਹੜਾ ਵੱਡਾ ਘਾਟਾ ਸੀ ਜੋ ਆਦਮ ਅਤੇ ਹਵਾ ਨੇ ਪਰਮੇਸ਼ੁਰ ਦੀ ਅਣਆਗਿਆਕਾਰੀ ਅਤੇ ਉਸਦੇ ਵਿਰੁੱਧ ਪਾਪ ਕਰਕੇ ਝੱਲਿਆ। ਉਸ ਘਾਟੇ ਨੂੰ ਬਿਆਨ ਕਰੋ।
4. ਇਸ ਘਾਟੇ ਨੂੰ ਮਨੁੱਖ ਜਾਤੀ ਲਈ ਪੂਰਾ ਕਰਨ ਲਈ ਪਰਮੇਸ਼ੁਰ ਦੀ ਕੀ ਯੋਜਨਾ ਸੀ?

## ਅਧਿਆਇ ਪੰਜ

# *ਲੜਾਕੂ ਸ਼ੁੱਭ-ਸਮਾਚਾਰ ਪ੍ਰਚਾਰ*

### ਭੂਮਿਕਾ

ਹਰ ਵਿਸ਼ਵਾਸੀ ਜਿਸਦੇ ਕੋਲ ਅਧਿਕਾਰ ਦਾ ਪ੍ਰਕਾਸ਼ਨ ਹੈ ਉਹ ਯਿਸੂ ਮਸੀਹ ਵਿੱਚ ਹੈ, ਉਹ ਜਲਦੀ ਹੀ ਚਮਤਕਾਰੀ ਸ਼ੁੱਭ-ਸਮਾਚਾਰ ਦੇ ਕੱਟਣ ਵਾਲੇ ਕਿਨਾਰੇ ਤੇ ਹੋਵੇਗਾ। ਉਹ ਦਲੇਰੀ ਨਾਲ ਨਰਕ ਦੇ ਦਰਵਾਜ਼ਿਆਂ ਤੇ ਬੰਬ ਸੁੱਟਣਗੇ, ਤਾਂ ਕਿ ਲੋਕਾਂ ਨੂੰ ਸ਼ੈਤਾਨ ਦੇ ਨਿਯੰਤਰਣ ਵਿੱਚੋਂ ਆਜ਼ਾਦ ਕਰਵਾ ਸਕਣ।

ਇਹ ਅੰਤਿਮ ਸਮੇਂ ਦੀ ਫ਼ੌਜ਼ ਜੇਤੂ ਤਰੀਕੇ ਨਾਲ ਸ਼ੈਤਾਨੀ ਸ਼ਕਤੀਆਂ ਨੂੰ ਜਿੱਤ ਲਵੇਗੀ ਅਤੇ ਪਰਮੇਸ਼ੁਰ ਦੇ ਹੱਥਾਂ ਵਿੱਚ ਕੀਮਤੀ ਅੰਤਿਮ ਸਮੇਂ ਦੀ ਫ਼ਸਮ ਨੂੰ ਇਕੱਠਾ ਕਰੇਗੀ।

### ਦੁਸ਼ਟ ਆਤਮਾਵਾਂ ਦਾ ਹੜ੍ਹ

ਦੁਸ਼ਟਾਤਮਾਵਾਂ ਦੇ ਹੜ੍ਹਾਂ ਦੇ ਹੜ੍ਹ ਹਨ ਜੋ ਇਸ ਫ਼ਸਲ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ।

ਇਸਦਾ ਉਦੇਸ਼ ਪਰਮੇਸ਼ੁਰ ਦੀ, ਇੱਕ ਪੱਕੀ ਅਤੇ ਮਹਿਮਾ ਨਾਲ ਭਰੀ ਹੋਈ ਕਲੀਸਿਯਾ ਨੂੰ ਤਿਆਰ ਕਰਕੇ, ਉਸਦੇ ਰਾਹੀਂ ਯਿਸੂ ਮਸੀਹ ਦੀ ਖੁਸ਼ਖ਼ਬਰੀ ਦੇ ਦੁਆਰਾ ਰਾਸ਼ਟਰਾਂ ਨੂੰ ਜਿੱਤਣ ਦੀਆਂ ਆਪਣੀਆਂ ਯੋਜਨਾਵਾਂ ਹਨ।

### ਇੱਕ ਦਰਜੇ ਨੂੰ ਉਭਾਰਨਾ

ਪਰ ਪਰਮੇਸ਼ੁਰ ਕੋਲ ਇੱਕ ਬਹੁਤ ਵਧੀਆ ਯੋਜਨਾ ਹੈ। ਯਸਾਯਾਹ ਨੇ ਲਿਖਿਆ ਹੈ ਕਿ ਜਦੋਂ ਦੁਸ਼ਮਣ ਇੱਕ ਹੜ੍ਹ ਦੀ ਤਰ੍ਹਾਂ ਆਉਂਦਾ ਹੈ ਤਾਂ ਪ੍ਰਭੂ ਉਸਦੇ ਵਿਰੁੱਧ ਇੱਕ ਝੰਡਾ ਖੜ੍ਹਾ ਕਰੇਗਾ।

ਅਸੀਂ ਉਹ ਦਰਜੇ ਦੇ ਹਾਂ

**ਯਸਾਯਾਹ 59:19 ਤਾਂ ਓਹ ਯਹੋਵਾਹ ਦੇ ਨਾਮ ਤੋਂ ਲਹਿੰਦਿਓਂ, ਅਤੇ ਉਹਦੇ ਪਰਤਾਪ ਤੋਂ ਸੂਰਜ ਦੇ ਚੜ੍ਹਦਿਓਂ ਡਰਨਗੇ, ਕਿਉਂ ਜੋ ਉਹ ਹੜ੍ਹ ਵਾਲੀ ਨਦੀ ਵਾਂਙੁ ਆਵੇਗਾ, ਜਿਹਨੂੰ ਯਹੋਵਾਹ ਦਾ ਸਾਹ ਰੋੜ੍ਹਦਾ ਹੈ।**

### ਖੇਤਰੀ ਆਤਮ

ਸ਼ੈਤਾਨੀ ਆਤਮਾਵਾਂ ਇਨ੍ਹਾਂ ਉੱਤੇ ਹਨ :

- ਰਾਸ਼ਟਰਾਂ
- ਖੇਤਰਾਂ
- ਜ਼ਿਲ੍ਹਿਆਂ
- ਪਰਿਵਾਰਾਂ

ਫਾਰਸ ਦਾ ਸ਼ੈਤਾਨੀ ਰਾਜਕੁਮਾਰ ਇਸ ਦੀ ਇੱਕ ਉਦਾਹਰਨ ਹੈ, ਸਾਨੂੰ ਦੱਸਿਆ ਗਿਆ ਹੈ ਕਿ ਫਾਰਸ ਰਾਜ ਦੇ ਪ੍ਰਧਾਨ ਨੇ ਪ੍ਰਭੂ ਦੇ ਸਵਰਗਦੂਤ ਨੂੰ ਦਾਨੀਏਲ ਦੀ ਪ੍ਰਾਰਥਨਾ ਦਾ ਉੱਤਰ ਦੇਣ ਲਈ ਜਾਣ ਤੋਂ ਰੋਕੀ ਰੱਖਿਆ। ਕੁਝ ਦੇਰ ਪਿੱਛੋਂ, ਮੁੱਖ ਸਵਰਗੀ ਪ੍ਰਧਾਨਾਂ ਵਿੱਚੋਂ ਮੀਕਾਏਲ ਨੂੰ, ਯੁੱਧ ਵਿੱਚ ਸਹਾਇਤਾ ਕਰਨ ਲਈ ਭੇਜਿਆ ਗਿਆ।

**ਦਾਨੀਏਲ 10:13 "ਪਰ ਫਾਰਸ ਦੇ ਰਾਜ ਦੇ ਪਰਧਾਨ ਨੇ ਮੈਨੂੰ ਇੱਕੀਆਂ ਦਿਨਾਂ ਤੀਕਰ ਅਟਕਾ ਛੱਡਿਆ। ਵੇਖ, ਮੀਕਾਏਲ ਜੋ ਪਰਧਾਨਾਂ ਵਿੱਚੋਂ ਵੱਡਾ ਹੈ ਮੇਰੀ ਸਹਾਇਤਾ ਨੂੰ ਪਹੁੰਚਿਆ ਸੋ ਮੈਂ ਉੱਥੇ ਫਾਰਸ ਦੇ ਰਾਜਿਆਂ ਨਾਲ ਰਿਹਾ।"**

## ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ ਯੁੱਧ

ਜਦੋਂ ਅਸੀਂ ਸ਼ੁੱਭ-ਸਮਾਚਾਰ ਪ੍ਰਚਾਰ ਸ਼ੁਰੂ ਕਰਦੇ ਹਾਂ, ਅਸੀਂ ਸ਼ੈਤਾਨ ਦੇ ਕਿਲ੍ਹਿਆਂ ਦੇ ਵਿਰੁੱਧ ਆਉਂਦੇ ਹਾਂ। ਸਾਨੂੰ ਆਪਣੇ ਪਰਮੇਸ਼ੁਰ ਦੁਆਰਾ ਮਿਲੇ ਹੋਏ ਬੰਨਣ ਅਤੇ ਖੋਲ੍ਹਣ ਦੇ ਅਧਿਕਾਰ ਨੂੰ ਵਰਤਣਾ ਜ਼ਰੂਰੀ ਹੁੰਦਾ ਹੈ ਤਾਂ ਕਿ ਗੁਲਾਮ ਅਜ਼ਾਦ ਹੋ ਸਕਣ।

ਸਾਨੂੰ ਪ੍ਰਧਾਨ ਸ਼ਾਸਕਾਂ ਨਾਲ ਸਿੱਧੇ ਜ਼ਬਰਦਸਤ ਵਿਰੋਧ ਵਿੱਚ ਆਉਣ ਦੀ ਆਸ ਰੱਖਣੀ ਚਾਹੀਦੀ ਹੈ।

ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ :

- ਬਲਵੰਤ ਆਦਮੀ ਬਾਰੇ ਜਾਣੀਏ
- ਆਪਣੇ ਅਧਿਕਾਰ ਨੂੰ ਕੰਮ ਵਿੱਚ ਲਿਆਈਏ
- ਕਬਜ਼ਾ ਕੀਤੇ ਸਥਾਨ ਨੂੰ ਅਧਿਕਾਰ ਵਿੱਚ ਲੈਣਾ ਜਾਣੀਏ
- ਯੁੱਧ ਵਿੱਚ ਕਿਸ ਤਰ੍ਹਾਂ ਜਾਣਾ ਚਾਹੀਦਾ ਹੈ ਉਸਦੇ ਬਾਰੇ ਜਾਨਣਾ!

## ਰੁਕਾਵਟ ਪਾਉਣ ਵਾਲੀਆਂ ਆਤਮਾਵਾਂ ਨੂੰ ਜਾਣੀਏ

ਸ਼ੈਤਾਨ ਦੀ ਫ਼ੌਜ਼ ਵਿੱਚ ਅਦਿੱਖ ਆਤਮਿਕ ਤਾਕਤਾਂ ਹਨ ਜਿਨ੍ਹਾਂ ਦਾ ਪਹਿਲਾ ਕੰਮ ਸ਼ੁੱਭ-ਸਮਾਚਾਰ ਨੂੰ ਫੈਲਣ ਵਿੱਚ ਰੁਕਾਵਟ ਪਾਉਣਾ ਹੈ। ਜਾਣਕਾਰੀ ਦੀ ਘਾਟ ਨਾਲ ਜਿਵੇਂ ਦੂਜੇ ਦਾ ਪੱਖ ਲੈਣਾ, ਅਸੀਂ ਅਕਸਰ ਅਦਿੱਖ ਸ਼ੈਤਾਨੀ ਤਾਕਤਾਂ ਤੇ ਸਿੱਧਾ ਹਮਲਾ ਕਰਨ ਵਿੱਚ ਅਸਫਲ ਹੋ ਜਾਂਦੇ ਹਾਂ।

**ਥੱਸਲੁਨੀਕੀਆਂ 2:18 ਕਿਉਂ ਜੋ ਅਸਾਂ ਅਰਥਾਤ ਮੈਂ ਪੌਲੁਸ ਨੇ ਵਾਰ ਵਾਰ ਤੁਹਾਡੇ ਕੋਲ ਆਉਣ ਦੀ ਦਲੀਲ ਕੀਤੀ ਪਰ ਸ਼ੈਤਾਨ ਨੇ ਸਾਨੂੰ ਡੱਕ ਦਿੱਤਾ।**

## ਆਤਮਿਕ ਅੰਨ੍ਹਾਪਨ

ਸ਼ੈਤਾਨ ਨੇ ਅਵਿਸ਼ਵਾਸੀਆਂ ਦੇ ਮਨਾਂ ਨੂੰ ਸ਼ੁੱਭ-ਸਮਾਚਾਰ ਨੂੰ ਗ੍ਰਹਿਣ ਕਰਨ ਤੋਂ ਅੰਨ੍ਹਾ ਕਰ ਰੱਖਿਆ ਹੈ।

ਵਿਸ਼ਵਾਸੀ ਇਸ ਆਤਮਿਕ ਅੰਨੇਪਨ ਨੂੰ ਨਿਸ਼ਚਤ ਤੌਰ ਤੇ ਤੋੜ ਸਕਦੇ ਹਨ, ਇਨ੍ਹਾਂ ਦੁਸ਼ਟ ਆਤਮਾਵਾਂ ਨੂੰ ਬੰਨ ਕੇ ਜੋ ਉਨ੍ਹਾਂ ਦੇ ਜੀਵਨਾਂ ਵਿੱਚ ਰਾਜ ਕਰ ਰਹੀਆਂ ਹਨ ਉਹ ਨਿਸ਼ਚੇ ਹੀ ਸ਼ੁੱਭ-ਸਮਾਚਾਰ ਦੀ ਰੌਸ਼ਨੀ ਨੂੰ ਵੀ ਆਪਣੇ ਉੱਤੇ ਚਮਕਣ ਤੋਂ ਗੁਆ ਬੈਠਦੇ ਹਨ।

**2 ਕੁਰਿੰਥੀਆਂ 4:4 ਜਿਨ੍ਹਾਂ ਵਿੱਚ ਇਸ ਜੁੱਗ ਦੇ ਈਸ਼ੁਰ ਨੇ ਬੇਪਰਤੀਤਿਆਂ ਦੀਆਂ ਬੁੱਧਾਂ ਅੰਨ੍ਹੀਆਂ ਕਰ ਦਿੱਤੀਆਂ ਮਤੇ ਮਸੀਹ ਜੋ ਪਰਮੇਸ਼ੁਰ ਦਾ ਸਰੂਪ ਹੈ ਉਹਦੇ ਤੇਜ ਦੀ ਖੁਸ਼ਖ਼ਬਰੀ ਦਾ ਚਾਨਣ ਉਨ੍ਹਾਂ ਉੱਤੇ ਪਰਕਾਸ਼ ਹੋਵੇ।**

## ਬਲਵੰਤ ਆਦਮੀ ਨੂੰ ਬੰਨ੍ਹਣਾ

ਯਿਸੂ ਮਸੀਹ ਨੇ ਸਿਖਾਇਆ ਹੈ ਕਿ ਸਾਨੂੰ ਸਭ ਤੋਂ ਪਹਿਲਾਂ ਬਲਵਾਨ ਆਦਮੀ ਨੂੰ ਬੰਨ੍ਹਣਾ ਜ਼ਰੂਰੀ ਹੈ ਜੋ ਰਾਜ ਅਤੇ ਉਹ ਤਾਕਤਾਂ ਹਨ, ਜੋ ਰਾਸ਼ਟਰਾਂ ਦੇ ਖੇਤਰਾਂ, ਰਾਸ਼ਟਰਾਂ, ਪ੍ਰਦੇਸ਼ਾਂ, ਖੇਤਰਫਲਾਂ, ਪਰਿਵਾਰਾਂ ਅਤੇ ਵਿਅਕਤੀਆਂ ਉੱਤੇ ਸ਼ਾਸਨ ਕਰ ਰਹੀਆਂ ਹਨ।

**ਮੱਤੀ 12:29 "ਅਥਵਾ ਕੋਈ ਕਿਸੇ ਜ਼ੋਰਾਵਰ ਦੇ ਘਰ ਵਿੱਚ ਵੜ ਕੇ ਉਹਦਾ ਮਾਲ ਕਿੱਕੁਰ ਲੁੱਟ ਸਕਦਾ ਹੈ ਜੇ ਪਹਿਲਾਂ ਉਸ ਜੋਰਾਵਰ ਨੂੰ ਬੰਨ੍ਹ ਨਾ ਲਵੇ? ਤਾਂ ਉਹਦਾ ਘਰ ਲੁੱਟੇਗਾ।"**

**ਮੱਤੀ 18:18 "ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੁਝ ਤੁਸੀਂ ਧਰਤੀ ਉੱਤੇ ਬੰਨ੍ਹੋਗੇ ਸੋ ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੁਸੀਂ ਧਰਤੀ ਉੱਤੇ ਖੋਲ੍ਹੋਗੇ ਸੋ ਸੁਰਗ ਵਿੱਚ ਖੋਲ੍ਹਿਆ ਜਾਵੇਗਾ।"**

ਸਾਨੂੰ ਆਤਮਾਵਾਂ ਦੀ ਸਮਝ ਦੇ ਵਰਦਾਨ ਨੂੰ ਸ਼ਾਸਨ ਕਰਨ ਵਾਲੀਆਂ ਆਤਮਾਵਾਂ ਨੂੰ ਪਹਿਚਾਨਣ, ਅਤੇ ਫਿਰ ਬੰਨ੍ਹਣ ਅਤੇ ਬਾਹਰ ਕੱਢਣ ਲਈ ਵਰਤਣਾ ਚਾਹੀਦਾ ਹੈ,

**1 ਕੁਰਿੰਥੀਆਂ 12:7–11 ਪਰ ਆਤਮਾ ਦਾ ਪਰਕਾਸ਼ ਜੋ ਸਭਨਾਂ ਦੇ ਲਾਭ ਲਈ ਹੈ ਇੱਕ ਇੱਕ ਨੂੰ ਦਿੱਤਾ ਜਾਂਦਾ ਹੈ ਇੱਕ ਨੂੰ ਤਾਂ ਆਤਮਾ ਦੇ ਰਾਹੀਂ ਗਿਆਨ ਦੀ ਗੱਲ ਪ੍ਰਾਪਤ ਹੁੰਦੀ ਹੈ ਅਤੇ ਦੂਏ ਨੂੰ ਓਸੇ ਆਤਮਾ ਦੇ ਅਨੁਸਾਰ ਵਿੱਦਿਆ ਦੀ ਗੱਲ ਅਤੇ ਹੋਰ ਕਿਸੇ ਨੂੰ ਉਸੇ ਆਤਮਾ ਤੋਂ ਨਿਹਚਾ ਅਤੇ ਹੋਰ ਕਿਸੇ ਨੂੰ ਉਸੇ ਇੱਕੋ ਆਤਮਾ ਤੋਂ ਨਰੋਇਆਂ ਕਰਨ ਦੀਆਂ ਦਾਤਾਂ ਅਤੇ ਹੋਰ ਕਿਸੇ ਨੂੰ ਕਰਾਮਾਤਾਂ ਵਿਖਾਉਣ ਦੀ ਸਮਰੱਥਾ ਅਤੇ ਹੋਰ ਕਿਸੇ ਨੂੰ ਅਗੰਮਵਾਕ ਅਤੇ ਹੋਰ ਕਿਸੇ ਨੂੰ ਆਤਮਿਆਂ ਦੀ ਪਛਾਣ ਅਤੇ ਹੋਰ ਨੂੰ ਅਨੇਕ ਪ੍ਰਕਾਰ ਦੀਆਂ ਭਾਸ਼ਾਂ ਅਤੇ ਹੋਰ ਕਿਸੇ ਨੂੰ ਭਾਸ਼ਾਂ ਦਾ ਅਰਥ ਕਰਨਾ। ਪਰ ਉਹ ਇੱਕੋ ਆਤਮਾ ਇਹ ਸਭ ਕੁਝ ਕਰਦਾ ਹੈ ਅਤੇ ਉਹ ਜਿਸ ਤਰ੍ਹਾਂ ਚਾਹੁੰਦਾ ਹੈ ਹਰੇਕ ਨੂੰ ਇੱਕ ਇੱਕ ਕਰਕੇ ਵੰਡ ਦਿੰਦਾ ਹੈ।**

## ਆਤਮਿਕ ਕੁਸ਼ਤੀ

ਆਤਮਿਕ ਯੁੱਧ ਵਿੱਚ ਅਕਸਰ ਆਤਮਾ ਦੇ ਖੇਤਰ ਵਿੱਚ ਲਗਾਤਾਰ ਕੁਸ਼ਤੀ ਹੁੰਦੀ ਹੈ। ਸਾਡੀਆਂ ਲੋੜਾਂ ਅਤੇ ਪ੍ਰਾਰਥਨਾਵਾਂ ਦਾ ਜਵਾਬ ਹਮੇਸ਼ਾ ਅਸਾਨੀ ਨਾਲ ਹਾਸਿਲ ਨਹੀਂ ਹੁੰਦਾ ਹੈ। ਕਈ ਵਾਰ ਅਜਿਹੇ ਸਮੇਂ ਹੁੰਦੇ ਹਨ ਜਦੋਂ ਸਾਨੂੰ ਯਿਸੂ ਮਸੀਹ ਦੇ ਇੱਕ ਚੰਗੇ ਸਿਪਾਹੀ ਵਾਂਗ ਮੁਸੀਬਤਾਂ ਝੱਲਣੀਆਂ ਪੈਂਦੀਆਂ ਹਨ।

ਪੌਲੁਸ ਰਸੂਲ ਨੇ ਇਸ ਤਰ੍ਹਾਂ ਲਿਖਿਆ ਹੈ।

**ਅਫ਼ਸੀਆਂ 6:12 ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖ਼ਤਿਆਰਾਂ, ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ।**

ਦਾਊਦ ਨੇ ਕੁਸ਼ਤੀ ਦੇ ਸਮੇਂ ਲਈ ਉਤਸ਼ਾਹ ਦੇ ਵਚਨ ਲਿਖੇ ਹਨ।

**ਜ਼ਬੂਰਾਂ ਦੀ ਪੋਥੀ 91:11,13 ਉਹ ਤਾਂ ਆਪਣੇ ਦੂਤਾਂ ਨੂੰ ਤੇਰੇ ਲਈ ਹੁਕਮ ਦੇਵੇਗਾ, ਭਈ ਓਹ ਤੇਰਿਆਂ ਸਾਰਿਆਂ ਰਾਹਾਂ ਵਿੱਚ ਤੇਰੀ ਰੱਛਿਆ ਕਰਨ0।**

**"ਤੂੰ ਸ਼ੀਂਹ ਅਤੇ ਸੱਪ ਨੂੰ ਮਿੱਧੇਂਗਾ, ਤੂੰ ਜੁਆਨ ਸ਼ੀਂਹ ਅਤੇ ਨਾਗ ਨੂੰ ਲਤਾੜੇਂਗਾ।**

## ਸਵਰਗਦੂਤਾਂ ਨਾਲ ਸੇਵਕਾਈ ਕਰਨਾ

ਸਵਰਗਦੂਤਾਂ ਦੀ ਇੱਕ ਵੱਡੀ ਸੈਨਾ ਸਾਡੇ ਨਾਲ ਯੁੱਧ ਵਿੱਚ ਸ਼ਾਮਿਲ ਹੋਣ ਲਈ ਉਪਲੱਬਧ ਹੈ। ਯਿਸੂ ਨੇ ਕਿਹਾ ਸੀ ਕਿ ਉਹ ਪਿਤਾ ਕੋਲ ਪ੍ਰਾਰਥਨਾ ਕਰ ਸਕਦਾ ਹੈ ਅਤੇ ਉਹ ਸਵਰਗਦੂਤਾਂ ਨੂੰ ਭੇਜ ਸਕਦਾ ਹੈ।

**ਮੱਤੀ 26:53 ਕੀ ਤੂੰ ਇਹ ਸਮਝਦਾ ਹੈਂ ਜੋ ਮੈਂ ਆਪਣੇ ਪਿਤਾ ਕੋਲੋਂ ਬੇਨਤੀ ਨਹੀਂ ਕਰ ਸਕਦਾ ਅਤੇ ਉਹ ਹੁਣੇ ਦੂਤਾਂ ਦੀਆਂ ਬਾਰਾਂ ਫ਼ੌਜ਼ਾਂ ਤੋਂ ਵਧੀਕ ਮੇਰੇ ਕੋਲ ਹਾਜ਼ਰ ਨਾ ਕਰੇਗਾ?"**

ਸਾਡੇ ਵਾਸਤੇ ਆਤਮਾਵਾਂ ਦੀ ਸੇਵਾ ਕਰਨ ਲਈ ਯੁੱਧ ਵਿੱਚ ਸਵਰਗਦੂਤਾਂ ਨੂੰ ਘੱਲਿਆ ਜਾਂਦਾ ਹੈ।

**ਇਬਰਾਨੀਆਂ 1:14 ਭਲਾ, ਓਹ ਸੱਭੇ ਸੇਵਾ ਕਰਨ ਵਾਲੇ ਆਤਮੇ ਨਹੀਂ ਜਿਹੜੇ ਮੁਕਤੀ ਦਾ ਵਿਰਸਾ ਪਾਉਣ ਵਾਲਿਆਂ ਦੀ ਸੇਵਾ ਲਈ ਘੱਲੇ ਜਾਂਦੇ ਹਨ?**

ਜਦੋਂ ਅਸੀਂ ਪ੍ਰਾਰਥਨਾ ਵਿੱਚ ਪਰਮੇਸ਼ੁਰ ਦਾ ਵਚਨ ਬੋਲਦੇ ਹਾਂ, ਜਵਾਬ ਵਿੱਚ ਸਵਰਗਦੂਤ ਸਾਡੇ ਪੱਖ ਵਿੱਚ ਕੰਮ ਕਰਨਾ ਸ਼ੁਰੂ ਕਰਦੇ ਹਨ।

**ਜ਼ਬੂਰ ਦੀ ਪੋਥੀ 103:20 ਹੇ ਉਹਦੇ ਦੂਤੋ, ਯਹੋਵਾਹ ਨੂੰ ਮੁਬਾਰਕ ਆਖੋ, ਤੁਸੀਂ ਜਿਹੜੇ ਸ਼ਕਤੀ ਵਿੱਚ ਬਲਵਾਨ ਹੋ, ਅਤੇ ਉਹਦਾ ਸ਼ਬਦ ਸੁਣ ਕੇ ਉਹਨੂੰ ਪੂਰਿਆਂ ਕਰਦੇ ਹੋ!**

## ਯੁੱਧ ਦੀਆਂ ਉਦਾਹਰਨਾਂ

### ਸਵਰਗ ਵਿੱਚ ਯੁੱਧ

ਪਵਿੱਤਰ ਬਾਈਬਲ ਵਿੱਚ ਆਤਮਿਕ ਯੁੱਧ ਦੀਆਂ ਉਦਾਹਰਨਾਂ ਹਨ। ਇੱਕ ਉਦਾਹਰਨ ਹੈ ਅਤੇ ਫਾਰਸ ਦੇ ਸ਼ੈਤਾਨੀ ਪ੍ਰਧਾਨ ਅਤੇ ਮੀਕਾਏਲ ਅਤੇ ਸਵਰਗਦੂਤਾਂ ਵਿਚਕਾਰ ਯੁੱਧ। ਸਵਰਗ ਵਿਚਲੇ ਯੁੱਧ ਦਾ ਦੂਜਾ ਬਿਆਨ ਮੀਕਾਏਲ ਅਤੇ ਸ਼ੈਤਾਨ ਦੇ ਵਿਚਕਾਰ ਯੁੱਧ ਹੈ।

**ਪ੍ਰਕਾਸ਼ ਦੀ ਪੋਥੀ 12:7–11 ਫੇਰ ਸੁਰਗ ਵਿੱਚ ਯੁੱਧ ਹੋਇਆ। ਮਿਕਾਏਲ ਅਤੇ ਉਹਦੇ ਦੂਤ ਅਜਗਰ ਨਾਲ ਲੜਨ ਨੂੰ ਨਿੱਕਲੇ ਅਤੇ ਅਜਗਰ ਲੜਿਆ ਨਾਲੇ ਉਹਦੇ ਦੂਤ ਪਰ ਏਹ ਪਰਬਲ ਨਾ ਹੋਏ ਅਤੇ ਨਾ ਸੁਰਗ ਵਿੱਚ ਏਹਨਾਂ ਨੂੰ ਥਾਂ ਫੇਰ ਮਿਲਿਆ।**

**ਅਤੇ ਉਹ ਵੱਡਾ ਅਜਗਰ ਹੇਠਾਂ ਸੁੱਟਿਆ ਗਿਆ, ਉਹ ਪੁਰਾਣਾ ਸੱਪ ਜਿਹੜਾ ਇਬਲੀਸ ਅਤੇ ਸ਼ੈਤਾਨ ਕਰਕੇ ਸਦਾਉਂਦਾ ਹੈ ਜੋ ਸਾਰੇ ਜਗਤ ਨੂੰ ਭਰਮਾਉਂਦਾ ਹੈ ਧਰਤੀ ਉੱਤੇ ਸੁੱਟਿਆ ਗਿਆ ਅਤੇ ਉਹਦੇ ਦੂਤ ਉਹਦੇ ਨਾਲ ਸੁੱਟੇ ਗਏ।**

**"ਅਤੇ ਮੈਂ ਇੱਕ ਵੱਡੀ ਅਵਾਜ਼ ਸੁਰਗ ਵਿੱਚ ਇਹ ਆਖਦੇ ਸੁਣੀ ਭਈ ਹੁਣ ਸਾਡੇ ਪਰਮੇਸ਼ੁਰ ਦੀ ਮੁਕਤੀ ਅਤੇ ਸਮਰੱਥਾ ਅਤੇ ਰਾਜ ਅਤੇ ਉਹਦੇ ਮਸੀਹ ਦਾ ਇਖ਼ਤਿਆਰ ਹੋ ਗਿਆ ਕਿਉਂ ਜੋ ਸਾਡੇ ਭਰਾਵਾਂ ਨੂੰ ਦੋਸ਼ ਲਾਉਣ ਵਾਲਾ ਜਿਹੜਾ ਸਾਡੇ ਪਰਮੇਸ਼ੁਰ ਦੇ ਹਜ਼ੂਰ ਓਹਨਾਂ ਉੱਤੇ ਰਾਤ ਦਿਨ ਦੋਸ਼ ਲਾਉਂਦਾ ਹੈ ਹੇਠਾਂ ਸੁੱਟਿਆ ਗਿਆ ਹੈ। ਅਤੇ ਓਹਨਾਂ ਨੇ ਲੇਲੇ ਦੇ ਲਹੂ ਦੇ ਕਾਰਨ ਅਤੇ ਆਪਣੀ ਸਾਖੀ ਦੇ ਬਚਨ ਦੇ ਕਾਰਨ ਉਹਨੂੰ ਜਿੱਤ ਲਿਆ ਅਤੇ ਮਰਨ ਤੀਕ ਆਪਣੀ ਜਾਨ ਨੂੰ ਪਿਆਰਾ ਨਾ ਜਾਤਾ।"**

### ਫਾਰਸ ਦਾ ਪ੍ਰਧਾਨ

ਉਹ ਹਥਿਆਰ ਜੋ ਪ੍ਰਭੂ ਕੋਲੋਂ ਮਿਲਦੇ ਹਨ ਉਹ ਆਤਮਿਕ ਹਥਿਆਰ ਹਨ ਜੋ ਉਸ ਯੁੱਧ ਲਈ ਹਨ ਜੋ ਸਾਡੇ ਉੱਤੇ ਅਕਾਸ਼ ਤੋਂ ਪੂਰੇ ਜ਼ੋਰ ਨਾਲ ਲਟਕ ਰਿਹਾ ਹੈ। ਸਾਡੀ ਲੜਾਈ ਆਤਮਿਕ ਜੀਵਾਂ ਦੀਆਂ ਦੋ ਫੌਜ਼ਾਂ ਦੇ ਵਿਚਕਾਰ ਮਹਾਨ ਸ਼ਕਤੀ ਨਾਲ ਹੈ, ਦੋਵੇਂ ਹੀ ਮਨੁੱਖਾਂ ਦੇ ਪੁੱਤਰਾਂ ਦੀ ਇੱਕੋ ਜਿਹੀ ਪਹੁੰਚ ਚਾਹੁੰਦੀਆਂ ਹਨ।

ਸਵਰਗਦੂਤ ਫਾਰਸ ਦੇ ਪ੍ਰਧਾਨ ਸ਼ੈਤਾਨ ਦੇ ਵਿਰੁੱਧ ਲੜਦੇ ਸਨ। ਇਹ ਦੇਰੀ ਪਰਮੇਸ਼ੁਰ ਦੀ ਦਾਨੀਏਲ ਦੀ ਪ੍ਰਾਰਥਨਾ ਦਾ ਉੱਤਰ ਨਾ ਦੇਣ ਦੀ ਇੱਛਾ ਕਾਰਨ ਨਹੀਂ ਸੀ। ਇੱਕ ਸ਼ੈਤਾਨੀ ਪ੍ਰਧਾਨ ਨੇ ਅਕਾਸ਼ ਵਿੱਚ ਉਸਦੇ ਉੱਤਰ ਨੂੰ ਰੋਕ ਕੇ ਰੱਖਿਆ ਸੀ

**ਦਾਨੀਏਲ 10:12,13 ਤਾਂ ਉਸਨੇ ਮੈਨੂੰ ਆਖਿਆ, "ਹੇ ਦਾਨੀਏਲ, ਨਾ ਡਰ ਕਿਉਂ ਜੋ ਪਹਿਲੇ ਹੀ ਦਿਨ ਤੋਂ ਜਦ ਤੂੰ ਆਪਣਾ ਮਨ ਸਮਝਣ ਲਈ ਅਤੇ ਆਪਣੇ ਪਰਮੇਸ਼ੁਰ ਦੇ ਅੱਗੇ ਅਧੀਨਗੀ ਕਰਨ ਲਈ ਲਾਇਆ ਸੋ ਤੇਰੀਆਂ ਗੱਲਾਂ ਸੁਣੀਆਂ ਗਈਆਂ ਅਤੇ ਤੇਰੀਆਂ ਗੱਲਾਂ ਦੇ ਲਈ ਹੀ ਮੈਂ ਆਇਆ ਹਾਂ ਪਰ ਫਾਰਸ ਦੇ ਰਾਜ ਦੇ ਪਰਧਾਨ ਨੇ ਮੈਨੂੰ ਇੱਕੀਆਂ ਦਿਨਾਂ ਤੀਕਰ ਅਟਕਾ ਛੱਡਿਆ। ਵੇਖ, ਮੀਕਾਏਲ ਜੋ ਪਰਧਾਨਾਂ ਵਿੱਚੋਂ ਵੱਡਾ ਹੈ ਮੇਰੀ ਸਹਾਇਤਾ ਨੂੰ ਪਹੁੰਚਿਆ ਸੋ ਮੈਂ ਉੱਥੇ ਫਾਰਸ ਦੇ ਰਾਜਿਆਂ ਨਾਲ ਰਿਹਾ।"**

## ਅਮਾਲੇਕੀ

ਅਮਾਲੇਕੀ ਇੱਕ ਉਦਾਹਰਨ ਹੈ ਜੋ ਆਤਮਾ ਦੇ ਰਾਜ ਹੋਇਆ ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ। ਅਮਾਲੇਕੀ ਅਤੇ ਉਸਦੀਆਂ ਫ਼ੌਜ਼ਾਂ ਸ਼ੈਤਾਨ ਅਤੇ ਉਸਦੇ ਦੂਤਾਂ ਨੂੰ ਦਰਸਾਉਂਦੀਆਂ ਹਨ। ਯਹੋਸ਼ੁਆ ਅਤੇ ਫ਼ੌਜ਼ ਮੀਕਾਏਲ ਅਤੇ ਸਵਰਗ ਦੇ ਦੂਤਾਂ ਨੂੰ ਦਰਸਾਉਂਦੇ ਹਨ। ਮੂਸਾ, ਪਹਾੜ ਉੱਤੇ ਲਾਠੀ ਨੂੰ ਉਠਾ ਕੇ ਖੜ੍ਹਾ ਹੈ, ਉਹ ਪ੍ਰਾਰਥਨਾ ਯੋਧਿਆਂ ਨੂੰ ਵਿਚੋਲਗੀ ਦੀ ਪ੍ਰਾਰਥਨਾ ਵਿੱਚ ਦਰਸਾਉਂਦਾ ਹੈ।

ਸਵਰਗ ਵਿੱਚ ਯੁੱਧ ਹੇਠਾਂ ਲਿਖੇ ਲੋਕਾਂ ਰਾਹੀਂ ਜਿੱਤਿਆ ਗਿਆ।

**ਪ੍ਰਕਾਸ਼ ਦੀ ਪੋਥੀ 12:11 ਅਤੇ ਓਹਨਾਂ ਨੇ ਲੇਲੇ ਦੇ ਲਹੂ ਕਾਰਨ ਅਤੇ ਆਪਣੀ ਸਾਖੀ ਦੇ ਬਚਨ ਦੇ ਕਾਰਨ ਉਹਨੂੰ ਜਿੱਤ ਲਿਆ ਅਤੇ ਮਰਨ ਤੀਕ ਆਪਣੀ ਜਾਨ ਨੂੰ ਪਿਆਰਾ ਨਾ ਜਾਤਾ।**

**ਕੂਚ 17:8-12 ਫੇਰ ਅਮਾਲੇਕ ਆਏ ਅਰ ਰਫ਼ੀਦੀਮ ਵਿੱਚ ਇਸਰਾਏਲ ਨਾਲ ਲੜੇ।**

**ਤਾਂ ਮੂਸਾ ਨੇ ਯਹੋਸ਼ੁਆ ਨੂੰ ਆਖਿਆ, "ਸਾਡੇ ਲਈ ਮਨੁੱਖਾਂ ਨੂੰ ਚੁਣ ਅਰ ਨਿੱਕਲ ਕੇ ਅਮਾਲੇਕ ਨਾਲ ਲੜ। ਭਲਕੇ ਮੈਂ ਪਰਮੇਸ਼ੁਰ ਦਾ ਢਾਂਗਾ ਲੈ ਕੇ ਟਿੱਲੇ ਦੀ ਟੀਸੀ ਉੱਤੇ ਖੜਾ ਰਹਾਂਗਾ।"**

**ਸੋ ਯਹੋਸ਼ੁਆ ਨੇ ਤਿਵੇਂ ਹੀ ਕੀਤਾ ਜਿਵੇਂ ਉਸਨੂੰ ਮੂਸਾ ਨੇ ਆਖਿਆ ਸੀ। ਉਹ ਅਮਾਲੇਕ ਦੇ ਨਾਲ ਲੜਿਆ ਅਤੇ ਮੂਸਾ, ਹਾਰੂਨ ਅਰ ਹੂਰ ਟਿੱਲੇ ਦੀ ਟੀਸੀ ਉੱਤੇ ਚੜ੍ਹੇ।**

**ਤਾਂ ਐਉਂ ਹੋਇਆ ਕਿ ਜਦ ਮੂਸਾ ਆਪਣਾ ਹੱਥ ਚੁੱਕਦਾ ਸੀ ਤਾਂ ਇਸਰਾਏਲ ਜਿੱਤਦਾ ਸੀ ਅਰ ਜਦ ਆਪਣਾ ਹੱਥ ਨੀਵਾਂ ਕਰ ਲੈਂਦਾ ਸੀ ਤਾਂ ਅਮਾਲੇਕ ਜਿੱਤਦਾ ਸੀ। ਪਰ ਮੂਸਾ ਦੇ ਹੱਥ ਭਾਰੀ ਹੋ ਗਏ ਤਾਂ ਉਨ੍ਹਾਂ ਨੇ ਪੱਥਰ ਲੈ ਕੇ ਉਸਦੇ ਹੇਠ ਧਰ ਦਿੱਤਾ ਅਰ ਉਹ ਉਸ ਉੱਤੇ ਬੈਠ ਗਿਆ ਅਰ ਹਾਰੂਨ ਅਤੇ ਹੂਰ ਨੇ ਇੱਕ ਨੇ ਇੱਕ ਪਾਸਿਓਂ ਅਤੇ ਦੂਜੇ ਨੇ ਦੂਜੇ ਪਾਸਿਓਂ ਉਸ ਦੇ ਹੱਥਾਂ ਨੂੰ ਸਾਂਭ ਛੱਡਿਆ ਤਾਂ ਉਸਦੇ ਹੱਥ ਸੂਰਜ ਦੇ ਆਥਣ ਤੀਕ ਤਕੜੇ ਰਹੇ।**

**ਅਰ ਯਹੋਸ਼ੁਆ ਨੇ ਅਮਾਲੇਕ ਅਤੇ ਉਸ ਦੇ ਲੋਕਾਂ ਨੂੰ ਤਲਵਾਰ ਦੀ ਧਾਰ ਨਾਲ ਹਰਾ ਦਿੱਤਾ।**

## ਪੂਰੀ ਕੋਸ਼ਿਸ਼ ਨਾਲ ਪ੍ਰਾਰਥਨਾ

ਬਿਲਕੁਲ ਜਿਵੇਂ ਕਈ ਵਾਰ ਅਨ੍ਹੇਰੇ ਦੀਆਂ ਤਾਕਤਾਂ ਨਾਲ ਕੁਸ਼ਤੀ ਕਰਨੀ ਜ਼ਰੂਰੀ ਹੈ, ਇਸੇ ਤਰ੍ਹਾਂ ਕਈ ਵਾਰ ਕਠੋਰ ਪ੍ਰਾਰਥਨਾ ਕਰਨੀ ਵੀ ਜ਼ਰੂਰੀ ਹੈ ਤਾਂ ਕਿ ਜਿੱਤ ਪ੍ਰਾਪਤ ਕਰ ਸਕੀਏ।

ਪਵਿੱਤਰ ਆਤਮਾ ਸਾਡੀ ਮਦਦ ਕਰਦਾ ਹੈ ਹਉਕੇ ਭਰ-ਭਰ ਕੇ ਵਿਚੋਲਗੀ ਦੀ ਪ੍ਰਾਰਥਨਾ ਕਰਨ ਲਈ, ਜੋ ਬਿਆਨ ਤੋਂ ਬਾਹਰ ਹੈ।

**ਰੋਮੀਆਂ 8:26,27 ਇਸ ਤਰ੍ਹਾਂ ਆਤਮਾ ਵੀ ਸਾਡੀ ਦੁਰਬਲਤਾਈ ਵਿੱਚ ਸਾਡੀ ਸਹਾਇਤਾ ਕਰਦਾ ਹੈ ਕਿਉਂ ਜੋ ਕਿਸ ਵਸਤ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਸੀਂ ਨਹੀਂ ਜਾਣਦੇ ਪਰ ਆਤਮਾ ਆਪ ਅਕੱਥ ਹਾਹੁਕੇ ਭਰਕੇ ਸਾਡੇ ਲਈ ਸਿਫ਼ਾਰਸ਼ ਕਰਦਾ ਹੈ। ਅਤੇ ਹਿਰਦਿਆਂ ਦਾ ਜਾਚਣ ਵਾਲਾ ਜਾਣਦਾ ਹੈ ਭਈ ਆਤਮਾ ਦੀ ਕੀ ਮਨਸ਼ਾ ਹੈ ਕਿਉਂ ਜੋ ਉਹ ਪਰਮੇਸ਼ੁਰ ਦੀ ਇੱਛਿਆ ਦੇ ਅਨੁਸਾਰ ਸੰਤਾਂ ਦੇ ਲਈ ਸਿਫ਼ਾਰਸ਼ ਕਰਦਾ ਹੈ।**

## ਗੁਰੇਲਾ ਦੀ ਸਿਖਲਾਈ

## ਚੜ੍ਹਾਈ ਦੀ ਪ੍ਰਯੋਗਸ਼ਾਲਾ

ਪੌਲੁਸ ਵਿਸ਼ਵਾਸੀਆਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਪਰਮੇਸ਼ੁਰ ਦੇ ਸਾਰੇ ਅਸਤਰ-ਸ਼ਸਤਰ ਧਾਰੋ ਅਤੇ ਦੁਸ਼ਮਣ ਨਾਲ ਯੁੱਧ ਲਈ ਜਾਓ।

**ਅਫ਼ਸੀਆਂ 6:10–17 ਮੁੱਕਦੀ ਗੱਲ, ਪ੍ਰਭੂ ਵਿੱਚ ਅਤੇ ਉਹਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ! ਪਰਮੇਸ਼ੁਰ ਦੇ ਸਾਰੇ ਸ਼ਸ਼ਤਰ ਬਸਤਰ ਧਾਰੋ ਤਾਂ ਜੋ ਤੁਸੀਂ ਸ਼ੈਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲ੍ਹੋ ਸਕੋ ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖ਼ਤਿਆਰ ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ ਇਸ ਕਾਰਨ ਤੁਸੀਂ ਪਰਮੇਸ਼ੁਰ ਦੇ ਸਾਰੇ ਸ਼ਸ਼ਤਰ ਬਸਤਰ ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ ਸਾਹਮਣਾ ਕਰ ਸਕੋ ਅਤੇ ਸੱਭੋ ਕੁਝ ਮੁਕਾ ਕੇ ਖਲ੍ਹੋ ਸਕੋ ਸੋ ਤੁਸੀਂ ਆਪਣੀ ਕਮਰ ਸਚਿਆਈ ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨ ਕੇ ਅਤੇ ਮਿਲਾਪ ਦੀ ਖੁਸ਼ਖ਼ਬਰੀ ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀਂ ਪਾ ਕੇ ਖਲ੍ਹੋ ਜਾਓ ਓਹਨਾਂ ਸਭਨਾਂ ਸਣੇ ਨਿਹਚਾ ਦੀ ਢਾਲ ਲਾਓ ਜਿਹਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਨ ਬਾਣਾਂ ਨੂੰ ਬੁਝਾ ਸੱਕੋਗੇ। ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ**

ਉਸਨੇ ਯੁੱਧ ਦੀ ਲਲਕਾਰ ਨੂੰ ਆਇਤ 18.

**ਅਫ਼ਸੀਆਂ 6:18 ਅਤੇ ਸਾਰੀ ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ ਅਤੇ ਇਹਦੇ ਨਮਿੱਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ।**

ਵਿੱਚ ਦਿੱਤਾ ਹੈ ਯੁੱਧ ਦਾ ਮੈਦਾਨ ਆਤਮਾ ਦਾ ਰਾਹ ਹੈ। ਪਰਮੇਸ਼ੁਰ ਦੇ ਸਵਰਗਦੂਤ ਅਤੇ ਸ਼ੈਤਾਨ ਨੂੰ ਉਸਦਿਆਂ ਦੂਤਾਂ ਸਣੇ ਸੰਸਾਰ ਭਰ ਦੇ ਹਿੱਸਿਆਂ ਵਿੱਚ ਹੋ ਰਹੇ ਮੌਤ ਦੇ ਸੰਘਰਸ਼ ਵਿੱਚ ਸੁੱਟਿਆ ਗਿਆ ਹੈ। ਉਹ ਆਦਮੀਆਂ ਅਤੇ ਔਰਤਾਂ ਦਿਆਂ ਮਨਾਂ ਅਤੇ ਰੂਹਾਂ ਲਈ ਸੰਘਰਸ਼ ਕਰ ਰਹੇ ਹਨ।

ਵਿਸ਼ਵਾਸੀ ਦੇ ਅਸਤਰ-ਸ਼ਸਤਰ ਹਨ ਕਿ ਇਨ੍ਹਾਂ ਰਾਸ਼ਟਰਾਂ ਨੂੰ ਹਨ੍ਹੇਰੇ ਦੇ ਰਾਜ ਵਿੱਚੋਂ ਕੱਢ ਕੇ ਰੌਸ਼ਨੀ ਦੇ ਰਾਜ ਵਿੱਚ ਲਿਆਇਆ ਜਾਵੇ, ਵਿਚੋਲਗੀਰੀ ਦੀ ਪ੍ਰਾਰਥਨਾ ਹੈ।

**2 ਕੁਰਿੰਥੀਆਂ 10:3–5 ਅਸੀਂ ਭਾਵੇਂ ਸਰੀਰ ਦੇ ਵਿੱਚ ਚੱਲਦੇ ਹਾਂ ਪਰ ਸਰੀਰ ਦੇ ਅਨੁਸਾਰ ਯੁੱਧ ਨਹੀਂ ਕਰਦੇ ਇਸ ਲਈ ਜੋ ਸਾਡੇ ਯੁੱਧ ਦੇ ਸ਼ਸ਼ਤਰ ਸਰੀਰਕ ਨਹੀਂ ਸਗੋਂ ਪਰਮੇਸ਼ੁਰ ਦੇ ਭਾਣੇ ਕਿਲ੍ਹਿਆਂ ਦੇ ਢਾਹ ਦੇਣ ਲਈ ਡਾਢੇ ਤਕੜੇ ਹਨ। ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ**

**ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।**

**ਮਰਕੁਸ 3:27 ਪਰ ਕੋਈ ਕਿਸੇ ਜ਼ੋਰਾਵਰ ਦੇ ਘਰ ਵਿੱਚ ਵੜ ਕੇ ਉਹਦਾ ਅਸਬਾਬ ਲੁੱਟ ਨਹੀਂ ਸਕਦਾ ਜੇ ਪਹਿਲਾਂ ਉਸ ਜ਼ੋਰਾਵਰ ਨੂੰ ਬੰਨ੍ਹ ਨਾ ਲਵੇ ਤਦ ਉਹ ਉਸਦਾ ਘਰ ਲੁੱਟੇਗਾ।**

ਯਿਸੂ ਮਸੀਹ ਨੇ ਸਾਨੂੰ ਰਾਜ ਦੀਆਂ ਕੁੰਜੀਆਂ ਦੇ ਦਿੱਤੀਆਂ ਹਨ ਅਤੇ ਉਹ ਸਾਡੇ ਤੋਂ ਆਸ ਕਰਦਾ ਹੈ ਕਿ ਅਸੀਂ ਬੜੇ ਜ਼ੋਰ ਨਾਲ ਆਪਣੇ ਨਗਰਾਂ ਅਤੇ ਸੰਸਾਰ ਦੇ ਰਾਸ਼ਟਰਾਂ ਨੂੰ ਪ੍ਰਦੇਸ਼ ਦੇ ਉੱਪਰਲੇ ਬਲਵੰਤ ਆਦਮੀ ਨੂੰ ਬੰਨ੍ਹਣ ਦੇ ਦੁਆਰਾ ਦੁਸ਼ਮਣ ਕੋਲੋਂ ਵਾਪਸ ਲੈ ਲਵਾਂਗੇ। ਇਹ ਸਿਰਫ਼ ਵਿਚੋਲਗੀ ਦੀ ਪ੍ਰਾਰਥਨਾ ਦੇ ਦੁਆਰਾ ਹੀ ਪੂਰਾ ਹੋ ਸਕਦਾ ਹੈ।

ਪ੍ਰਾਰਥਨਾ ਯੁੱਧ ਦੀ ਭਾਸ਼ਾ ਹੈ।

## ਪ੍ਰਾਰਥਨਾ ਅਤੇ ਸ਼ੁੱਭ-ਸਮਾਚਾਰ ਪ੍ਰਚਾਰ

ਜਦੋਂ ਅਸੀਂ ਫ਼ਸਲ ਲਈ ਪ੍ਰਾਰਥਨਾ ਕਰਦੇ ਹਾਂ, ਤਾਂ ਸਾਨੂੰ ਸੰਸਾਰ ਦੇ ਰਾਸ਼ਟਰਾਂ ਅਤੇ ਉਨ੍ਹਾਂ ਦੇ ਨੇਤਾਵਾਂ ਲਈ ਵੀ ਪ੍ਰਾਰਥਨਾ ਕਰਨੀ ਚਾਹੀਦੀ ਹੈ। ਸਾਨੂੰ ਸ਼ਾਂਤੀ ਪੂਰਨ ਮਾਹੌਲ ਲਈ ਜੋ ਚਮਤਕਾਰੀ ਸ਼ੁੱਭ-ਸਮਾਚਾਰ ਲਈ ਸਹਾਇਕ ਹੋਵੇ, ਪ੍ਰਾਰਥਨਾ ਕਰਨੀ ਚਾਹੀਦੀ ਹੈ।

ਜਦੋਂ ਪੌਲੁਸ ਨੇ ਤਿਮੋਥਿਉਸ ਨੂੰ ਲਿਖਿਆ, ਉਸਨੇ ਸਾਨੂੰ ਇੱਕ ਉਦਾਹਰਨ ਦਿੱਤੀ ਹੈ ਕਿ ਸਾਨੂੰ ਕਿਸ ਤਰ੍ਹਾਂ ਪ੍ਰਾਰਥਨਾ ਕਰਨੀ ਚਾਹੀਦੀ ਹੈ।

**1 ਤਿਮੋਥਿਉਸ 2:1-4 ਸੋ ਮੈਂ ਸਭ ਤੋਂ ਪਹਿਲਾਂ ਇਹ ਤਗੀਦ ਕਰਦਾ ਹਾਂ ਜੋ ਬੇਨਤੀਆਂ, ਪ੍ਰਾਰਥਨਾਂ, ਅਰਦਾਸਾਂ ਅਤੇ ਧੰਨਵਾਦ ਸਭਨਾਂ ਮਨੁੱਖਾਂ ਲਈ ਕੀਤੇ ਜਾਣ ਪਾਤਸ਼ਾਹਾਂ ਅਤੇ ਸਭਨਾਂ ਮਰਾਤਬੇ ਵਾਲਿਆਂ ਦੇ ਲਈ ਭਈ ਅਸੀਂ ਪੂਰੀ ਭਗਤੀ ਅਤੇ ਗੰਭੀਰਤਾਈ ਵਿੱਚ ਚੈਨ ਅਤੇ ਸੁੱਖ ਨਾਲ ਉਮਰ ਭੋਗੀਏ ਸਾਡੇ ਮੁਕਤੀਦਾਤੇ ਪਰਮੇਸ਼ੁਰ ਦੇ ਹਜ਼ੂਰ ਇਹੋ ਭਲਾ ਅਤੇ ਪਰਵਾਨ ਹੈ ਜੋ ਚਾਹੁੰਦਾ ਹੈ ਭਈ ਸਾਰੇ ਮਨੁੱਖ ਬਚਾਏ ਜਾਣ ਅਤੇ ਓਹ ਸਤ ਦੇ ਗਿਆਨ ਤੀਕ ਪਹੁੰਚਣ।**

## ਅੰਨ੍ਹੀਆਂ ਅੱਖਾਂ ਨੂੰ ਖੋਲ੍ਹਣਾ

ਵਿਚੋਲੇਪਨ ਦੀ ਪ੍ਰਾਰਥਨਾ ਸਿੱਧੀ ਪਰਮੇਸ਼ੁਰ ਦੇ ਸਿੰਘਾਸਣ ਵੱਲ ਜਾਂਦੀ ਹੈ, ਤਾਂ ਕਿ ਮਨੁੱਖਾਂ ਦੇ ਮਨਾਂ ਦਾ ਅੰਨ੍ਹਾਪਨ ਦੂਰ ਕੀਤਾ ਜਾਵੇ। ਸਾਨੂੰ ਉਸ ਆਤਮਿਕ ਹਨ੍ਹੇਰੇ ਦੇ ਵਿਰੁੱਧ ਆਉਣਾ ਚਾਹੀਦਾ ਹੈ ਜਿਸਨੇ ਅਵਿਸ਼ਵਾਸੀਆਂ ਨੂੰ ਅੰਨ੍ਹਾ ਕਰ ਦਿੱਤਾ ਹੈ।

**2 ਕੁਰਿੰਥੀਆਂ 4:3-6 ਅਤੇ ਜੇ ਸਾਡੀ ਖੁਸ਼ਖ਼ਬਰੀ ਉੱਤੇ ਪੜਦਾ ਪਿਆ ਹੋਇਆ ਹੈ ਤਾਂ ਉਹ ਉਨ੍ਹਾਂ ਅੱਗੇ ਕੱਜਿਆ ਹੋਇਆ ਹੈ ਜਿਹੜੇ ਨਾਸ਼ ਹੋ ਰਹੇ ਹਨ ਜਿਨ੍ਹਾਂ ਵਿੱਚ ਇਸ ਜੁੱਗ ਦੇ ਈਸ਼ੁਰ ਨੇ ਬੇਪਰਤੀਤਿਆਂ ਦੀਆਂ ਬੁੱਧਾਂ ਅੰਨ੍ਹੀਆਂ ਕਰ ਦਿੱਤੀਆਂ ਮਤੇ ਮਸੀਹ ਜੋ ਪਰਮੇਸ਼ੁਰ ਦਾ ਸਰੂਪ ਹੈ ਉਹਦੇ ਤੇਜ ਦੀ ਖੁਸ਼ਖ਼ਬਰੀ ਦਾ ਚਾਨਣ ਉਨ੍ਹਾਂ ਉੱਤੇ ਪਰਕਾਸ਼ ਹੋਵੇ ਕਿਉਂ ਜੋ ਅਸੀਂ ਆਪਣਾ ਨਹੀਂ ਸਗੋਂ ਮਸੀਹ ਯਿਸੂ ਦਾ ਪਰਚਾਰ ਕਰਦੇ ਹਾਂ ਭਈ ਉਹ ਪ੍ਰਭੂ ਹੈ ਅਤੇ ਅਸੀਂ ਆਪ ਯਿਸੂ ਦੇ ਨਮਿੱਤ ਤੁਹਾਡੇ ਦਾਸ ਹਾਂ ਕਿਉਂ ਜੋ ਪਰਮੇਸ਼ੁਰ ਜਿਹਨੇ ਆਖਿਆ ਸੀ ਜੋ ਅਨ੍ਹੇਰਿਓਂ ਚਾਨਣ ਚਮਕੇ ਉਹ ਸਾਡਿਆਂ ਮਨਾਂ ਵਿੱਚ ਚਮਕਿਆ ਭਈ ਪਰਮੇਸ਼ੁਰ ਦੇ ਤੇਜ ਦਾ ਗਿਆਨ ਮਸੀਹ ਦੇ ਮੁੱਖ ਵਿੱਚ ਪਰਕਾਸ਼ ਕਰੇ।**

ਸਾਡੇ ਕੋਲ ਪਰਦੇ ਨੂੰ ਹਟਾ ਕੇ ਖੁਸ਼ਖ਼ਬਰੀ ਦੀ ਰੌਸ਼ਨੀ ਨੂੰ ਚਮਕਣ ਦੇਣ ਦਾ ਅਧਿਕਾਰ ਹੈ।

## ਕਿਲ੍ਹਿਆਂ ਨੂੰ ਤੋੜ ਦੇਣਾ

ਪਰਮੇਸ਼ੁਰ ਦੀ ਇੱਛਾ ਹੈ ਕਿ ਉਹ ਇੱਕ ਪ੍ਰਾਰਥਨਾ ਦੀ ਫ਼ੌਜ਼ ਨੂੰ ਤਿਆਰ ਕਰੇ ਜੋ ਵਿਚੋਲਗਿਰੀ ਦੀ ਪ੍ਰਾਰਥਨਾ ਨੂੰ ਵਰਤ ਕੇ ਸ਼ੈਤਾਨ ਦੇ ਮਜ਼ਬੂਤ ਕਿਲ੍ਹਿਆਂ ਨੂੰ ਢਾਉਣ ਵਾਲੀ ਹੋਵੇ। ਉਹ ਇੱਕ ਅਜਿਹੀ ਫ਼ੌਜ਼ ਦੀ ਇੱਛਾ ਕਰਦਾ ਹੈ, ਜੋ ਉਨ੍ਹਾਂ ਸ਼ੈਤਾਨੀ ਆਤਮਾਵਾਂ ਨੂੰ ਬੰਨ੍ਹ ਦੇਵੇਗੀ ਜਿਹੜੀਆਂ ਫ਼ਸਲ ਵਿੱਚ ਰੁਕਾਵਟ ਪਾਉਂਦੀਆਂ ਹਨ, ਅਤੇ ਪਵਿੱਤਰ ਆਤਮਾ ਨੂੰ ਛੱਡ ਦੇਵੇ ਤਾਂ ਕਿ ਉਹ ਗੁਆਚਿਆਂ ਹੋਇਆਂ ਨੂੰ ਯਿਸੂ ਕੋਲ ਵਾਪਸ ਲਿਆ ਸਕੇ।

ਉਹ ਇੱਕ ਅਜਿਹੀ ਫ਼ੌਜ਼ ਦੀ ਇੱਛਾ ਕਰਦਾ ਹੈ ਜੋ ਫਸਲ ਦੇ ਸੁਆਮੀ ਅੱਗੇ ਬੇਨਤੀ ਕਰੇ ਕਿ ਉਸ ਖੇਤ ਵਿੱਚ ਹੋਰ ਮਜ਼ਦੂਰ ਘੱਲੇ, ਅਤੇ ਸਵਰਗਦੂਤਾਂ ਨੂੰ ਉਸ ਯੁੱਧ ਵਿੱਚ ਅੱਗੇ ਭੇਜੇ ਜੋ ਸ਼ੈਤਾਨ ਅਤੇ ਉਸਦੇ ਦੂਤਾਂ ਦੇ ਵਿਰੋਧ ਵਿੱਚ ਹੈ।

**ਯਸਾਯਾਹ 43:5–7 ਤੂੰ ਨਾ ਡਰ, ਮੈਂ ਤੇਰੇ ਅੰਗ ਸੰਗ ਹਾਂ, ਜੋ ਮੈਂ ਤੇਰੀ ਅੰਸ਼ ਨੂੰ ਪੂਰਬ ਤੋਂ ਲੈ ਆਵਾਂਗਾ, ਅਤੇ ਤੈਨੂੰ ਪੱਛਮ ਤੋਂ ਇਕੱਠਾ ਕਰਾਂਗਾ ਮੈਂ ਉੱਤਰ ਨੂੰ ਆਖਾਂਗਾ, ਦੇ ਦੇਹ! ਅਤੇ ਦੱਖਣ ਨੂੰ, ਰੋਕ ਕੇ ਨਾ ਰੱਖ। ਤੂੰ ਮੇਰੇ ਪੁੱਤਰਾਂ ਨੂੰ ਦੂਰ ਤੋਂ ਲਿਆ, ਅਤੇ ਮੇਰੀਆਂ ਧੀਆਂ ਨੂੰ ਧਰਤੀ ਦੀ ਹੱਦ ਤੋਂ, ਹਰੇਕ ਜੋ ਮੇਰੇ ਨਾਮ ਤੋਂ ਸਦਾਉਂਦਾ ਹੈ, ਜਿਹਨੂੰ ਮੈਂ ਆਪਣੇ ਪਰਤਾਪ ਲਈ ਉਤਪੰਨ ਕੀਤਾ, ਜਿਹਨੂੰ ਮੈਂ ਸਾਜਿਆ, ਹਾਂ, ਜਿਹਨੂੰ ਮੈਂ ਬਣਾਇਆ।**

## ਫਸਲ ਕੱਟਣਾ

ਆਤਮਾ ਦੇ ਸੰਸਾਰ ਵਿੱਚ ਲੜਾਈ ਜਿੱਤਣ ਤੋਂ ਬਾਅਦ, ਹਰ ਇੱਕ ਖੇਤਰ ਵਿੱਚ ਸਾਨੂੰ ਜ਼ਰੂਰ, ਫਿਰ ਖੁਸ਼ਖਬਰੀ ਨਾਲ ਜਾਣਾ ਚਾਹੀਦਾ ਹੈ ਅਤੇ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਦੇ ਦੁਆਰਾ ਆਤਮਾਵਾਂ ਦੀ ਫਸਲ ਕੱਟਣੀ ਚਾਹੀਦੀ ਹੈ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਲੜਾਕੂ ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ, ਆਤਮਿਕ ਯੁੱਧ ਦੇ ਪ੍ਰਭਾਵਸ਼ਾਲੀ ਕਦਮਾਂ ਦੀ ਸੰਖੇਪ ਵਿੱਚ ਸੂਚੀ ਬਣਾਓ।

2. ਜੇਕਰ ਅਸੀਂ ਲੜਾਕੂ ਚਮਤਕਾਰੀ ਸ਼ੁੱਭ-ਸਮਾਚਾਰ ਵਿੱਚ ਪ੍ਰਭਾਵਸ਼ਾਲੀ ਹੋਣਾ ਚਾਹੁੰਦੇ ਹਾਂ ਤਾਂ ਸਾਨੂੰ ਕਿਸ ਤਰ੍ਹਾਂ ਪ੍ਰਾਰਥਨਾ ਕਰਨੀ ਚਾਹੀਦੀ ਹੈ?

3. ਅਸੀਂ ਕਿਸ ਤਰ੍ਹਾਂ ਸਵਰਗਦੂਤਾਂ ਨੂੰ ਸਾਡੇ ਪੱਖ ਵਿੱਚ ਸੇਵਾ ਕਰਨ ਲਈ ਪ੍ਰਾਪਤ ਕਰ ਸਕਦੇ ਹਾਂ?

## ਅਧਿਆਇ ਛੇ

# *ਸੰਸਾਰ ਭਰ ਵਿਚਲੀ ਫ਼ਸਲ ਨੂੰ ਖੋਲ੍ਹਣਾ*

ਸੰਸਾਰ ਭਰ ਦੀ ਫਸਲ ਲਈ ਦੋ ਮੁੱਖ ਲੋੜਾਂ ਹਨ। ਉਹ ਹਨ ਪ੍ਰਾਰਥਨਾ ਅਤੇ ਸਤੂਤੀ।

## ਪ੍ਰਾਰਥਨਾ

### ਵਚਨ ਬੱਧਤਾ ਨਾਲ

ਸਾਨੂੰ ਪ੍ਰਾਰਥਨਾ ਲਈ ਸਮੇਂ ਨਿਸ਼ਚਿਤ ਕਰਨਾ ਚਾਹੀਦਾ ਹੈ ਅਤੇ ਫਿਰ ਲਗਾਤਾਰ ਅਰਾਧਨਾ ਅਤੇ ਵਿਚੋਲੇਪਨ ਦੇ ਆਤਮਾ ਵਿੱਚ ਸਾਰਾ ਦਿਨ ਰਹਿਣਾ ਚਾਹੀਦਾ ਹੈ,

ਪਤਰਸ ਅਤੇ ਯੂਹੰਨਾ ਤੇ ਪ੍ਰਾਰਥਨਾ ਦੇ ਲਈ ਨੌ ਘੰਟੇ ਵੱਖ ਕੀਤੇ ਸਨ।

**ਰਸੂਲਾਂ ਦੇ ਕਰਤੱਬ 3:1 ਪਤਰਸ ਅਤੇ ਯੂਹੰਨਾ ਪ੍ਰਾਰਥਨਾ ਕਰਨ ਦੇ ਵੇਲੇ ਤੀਏ ਪਹਿਰ ਹੈਕਲ ਨੂੰ ਚੱਲੇ ਜਾਂਦੇ ਸਨ।**

### ਜਿੱਦੀ ਤੌਰ ਤੇ

ਰਸੂਲ ਯਾਕੂਬ ਨੇ ਸਿੱਖਿਆ ਦਿੱਤੀ ਸੀ ਕਿ ਜੋ ਲੋਕ ਬੜੀ ਸ਼ਕਤੀ ਨਾਲ ਇਸ ਤਰ੍ਹਾਂ ਪ੍ਰਾਰਥਨਾ ਕਰਦੇ ਹਨ ਜੋ ਰਾਜ ਦੀਆਂ ਸੰਭਾਵਨਾਵਾਂ ਨੂੰ ਪ੍ਰੇਰਿਤ ਕਰਦੀ ਹੈ।

**ਯਾਕੂਬ 5:16 ਇਸ ਲਈ ਤੁਸੀਂ ਆਪੋ ਵਿੱਚੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੋ ਅਤੇ ਇੱਕ ਦੂਏ ਲਈ ਪ੍ਰਾਰਥਨਾ ਕਰੋ ਭਈ ਤੁਸੀਂ ਨਰੋਏ ਹੋ ਜਾਓ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ।**

### ਖਾਸ ਤੌਰ ਤੇ

ਬਹੁਤ ਵਾਰ, ਅਸੀਂ ਆਮ ਚੀਜ਼ਾਂ ਲਈ ਪ੍ਰਾਰਥਨਾ ਕਰਦੇ ਹਾਂ, ਇਸ ਵਿੱਚ ਬਹੁਤ ਜ਼ਿਆਦਾ ਵਿਸ਼ਵਾਸ ਨਹੀਂ ਲੱਗਦਾ ਹੈ। ਜਦੋਂ ਅਸੀਂ ਖਾਸ ਤੌਰ ਤੇ ਇਹ ਜਾਂ ਉਹ ਮੰਗਦੇ ਹਾਂ, ਤਾਂ ਸਾਡੇ ਕੋਲ ਕੁਝ ਖਾਸ ਚੀਜ਼ਾਂ ਦੇ ਵਾਪਰਨ ਲਈ ਵਿਸ਼ਵਾਸ ਹੁੰਦਾ ਹੈ।

**ਮੱਤੀ 16:19 "ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ।"**

### ਏਕਤਾ ਵਿੱਚ

ਮੁੱਢਲੀ ਕਲੀਸਿਯਾ ਦੇ ਪ੍ਰਭਾਵਸ਼ਾਲੀ ਹੋਣ ਦੇ ਕਾਰਨਾਂ ਵਿੱਚੋਂ ਇੱਕ ਕਾਰਨ ਹੈ ਕਿ ਉਹ ਸਹਿਮਤ ਹੋ ਕੇ ਪ੍ਰਾਰਥਨਾ ਕਰਦੇ ਸਨ।

**ਰਸੂਲਾਂ ਦੇ ਕਰਤੱਬ 4:24ੳ ਜਦ ਉਨ੍ਹਾਂ ਨੇ ਇਹ ਸੁਣਿਆ ਤਦ ਇੱਕ ਮਨ ਹੋ ਕੇ ਉੱਚੀ ਅਵਾਜ਼ ਨਾਲ ਪਰਮੇਸ਼ੁਰ ਨੂੰ ਆਖਿਆ...**

### ਦ੍ਰਿੜਤਾ ਨਾਲ

ਯਿਸੂ ਮਸੀਹ ਨੇ ਸਿਖਾਇਆ ਹੈ ਕਿ ਲਗਾਤਾਰ ਦ੍ਰਿੜਤਾ ਨਾਲ ਕੀਤੀ ਜਾਣ ਵਾਲੀ ਪ੍ਰਾਰਥਨਾ ਪਰਿਣਾਮ ਉਤਪੰਨ ਕਰਦੀ ਹੈ।

**ਲੂਕਾ 11:9 "ਮੈਂ ਤੁਹਾਨੂੰ ਆਖਦਾ ਹਾਂ, ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ, ਢੂੰਡੋ ਤਾਂ ਤੁਹਾਨੂੰ ਲੱਭੇਗਾ, ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ।"**

### ਨਿਡਰਤਾ ਨਾਲ

ਜਦੋਂ ਸਾਨੂੰ ਪਤਾ ਹੁੰਦਾ ਹੈ ਕਿ ਕਿਸੇ ਚੀਜ਼ ਵਿੱਚ ਬੇਸ਼ੱਕ ਪਰਮੇਸ਼ੁਰ ਦੀ ਮਰਜ਼ੀ ਹੈ, ਤਾਂ ਅਸੀਂ ਵੱਡੀ ਨਿਡਰਤਾ ਨਾਲ ਉਸ ਚੀਜ਼ ਲਈ ਪਰਮੇਸ਼ੁਰ ਕੋਲੋਂ ਪ੍ਰਾਰਥਨਾ ਕਰ ਸਕਦੇ ਹਾਂ।

ਉਦਾਹਰਨ ਲਈ, ਅਸੀਂ ਜਾਣਦੇ ਹਾਂ ਕਿ ਇਹ ਹਮੇਸ਼ਾ ਪਰਮੇਸ਼ੁਰ ਦੀ ਇੱਛਾ ਹੈ ਕਿ ਗੁਆਚੇ ਹੋਏ ਬਚਾਏ ਜਾਣ। ਅਸੀਂ ਕਿਸੇ ਖਾਸ ਮਨੁੱਖ ਲਈ ਪ੍ਰਾਰਥਨਾ ਕਰ ਸਕਦੇ ਹਾਂ ਕਿ ਉਸਨੂੰ ਮੁਕਤੀ ਮਿਲ ਜਾਵੇ।

**2 ਪਤਰਸ 3:9 ਪ੍ਰਭੂ ਆਪਣੇ ਵਾਇਦੇ ਦਾ ਮੱਠਾ ਨਹੀਂ ਜਿਵੇਂ ਕਿੰਨੇ ਹੀ ਮੱਠੇ ਦਾ ਭਰਮ ਕਰਦੇ ਹਨ ਪਰ ਉਹ ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ਼ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ।**

### ਆਸਵੰਦ

ਵਿਸ਼ਵਾਸ ਆਸਵੰਦ ਹੈ, ਜਦੋਂ ਅਸੀਂ ਵਿਸ਼ਵਾਸ ਨਾਲ ਪ੍ਰਾਰਥਨਾ ਕਰਦੇ ਹਾਂ, ਤਾਂ ਅਸੀਂ ਆਪਣੀ ਪ੍ਰਾਰਥਨਾ ਦੀ ਆਸ ਨਾਲ ਉੱਤਰ ਦੀ ਆਸ ਕਰਦੇ ਹਾਂ।

ਮਰਕੁਸ 11:23,24 **"ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਰ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਓਹ ਹੁੰਦੀਆਂ ਹਨ ਤਾਂ ਉਹਦੇ ਲਈ ਹੋ ਜਾਵੇਗਾ।**

### ਮੁਆਫ਼ ਕਰਨ ਵਿੱਚ

ਆਇਤ 25,26 **ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੁਝ ਤੁਸੀਂ ਪ੍ਰਾਰਥਨਾ ਕਰਕੇ ਮੰਗੋ ਪਰਤੀਤ ਕਰੋ ਜੋ ਸਾਨੂੰ ਮਿਲ ਗਿਆ ਤਾਂ ਤੁਹਾਨੂੰ ਮਿਲੇਗਾ। ਜਦ ਕਦੇ ਤੁਸੀਂ ਖਲੋ ਕੇ ਪ੍ਰਾਰਥਨਾ ਕਰਦੇ ਹੋ, ਜੇ ਤੁਹਾਡਾ ਕਿਸੇ ਨਾਲ ਵਿਰੋਧ ਹੋਵੇ ਤਾਂ ਉਹਨੂੰ ਮਾਫ਼ ਕਰੋ, ਤਾਂ ਜੋ ਤੁਹਾਡਾ ਪਿਤਾ ਵੀ ਜਿਹੜਾ ਸੁਰਗ ਵਿੱਚ ਹੈ ਤੁਹਾਡਿਆਂ ਅਪਰਾਧਾਂ ਨੂੰ ਮਾਫ਼ ਕਰੇ।"**

## ਸਤੂਤੀ ਅਤੇ ਅਰਾਧਨਾ

### ਸਤੂਤੀ ਕੀ ਹੈ?

ਸਤੂਤੀ ਮਨ ਤੋਂ ਪਰਮੇਸ਼ੁਰ ਦੇ ਅਹਿਸਾਨ ਨੂੰ ਜ਼ਾਹਿਰ ਕਰਨਾ ਅਤੇ ਪਰਮੇਸ਼ੁਰ ਨੂੰ ਉਸਦੇ ਸਾਰੇ ਕੰਮਾਂ ਲਈ ਧੰਨਵਾਦ ਦੇਣਾ ਹੈ ਜੋ ਉਸਨੇ ਸਾਡੇ ਲਈ ਕੀਤੇ ਹਨ। ਇਹ ਇੱਕ ਸਰੀਰਿਕ ਅਤੇ ਮੌਖਿਕ ਭਾਵ ਹੈ।

- ਪਰਮੇਸ਼ੁਰ ਦੀ ਮਰਜ਼ੀ ਦੀ ਪ੍ਰਸ਼ੰਸਾ
- ਚੰਗਾ ਬੋਲਣਾ
- ਬਹੁਤ ਸਨਮਾਨ ਨੂੰ ਵਿਖਾਉਣਾ
- ਤਾਰੀਫ਼ ਕਰਨਾ

- ਗੁਣਗਾਣ ਕਰਨਾ
- ਵਧਾਈ ਦੇਣਾ
- ਤਾਲੀ ਵਜਾ ਕੇ ਤਾਰੀਫ਼ ਕਰਨਾ
- ਬੋਲ ਕੇ ਪ੍ਰਸ਼ੰਸਾ ਕਰਨਾ
- ਕਾਫ਼ੀ ਪ੍ਰਸ਼ੰਸਾ ਕਰਨਾ।

## ਅਰਾਧਨਾ ਕੀ ਹੈ?

ਅਰਾਧਨਾ ਪ੍ਰਸ਼ੰਸਾ ਦੀ ਸਭ ਤੋਂ ਉੱਚੀ ਕਿਸਮ ਹੈ। ਅਰਾਧਨਾ ਪਰਮੇਸ਼ੁਰ ਦੀਆਂ ਉਨ੍ਹਾਂ ਅਦਭੁੱਤ ਬਰਕਤਾਂ ਦੀਆਂ ਸੋਚਾਂ ਤੋਂ ਵੀ ਪਾਰ ਹੈ ਜੋ ਸਾਡੇ ਲਈ ਹਨ। ਅਸੀਂ, ਪਰਮੇਸ਼ੁਰ ਦਾ ਗੁਣਗਾਣ ਕਰਦੇ ਹਾਂ, ਅਤੇ ਉਸਦੇ ਵਿਵਹਾਰ, ਪ੍ਰਤੀਕਾਂ ਅਤੇ ਸਿੱਧਤਾ ਨੂੰ ਪ੍ਰਗਟ ਕਰਦੇ ਹਾਂ।

- ਮਹਾਨ ਆਦਰ ਭਾਵ ਨੂੰ ਪ੍ਰਗਟ ਕਰਨਾ
- ਆਦਰ ਪੂਰਨ ਡਰ ਦੀ ਸਮਝ
- ਪੂਜਾ ਦੀ ਵਸਤੂ ਦੇ ਸਾਹਮਣੇ ਝੁਕਣਾ
- ਆਦਰ ਦੇ ਯੋਗ ਸਮਝਣਾ
- ਸਥਾਨ ਦੇਣਾ।

## ਪਰਮੇਸ਼ੁਰ ਨਾਲ ਮਨਨ ਕਰਨਾ

ਸਾਰਾ, ਡਰ, ਉਦਾਸੀ, ਅਤੇ ਆਤਮ-ਚੇਤਨਾ ਉਸ ਸਮੇਂ ਚਲੀ ਜਾਂਦੀ ਹੈ ਜਦੋਂ ਅਸੀਂ ਪ੍ਰਭੂ ਦੀ ਮਹਿਮਾ ਅਤੇ ਅਰਾਧਨਾ ਕਰਦੇ ਹਾਂ। ਇਹ ਵਿਸ਼ਵਾਸੀ ਨੂੰ ਅਜ਼ਾਦੀ ਦਿੰਦੀ ਹੈ ਕਿ ਉਹ ਦਲੇਰੀ ਨਾਲ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਜਾ ਸਕੇ ਅਤੇ ਉਸ ਨਾਲ ਗੱਲਬਾਤ ਕਰ ਸਕੇ।

ਜਦੋਂ ਅਸੀਂ ਉੱਚੀ ਸਤੂਤੀ ਵਿੱਚ ਪ੍ਰਵੇਸ਼ ਕਰਦੇ ਹਾਂ, ਉਹ ਅਕਸਰ ਸਾਨੂੰ ਆਪਣੀ ਮਹਿਮਾ ਵਿੱਚ ਲੈ ਜਾਂਦਾ ਹੈ। ਪਰਮੇਸ਼ੁਰ ਦੀ ਮਹਿਮਾ, ਪਰਮੇਸ਼ੁਰ ਦੇ ਜੀਵਨ ਅਤੇ ਸੁਭਾਅ ਨੂੰ ਸਪੱਸ਼ਟ ਕਰਨਾ, ਪ੍ਰਗਟ ਕਰਨਾ ਅਤੇ ਉਸਦਾ ਮਾਨਵੀਕਰਨ ਕਰਨਾ ਹੈ। ਜਦੋਂ ਮਹਿਮਾ ਦੇ ਬੱਦਲ ਆਉਂਦੇ ਹਨ ਤਾਂ ਪਵਿੱਤਰ ਆਤਮਾ ਦੇ ਵਰਦਾਨ ਤੇਜ਼ੀ ਨਾਲ ਪ੍ਰਗਟ ਹੁੰਦੇ ਹਨ ਜੋ ਉਸੇ ਵੇਲੇ ਚੰਗਾਈ ਅਤੇ ਛੁਟਕਾਰਾ ਲਿਆਉਂਦੇ ਹਨ।

**2 ਇਤਿਹਾਸ 5:13,14 ...ਤਦ ਐਉਂ ਹੋਇਆ ਕਿ ਜਦ ਤੁਰ੍ਹੀਆਂ ਦੇ ਵਜੰਤਰੀ ਅਰ ਗਵੰਤਰੀ ਮਿਲ ਗਏ ਭਈ ਯਹੋਵਾਹ ਦੀ ਉਸਤਤ ਅਰ ਧੰਨਵਾਦ ਕਰਨ ਵਿੱਚ ਉਨ੍ਹਾਂ ਦੀ ਸੁਰ ਇੱਕੋ ਹੀ ਸੁਣਾਈ ਦੇਵੇ ਅਰ ਜਦ ਤੁਰ੍ਹੀਆਂ ਅਰ ਖੰਜਰੀਆਂ ਅਰ ਗਾਉਣ ਦਿਆਂ ਸਾਜ਼ਾਂ ਨਾਲ ਉਨ੍ਹਾਂ ਨੇ ਆਪਣਾ ਸੁਰ ਉੱਚਾ ਕਰਕੇ ਯਹੋਵਾਹ ਦੀ ਉਸਤਤ ਕੀਤੀ ਕਿ "ਉਹ ਭਲਾ ਹੈ, ਉਹ ਦੀ ਦਯਾ ਜੋ ਸਦਾ ਦੀ ਹੈ" ਤਾਂ ਉਹ ਭਵਨ ਅਰਥਾਤ ਯਹੋਵਾਹ ਦਾ ਭਵਨ ਬੱਦਲ ਨਾਲ ਭਰ ਗਿਆ। ਅਤੇ ਯਾਜਕ ਬੱਦਲ ਕਰਕੇ ਸੇਵਾ ਲਈ ਖੜ੍ਹੇ ਨਾ ਰਹਿ ਸਕੇ ਕਿਉਂ ਜੋ ਪਰਮੇਸ਼ੁਰ ਦਾ ਭਵਨ ਯਹੋਵਾਹ ਦੇ ਪ੍ਰਤਾਪ ਨਾਲ ਭਰ ਗਿਆ ਸੀ।**

## ਇੱਕ ਵਗਦੀ ਨਦੀ

ਜਦੋਂ ਅਸੀਂ ਪਰਮੇਸ਼ੁਰ ਦੀ ਸਤੂਤੀ ਅਤੇ ਅਰਾਧਨਾ ਕਰਦੇ ਹਾਂ, ਉਸਦੀ ਹਜ਼ੂਰੀ ਇੱਕ ਨਦੀ ਦੀ ਤਰ੍ਹਾਂ ਵਹਿੰਦੀ ਹੈ ਅਤੇ ਉਸਦਾ ਸਿੰਘਾਸਣ ਸਾਡੇ ਵਿਚਕਾਰ ਸਥਾਪਿਤ ਹੁੰਦਾ ਹੈ। ਇਹ ਪਰਮੇਸ਼ੁਰ ਦੀ ਨਦੀ ਹੈ ਜਿਸ ਬਾਰੇ ਹਿਜ਼ਕੀਏਲ ਨੇ ਲਿਖਿਆ ਹੈ ਕਿ ਉਹ ਪਰਮੇਸ਼ੁਰ ਦੇ ਸਿੰਘਾਸਣ ਤੋਂ ਵਹਿੰਦੀ ਹੈ।

**ਹਿਜ਼ਕੀਏਲ 47:1,9,12 ਫੇਰ ਉਹ ਮੈਨੂੰ ਭਵਨ ਦੇ ਦਰਵਾਜ਼ੇ ਤੇ ਮੋੜ ਲਿਆਇਆ ਅਤੇ ਵੇਖੋ, ਹੈਕਲ ਦੀ ਸਰਦਲ ਦੇ ਹੇਠੋਂ ਪਾਣੀ ਪੂਰਬ ਵੱਲ ਵਗ ਰਿਹਾ ਸੀ ਕਿਉਂ ਜੋ ਭਵਨ ਦਾ ਮੂੰਹ ਪੂਰਬ ਵੱਲ ਸੀ ਅਤੇ ਪਾਣੀ ਭਵਨ ਦੇ ਸੱਜੇ ਪਾਸੇ ਦੇ ਹੇਠਾਂ ਤੋਂ ਜਗਵੇਦੀ ਦੇ ਦੱਖਣ ਵੱਲੋਂ ਵਗ ਕੇ ਜਾਂਦਾ ਸੀ।**

**ਅਤੇ ਐਉਂ ਹੋਵੇਗਾ ਕਿ ਜਿੱਥੇ ਇਹ ਨਾਲੇ ਜਾਣਗੇ ਹਰੇਕ ਜਲਜੰਤੂ ਜੋ ਬਹੁਤ ਸਾਰੇ ਹਨ ਜੀਉਂਦਾ ਰਹੇਗਾ ਅਤੇ ਮੱਛੀਆਂ ਦਾ ਬਹੁਤ ਵਾਧਾ ਹੋਵੇਗਾ ਕਿਉਂ ਜੋ ਇਹ ਪਾਣੀ ਉੱਥੇ ਪੁੱਜਿਆ ਅਤੇ ਉਹ ਤਾਜ਼ਾ ਹੋ ਗਿਆ। ਸੋ ਜਿੱਥੇ ਕਿੱਥੇ ਏਹ ਨਾਲੇ ਪੁੱਜਣਗੇ ਜੀਵਨ ਬਖ਼ਸ਼ਣਗੇ।**

**ਅਤੇ ਨਾਲੇ ਦੇ ਨੇੜੇ ਉਹਦੇ ਦੋਨਾਂ ਕੰਢਿਆਂ ਤੇ ਹਰ ਪ੍ਰਕਾਰ ਦੇ ਮੇਵੇ ਵਾਲੇ ਰੁੱਖ ਉੱਗਣਗੇ ਜਿਨ੍ਹਾਂ ਦੇ ਪੱਤਰ ਕਦੇ ਨਾ ਸੁੱਕਣਗੇ ਅਤੇ ਜਿਨ੍ਹਾਂ ਦੇ ਮੇਵੇ ਕਦੇ ਨਾ ਮੁੱਕਣਗੇ। ਉਨ੍ਹਾਂ ਨੂੰ ਹਰ ਮਹੀਨੇ ਨਵੇਂ ਮੇਵੇ ਲੱਗਣਗੇ ਕਿਉਂ ਜੋ ਉਨ੍ਹਾਂ ਨੂੰ ਓਹ ਪਾਣੀ ਲੱਗਦੇ ਹਨ ਜਿਹੜੇ ਪਵਿੱਤਰ ਅਸਥਾਨ ਵਿੱਚੋਂ ਤੁਰਦੇ ਹਨ ਅਤੇ ਉਨ੍ਹਾਂ ਦੇ ਮੇਵੇ ਖਾਣ ਲਈ ਅਤੇ ਉਨ੍ਹਾਂ ਦੇ ਪੱਤਰ ਦਵਾਈ ਦੇ ਕੰਮ ਆਉਣਗੇ।**

ਜਦੋਂ ਪਰਮੇਸ਼ੁਰ ਦੇ ਲੋਕ ਬਿਨ੍ਹਾਂ ਰੁਕਾਵਟ ਸਤੂਤੀ ਅਤੇ ਗਹਿਰੀ ਅਰਾਧਨਾ ਵਿੱਚ ਆਉਂਦੇ ਹਨ, ਤਾਂ ਉੱਥੇ ਹਮੇਸ਼ਾ ਹੀ ਪਵਿੱਤਰ ਆਤਮਾ ਦੇ ਵਰਦਾਨ ਵਹਿੰਦੇ ਹਨ, ਚਮਤਕਾਰ, ਚਿੰਨ ਅਤੇ ਅਦਭੁੱਤ ਕੰਮ ਵਹਿੰਦੇ ਹਨ।

**ਯੂਹੰਨਾ 7:37,38 ਪਿਛਲੇ ਦਿਨ ਜਿਹੜਾ ਤਿਉਹਾਰ ਦਾ ਵੱਡਾ ਦਿਨ ਸੀ ਯਿਸੂ ਖੜ੍ਹਾ ਹੋਇਆ ਅਤੇ ਇਹ ਕਹਿ ਕੇ ਉੱਚੀ ਬੋਲਿਆ "ਭਈ ਜੇ ਕੋਈ ਤਿਹਾਇਆ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਪੀਵੇ ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹਦੇ ਅੰਦਰੋਂ ਵਗਣਗੀਆਂ!"**

ਜਿਸ ਤਰ੍ਹਾਂ ਪਰਮੇਸ਼ੁਰ ਦਾ ਦੈਵੀ ਪ੍ਰੇਮ ਲਗਾਤਾਰ ਸਾਡੇ ਵਿੱਚੋਂ ਵਹਿੰਦਾ ਹੈ, ਅਸੀਂ ਉਸਦੀ ਸ਼ਕਤੀ ਅਤੇ ਦਯਾ ਵਿੱਚ ਝੂਮਣ ਲੱਗ ਪੈਂਦੇ ਹਾਂ। ਸਾਨੂੰ ਲਗਾਤਾਰ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਲਈ ਇਸ ਗੁਆਚੇ ਹੋਏ ਸੰਸਾਰ ਵਿੱਚ ਬਾਹਰ ਜਾਣਾ ਚਾਹੀਦਾ ਹੈ।

## ਸਤੂਤੀ ਦੇ ਬਲੀਦਾਨ

ਜਦੋਂ ਇਸ ਤਰ੍ਹਾਂ ਲੱਗਦਾ ਹੈ ਕਿ ਚੀਜ਼ਾਂ ਸਹੀ ਨਹੀਂ ਹਨ ਤਾਂ ਪਰਮੇਸ਼ੁਰ ਨੂੰ ਸਤੁਤੀ ਦਾ ਬਲੀਦਾਨ ਚੜ੍ਹਾਇਆ ਜਾਂਦਾ ਹੈ।

ਇਹ ਹੈ :

- ਜਦੋਂ ਚੀਜ਼ਾਂ ਵਿਰੋਧੀ ਚੱਲ ਰਹੀਆਂ ਹੁੰਦੀਆਂ ਹਨ ਤਾਂ ਪਰਮੇਸ਼ੁਰ ਨੂੰ ਸਤੁਤੀ ਚੜ੍ਹਾਈ ਜਾਂਦੀ ਹੈ
- ਵਿਸ਼ਵਾਸ ਅਤੇ ਆਗਿਆਕਾਰੀ ਵਿੱਚ ਸਤੂਤੀ ਚੜਾਈ ਜਾਂਦੀ ਹੈ
- ਪਰਮੇਸ਼ੁਰ ਕੌਣ ਹੈ ਇਸ ਲਈ ਉਸ ਨੂੰ ਸਤੂਤੀ ਚੜ੍ਹਾਈ ਜਾਂਦੀ ਹੈ।

**ਇਬਰਾਨੀਆਂ 13:15 ਸੋ ਅਸੀਂ ਉਹ ਦੇ ਦੁਆਰਾ ਉਸਤਤ ਦਾ ਬਲੀਦਾਨ ਅਰਥਾਤ ਉਨ੍ਹਾਂ ਬੁੱਲ੍ਹਾਂ ਦਾ ਫਲ ਜਿਹੜੇ ਉਹਦੇ ਨਾਮ ਨੂੰ ਮੰਨ ਲੈਂਦੇ ਹਨ ਪਰਮੇਸ਼ੁਰ ਦੇ ਅੱਗੇ ਸਦਾ ਚੜ੍ਹਾਇਆ ਕਰੀਏ।**

ਜਦੋਂ ਅਸੀਂ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਲਈ ਜਾਂਦੇ ਹਾਂ, ਸ਼ੈਤਾਨ ਅਤੇ ਉਸਦੀਆਂ ਦੁਸ਼ਟ ਆਤਮਾਵਾਂ ਸਾਡੇ ਵਿਰੋਧ ਵਿੱਚ ਹਰ ਤਰ੍ਹਾਂ ਦੀਆਂ ਰੁਕਾਵਟਾਂ, ਮੁਸ਼ਕਿਲਾਂ ਅਤੇ ਹਾਰ ਦੇ ਡਰ ਨੂੰ ਲੈ ਆਉਂਦੀਆਂ ਹਨ। ਇਸ ਸਮੇਂ, ਸਾਨੂੰ ਲਗਾਤਾਰ ਸਤੂਤੀ ਦੇ ਬਲੀਦਾਨ ਚੜਾਉਂਦੇ ਰਹਿਣਾ ਬਹੁਤ ਹੀ ਜ਼ਰੂਰੀ ਹੈ।

➢ *ਪੌਲੁਸ ਅਤੇ ਸੀਲਾਸ*

ਪੌਲੁਸ ਅਤੇ ਸੀਲਾਸ ਸ਼ਕਤੀਸ਼ਾਲੀ ਉਦਾਹਰਨਾਂ ਹਨ ਕਿ ਸਾਨੂੰ ਕਿਸ ਤਰ੍ਹਾਂ ਸਤੂਤੀ ਬਲੀਦਾਨ ਚੜ੍ਹਾਉਣੇ ਚਾਹੀਦੇ ਹਨ।

**ਰਸੂਲਾਂ ਦੇ ਕਰਤੱਬ 16:22-26 ਤਦ ਲੋਕ ਮਿਲ ਕੇ ਉਨ੍ਹਾਂ ਦੇ ਵਿਰੁੱਧ ਉੱਠੇ ਅਤੇ ਸਰਦਾਰਾਂ ਨੇ ਉਨ੍ਹਾਂ ਦੇ ਦੁਆਲੇ ਦੇ ਲੀੜੇ ਪਾੜ ਕੇ ਬੈਂਤ ਮਾਰਨ ਦਾ ਹੁਕਮ ਕੀਤਾ। ਉਨ੍ਹਾਂ ਨੂੰ ਮਾਰ ਕੇ ਕੈਦ ਕਰ ਦਿੱਤਾ ਅਤੇ ਕੈਦਖ਼ਾਨੇ ਦੇ ਦਰੋਗੇ ਨੂੰ ਹੁਕਮ ਦਿੱਤਾ ਭਈ ਵੱਡੀ ਚੌਕਸੀ ਨਾਲ ਉਨ੍ਹਾਂ ਦੀ ਖ਼ਬਰਦਾਰੀ ਕਰ! ਉਸਨੇ ਅਜਿਹਾ ਹੁਕਮ ਪਾ ਕੇ ਉਨ੍ਹਾਂ ਨੂੰ ਅੰਦਰਲੇ ਕੈਦਖ਼ਾਨੇ ਵਿੱਚ ਸੁੱਟਿਆ ਅਤੇ ਉਨ੍ਹਾਂ ਦੇ ਪੈਰੀਂ ਕਾਠ ਠੋਕ ਦਿੱਤਾ ਪਰ ਅੱਧੀ ਕੁ ਰਾਤ ਨੂੰ ਪੌਲੁਸ ਅਤੇ ਸੀਲਾਸ ਪ੍ਰਾਰਥਨਾ ਕਰਦੇ ਅਤੇ ਪਰਮੇਸ਼ੁਰ ਦਾ ਭਜਨ ਗਾਉਂਦੇ ਸਨ ਅਰ ਕੈਦੀ ਉਨ੍ਹਾਂ ਦੀ ਸੁਣਦੇ ਸਨ। ਤਾਂ ਅਚਾਨਕ ਇੱਕ ਐਡਾ ਭੂਚਾਲ ਆਇਆ ਜੋ ਕੈਦਖ਼ਾਨੇ ਦੀਆਂ ਨੀਂਹਾਂ ਹਿੱਲ ਗਈਆਂ ਅਰ ਝੱਟ ਸਾਰੇ ਬੂਹੇ ਖੁੱਲ੍ਹ ਗਏ ਅਤੇ ਸਭਨਾਂ ਦੀਆਂ ਬੇੜੀਆਂ ਖੁੱਲ੍ਹ ਗਈਆਂ।**

**ਜ਼ਬੂਰਾਂ ਦੀ ਪੋਥੀ 34:1 ਮੈਂ ਹਰ ਵੇਲੇ ਯਹੋਵਾਹ ਨੂੰ ਮੁਬਾਰਕ ਆਖਾਂਗਾ, ਉਹਦੀ ਉਸਤਤ ਸਦਾ ਮੇਰੇ ਮੂੰਹ ਵਿੱਚ ਹੋਵੇਗੀ।**

**ਸਤੂਤੀ ਦਾ ਬਲੀਦਾਨ ਇੱਕ ਲਗਾਤਾਰ ਅਤੇ ਸੁਣਾਈ ਦੇਣ ਵਾਲੀ ਸਤੂਤੀ ਹੈ। ਵਚਨ ਦਿਖਾਉਂਦਾ ਹੈ ਕਿ ਸਤੂਤੀ ਦਾ ਬਲੀਦਾਨ ਵਿਰੋਧੀ ਪਰਿਸਥਿਤੀਆਂ ਵਿੱਚ ਪਰਮੇਸ਼ੁਰ ਨੂੰ ਸਾਡੇ ਜੀਵਨਾਂ, ਪਰਿਵਾਰ, ਕਲੀਸਿਯਾ, ਰਾਸ਼ਟਰ ਅਤੇ ਸੰਸਾਰ ਵਿੱਚ ਦੈਵੀ ਤਰੀਕੇ ਨਾਲ ਦਖਲ ਦੇਣ ਦਾ ਕਾਰਨ ਹੁੰਦਾ ਹੈ।**

## ਸਤੂਤੀ ਜਿੱਤ ਨੂੰ ਲਿਆਉਂਦੀ ਹੈ

➢ *ਰਾਜਾ ਯਹੋਸ਼ਾਫਾਟ ਦੀ ਜਿੱਤ*

ਜਦੋਂ ਰਾਜਾ ਯਹੋਸ਼ਾਫਾਟ ਅਤੇ ਇਸਰਾਏਲ ਦੇ ਲੋਕਾਂ ਦਾ ਇੱਕ ਸ਼ਕਤੀਸ਼ਾਲੀ ਦੁਸ਼ਮਣ ਨਾਲ ਸਾਹਮਣਾ ਹੋਇਆ ਸੀ, ਤਾਂ ਰਾਜਾ ਅਤੇ ਲੋਕਾਂ ਨੇ ਪ੍ਰਭੂ ਦੀ ਸਤੂਤੀ ਕਰਨੀ ਸ਼ੁਰੂ ਕਰ ਦਿੱਤੀ। ਇਸ ਗੱਲ ਦਾ ਮਹੱਤਵ ਨਹੀਂ ਸੀ ਕਿ ਦੁਸ਼ਮਣ ਕਿੰਨਾ ਸ਼ਕਤੀਸ਼ਾਲੀ ਸੀ। ਉਨ੍ਹਾਂ ਨੇ ਪਰਮੇਸ਼ੁਰ ਦੀ ਸਤੂਤੀ ਕੀਤੀ ਜੋ ਸਾਰੇ ਰਾਸ਼ਟਰਾਂ ਤੇ ਸ਼ਾਸਨ ਕਰਦਾ ਹੈ। ਫਿਰ ਪਰਮੇਸ਼ੁਰ ਨੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਉਨ੍ਹਾਂ ਨਾਲ ਜਿੱਤ ਦਾ ਵਾਇਦਾ ਕੀਤਾ ਸੀ।

ਯਹੋਸ਼ਾਫਾਟ ਨੇ ਕਿਹਾ :

**2 ਇਤਿਹਾਸ 20:6-9 "ਉਸ ਆਖਿਆ, ਹੇ ਯਹੋਵਾਹ ਸਾਡੇ ਪਿਉ ਦਾਦਿਆਂ ਦੇ ਪਰਮੇਸ਼ੁਰ, ਕੀ ਤੂੰ ਅਕਾਸ਼ ਦੇ ਉੱਤੇ ਪਰਮੇਸ਼ੁਰ ਨਹੀਂ? ਅਤੇ ਕੀ ਤੂੰ ਹੀ ਸਾਰੀਆਂ**

**ਕੌਮਾਂ ਦੇ ਰਾਜਾਂ ਉੱਤੇ ਰਾਜ ਨਹੀਂ ਕਰਦਾ? ਤੇਰੇ ਹੱਥ ਵਿੱਚ ਏਨੀ ਸ਼ਕਤੀ ਹੈ ਕਿ ਕੋਈ ਤੇਰਾ ਟਾਕਰਾ ਨਹੀਂ ਕਰ ਸਕਦਾ।**

**"ਹੇ ਸਾਡੇ ਪਰਮੇਸ਼ੁਰ, ਕੀ ਤੂੰ ਹੀ ਏਸ ਧਰਤੀ ਦੇ ਵਸਨੀਕਾਂ ਨੂੰ ਆਪਣੀ ਪਰਜਾ ਇਸਰਾਏਲ ਦੇ ਅੱਗੋਂ ਕੱਢ ਕੇ ਆਪਣੇ ਮਿੱਤਰ ਅਬਰਾਹਾਮ ਦੀ ਅੰਸ਼ ਨੂੰ ਸਦਾ ਲਈ ਨਹੀਂ ਦੇ ਦਿੱਤਾ?" ਸੋ ਓਹ ਏਸ ਵਿੱਚ ਵੱਸਦੇ ਹਨ ਅਤੇ ਉਨ੍ਹਾਂ ਨੇ ਤੇਰੇ ਨਾਮ ਲਈ ਇੱਕ ਪਵਿੱਤਰ ਅਸਥਾਨ ਐਉਂ ਆਖ ਕੇ ਬਣਾਇਆ ਹੈ।ਕਿ ਜਦ ਕੋਈ ਬਦੀ ਸਾਡੇ ਉੱਤੇ ਆ ਪਵੇ ਜਿਵੇਂ ਤਲਵਾਰ ਜਾਂ ਨਿਆਉਂ ਜਾਂ ਬਵਾ ਜਾਂ ਕਾਲ ਅਤੇ ਜੇ ਅਸੀਂ ਏਸ ਭਵਨ ਦੇ ਅੱਗੇ ਤੇਰੇ ਹਜ਼ੂਰ ਖੜੇ ਹੋਈਏ ਕਿਉਂ ਜੋ ਤੇਰਾ ਨਾਮ ਏਸ ਭਵਨ ਵਿੱਚ ਹੈ ਅਤੇ ਆਪਣੀ ਔਕੜ ਦੇ ਸਮੇਂ ਤੇਰੇ ਅੱਗੇ ਫਰਿਆਦ ਕਰੀਏ ਤਾਂ ਤੂੰ ਸੁਣ ਲਵੇਂ ਅਤੇ ਬਚਾ ਦੇਵੇਂ।"**

ਪਰਮੇਸ਼ੁਰ ਦੀ ਆਤਮਾ ਹਿਜ਼ਕੀਏਲ ਉੱਤੇ ਆਇਆ :

**ਆਇਤ 15-18 ਅਤੇ ਉਸ ਆਖਿਆ, "ਹੇ ਯਹੂਦਾਹ ਤੇ ਯਰੂਸ਼ਲਮ ਦੇ ਵਸਨੀਕੋ ਅਤੇ ਹੇ ਪਾਤਸ਼ਾਹ ਯਹੋਸ਼ਾਫ਼ਾਟ, ਤੁਸੀਂ ਸਾਰੇ ਸੁਣੋ! ਯਹੋਵਾਹ ਤੁਹਾਨੂੰ ਐਉਂ ਆਖਦਾ ਹੈ ਕਿ ਤੁਸੀਂ ਏਸ ਵੱਡੇ ਦਲ ਦੇ ਕਾਰਨ ਨਾ ਡਰੋ, ਨਾ ਘਾਬਰੋ! ਕਿਉਂ ਜੋ ਏਹ ਲੜਾਈ ਤੁਹਾਡੀ ਨਹੀਂ ਸਗੋਂ ਪਰਮੇਸ਼ੁਰ ਦੀ ਹੈ। ਤੁਸੀਂ ਕੱਲ ਉਨ੍ਹਾਂ ਦਾ ਟਾਕਰਾ ਕਰਨ ਲਈ ਹੇਠਾਂ ਜਾਣਾ। ਵੇਖੋ ਓਹ ਸੀਸ ਦੀ ਚੜ੍ਹਾਈ ਵੱਲੋਂ ਆ ਰਹੇ ਹਨ ਅਤੇ ਤੁਸੀਂ ਉਨ੍ਹਾਂ ਨੂੰ ਯਰੂਏਲ ਦੀ ਉਜਾੜ ਦੇ ਸਾਹਮਣੇ ਵਾਦੀ ਦੇ ਸਿਰੇ ਉੱਤੇ ਪਾਓਗੇ। ਤੁਹਾਨੂੰ ਏਸ ਥਾਂ ਲੜਨਾ ਨਹੀਂ ਪਵੇਗਾ, ਹੇ ਯਹੂਦਾਹ ਅਤੇ ਯਰੂਸ਼ਲਮ ਤੁਸੀਂ ਪਾਲ ਬੰਨ੍ਹ ਕੇ ਚੁੱਪ ਚਾਪ ਖਲੋਤੇ ਰਹਿਣਾ ਅਤੇ ਯਹੋਵਾਹ ਦਾ ਬਚਾਓ ਜਿਹੜਾ ਤੁਹਾਡੇ ਲਈ ਹੈ ਵੇਖਣ! ਨਾ ਡਰੋ, ਨਾ ਘਾਬਰੋ। ਕੱਲ ਉਨ੍ਹਾਂ ਦੇ ਟਾਕਰੇ ਲਈ ਚੱਲਣਾ ਕਿਉਂ ਜੋ ਯਹੋਵਾਹ ਤੁਹਾਡੇ ਅੰਗ ਸੰਗ ਹੈ।"**

**ਤਾਂ ਯਹੋਸ਼ਾਫ਼ਾਟ ਸਿਰ ਨਿਵਾ ਕੇ ਧਰਤੀ ਉੱਤੇ ਝੁਕਿਆ ਅਤੇ ਸਾਰੇ ਯਹੂਦਾਹ ਅਤੇ ਯਰੂਸ਼ਲਮ ਦੇ ਵਸਨੀਕਾਂ ਨੇ ਯਹੋਵਾਹ ਦੇ ਅੱਗੇ ਡਿੱਗ ਕੇ ਉਹਨੂੰ ਮੱਥਾ ਟੇਕਿਆ।**

- *ਅੱਜ ਦੇ ਵਿਸ਼ਵਾਸੀ*

ਅਸੀਂ ਪ੍ਰਭੂ ਦੀ ਅਰਾਧਨਾ ਕਰਨੀ ਸ਼ੁਰੂ ਕਰਦੇ ਹਾਂ, ਤਾਂ ਉਹ ਦੁਸ਼ਮਣ ਘਾਤ ਵਿੱਚ ਬੈਠਦਾ ਹੈ। ਯਹੋਸ਼ਾਫਾਟ ਅਤੇ ਇਸਰਾਏਲ ਦੇ ਬੱਚਿਆਂ ਨੇ ਦੁਸ਼ਮਣ ਤੋਂ ਹਾਰਨ ਤੋਂ ਬਾਅਦ ਸਤੂਤੀ ਕਰਨਾ ਸ਼ੁਰੂ ਨਹੀਂ ਕੀਤਾ ਸਗੋਂ ਜਦੋਂ ਦੁਸ਼ਮਣ ਨੇ ਘੇਰਾ ਪਾਇਆ ਹੋਇਆ ਹੈ ਉਨ੍ਹਾਂ ਦੇ ਹਾਲਾਤ ਆਸਾ ਰਹਿਤ ਹਨ

**2 ਇਤਿਹਾਸ 20:20-24 ਅਤੇ ਓਹ ਸਾਹਜਰੇ ਦੀ ਉੱਠ ਕੇ ਤਕੋਅ ਦੀ ਉਜਾੜ ਵਿੱਚ ਚੱਲੇ ਗਏ ਅਤੇ ਉਨ੍ਹਾਂ ਦੇ ਜਾਣ ਲੱਗਿਆਂ ਯਹੋਸ਼ਾਫ਼ਾਟ ਨੇ ਖਲੋ ਕੇ ਆਖਿਆ, ਹੇ ਯਹੂਦਾਹ ਤੇ ਯਰੂਸ਼ਲਮ ਦੇ ਵਸਨੀਕੋ ਸੁਣੋ! "ਆਪਣੇ ਪਰਮੇਸ਼ੁਰ ਯਹੋਵਾਹ ਦੇ ਉੱਤੇ ਭਰੋਸਾ ਰੱਖੋ ਤਾਂ ਤੁਸੀਂ ਕਾਇਮ ਰਹੋਗੇ। ਉਸਦੇ ਨਬੀਆਂ ਉੱਤੇ ਵਿਸ਼ਵਾਸ ਕਰੋ ਤਾਂ ਤੁਸੀਂ ਸਫਲ ਹੋਵੋਗੇ।"**

**ਜਦ ਉਸਨੇ ਆਪਣੀ ਪਰਜਾ ਨਾਲ ਸਲਾਹ ਕਰ ਲਈ ਤਾਂ ਉਨ੍ਹਾਂ ਯਹੋਵਾਹ ਲਈ ਗਵੱਯਾਂ ਨੂੰ ਮੁਕੱਰਰ ਕੀਤਾ ਜਿਹੜੇ ਸੈਨਾ ਦੇ ਮੁਹਰੇ ਮੁਹਰੇ ਚੱਲ ਕੇ ਪਵਿੱਤਰ ਵਸਤਰਾਂ ਵਿੱਚ ਉਸਤਤ ਕਰਨ ਅਤੇ ਆਖਣ, "ਯਹੋਵਾਹ ਦਾ ਧੰਨਵਾਦ ਕਰੋ, ਉਹਦੀ ਦਯਾ ਜੋ ਸਦਾ ਦੀ ਹੈ।"**

**ਜਦ ਓਹ ਗਾਉਣ ਅਤੇ ਉਸਤਤ ਕਰਨ ਲੱਗੇ ਤਾਂ ਯਹੋਵਾਹ ਨੇ ਅੰਮੋਨੀਆਂ ਅਤੇ ਮੋਆਬੀਆਂ ਅਤੇ ਸਈਰ ਪਰਬਤ ਦੇ ਵਸਨੀਕਾਂ ਉੱਤੇ ਜਿਹੜੇ ਯਹੂਦਾਹ ਉੱਤੇ ਚੜ੍ਹੇ ਆਉਂਦੇ ਸਨ ਛਹਿ ਵਾਲਿਆਂ ਨੂੰ ਬਿਠਾ ਦਿੱਤਾ ਸੋ ਓਹ ਮਾਰੇ ਗਏ।**

**ਕਿਉਂ ਜੋ ਅੰਮੋਨੀ ਅਤੇ ਮੋਆਬੀ ਸਈਰ ਦੇ ਵਸਨੀਕਾਂ ਦੇ ਟਾਕਰੇ ਵਿੱਚ ਖਲੋ ਗਏ ਤਾਂ ਜੋ ਉਨ੍ਹਾਂ ਨੂੰ ਕਤਲ ਕਰਕੇ ਮੇਟ ਦੇਣ ਅਤੇ ਜਦ ਓਹ ਸਈਰ ਦੇ ਵਸਨੀਕਾਂ ਨੂੰ ਮੁਕਾ ਚੁੱਕੇ ਤਾਂ ਓਹ ਆਪਸ ਵਿੱਚ ਇੱਕ ਦੂਜੇ ਨੂੰ ਵੱਢਣ ਲੱਗ ਪਏ।**

**ਅਤੇ ਜਦ ਯਹੂਦਾਹ ਨੇ ਉਹਾੜ ਦੇ ਬੁਰਜ ਉੱਤੇ ਪੁੱਜ ਕੇ ਉਸ ਵੱਡੇ ਦਲ ਨੂੰ ਡਿੱਠਾ ਤਾਂ ਵੇਖੋ, ਉਨ੍ਹਾਂ ਦੀਆਂ ਲੋਥਾਂ ਧਰਤੀ ਉੱਤੇ ਪਈਆਂ ਸਨ ਅਤੇ ਕੋਈ ਨਾ ਬਚਿਆ!**

ਅੱਜ, ਅਸੀਂ ਵੀ ਆਪਣੇ ਸ਼ਹਿਰਾਂ ਅਤੇ ਸੰਸਾਰ ਦੇ ਰਾਸ਼ਟਰਾਂ ਨੂੰ ਸਤੂਤੀ ਦੇ ਦੁਆਰਾ ਲੈ ਸਕਦੇ ਹਾਂ। ਪਰਮੇਸ਼ੁਰ ਦੀ ਸ਼ਕਤੀ ਆਉਂਦੀ ਹੈ ਜਦੋਂ ਅਸੀਂ ਉਸਦੀ ਸਤੂਤੀ ਕਰਦੇ ਹਾਂ। ਸਵਰਗਦੂਤ ਸਾਡੇ ਪੱਖ ਵਿੱਚ ਕੰਮ ਕਰਨਾ ਸ਼ੁਰੂ ਕਰਦੇ ਹਨ। ਅਸੀਂ ਵੀ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਦੁਆਰਾ ਮਹਾਨ ਜਿੱਤਾਂ ਨੂੰ ਵੇਖਾਂਗੇ। ਅਸੀਂ ਵੀ ਮਹਾਨ ਖੁਸ਼ੀ ਨੂੰ ਅਨੁਭਵ ਕਰਾਂਗੇ।

**2 ਇਤਿਹਾਸ 20:27–29 ਤਦ ਓਹ ਮੁੜੇ, ਯਹੂਦਾਹ ਅਤੇ ਯਰੂਸ਼ਲਮ ਦਾ ਹਰ ਇੱਕ ਪੁਰਸ਼ ਅਤੇ ਸਾਰਿਆਂ ਦੇ ਮੂਹਰੇ ਯਹੋਸ਼ਾਫ਼ਾਟ ਸੀ ਤਾਂ ਜੋ ਓਹ ਖੁਸ਼ੀ ਖੁਸ਼ੀ ਯਰੂਸ਼ਲਮ ਨੂੰ ਮੁੜ ਜਾਣ ਕਿਉਂ ਜੋ ਯਹੋਵਾਹ ਨੇ ਉਨ੍ਹਾਂ ਨੂੰ ਵੈਰੀਆਂ ਉੱਤੇ ਖੁਸ਼ੀ ਬਖ਼ਸ਼ੀ ਸੀ। ਸੋ ਓਹ ਸਿਤਾਰਾਂ, ਬਰਬਤਾਂ ਅਤੇ ਤੁਰ੍ਹੀਆਂ ਲੈ ਕੇ ਯਰੂਸ਼ਲਮ ਵਿੱਚ ਯਹੋਵਾਹ ਦੇ ਭਵਨ ਵਿੱਚ ਆਏ। ਤਾਂ ਪਰਮੇਸ਼ੁਰ ਦਾ ਭੈ ਉਨ੍ਹਾਂ ਦੇਸ਼ਾਂ ਦਿਆਂ ਸਾਰਿਆਂ ਰਾਜਾਂ ਉੱਤੇ ਪੈ ਗਿਆ ਜਦ ਉਨ੍ਹਾਂ ਨੇ ਸੁਣਿਆ ਕਿ ਇਸਰਾਏਲ ਦੇ ਵੈਰੀਆਂ ਨਾਲ ਯਹੋਵਾਹ ਨੇ ਲੜਾਈ ਕੀਤੀ ਹੈ।**

ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ, ਜਦੋਂ ਅਸੀਂ ਘਰਾਂ, ਸ਼ਹਿਰਾਂ, ਅਤੇ ਰਾਸ਼ਟਰਾਂ ਵਿੱਚ ਸਤੁਤੀ ਦੇ ਨਾਲ ਜਾਂਦੇ ਹਾਂ, ਪਰਮੇਸ਼ੁਰ ਸਾਡੇ ਲਈ ਸਾਡੇ ਵਿਰੋਧੀਆਂ ਦੇ ਵਿਰੁੱਧ ਕੰਮ ਕਰਦਾ ਹੈ। ਅਸੀਂ ਯਿਸੂ ਨੂੰ ਕਬੂਲ ਕਰਨ ਲਈ ਦਿਲਾਂ ਨੂੰ ਤਿਆਰ ਅਤੇ ਦਰਵਾਜਿਆਂ ਨੂੰ ਖੁੱਲ੍ਹਾ ਹੋਇਆ ਵੇਖਾਂਗੇ। ਅਸੀਂ ਪਰਮੇਸ਼ੁਰ ਲਈ ਆਪਣੇ ਸ਼ਹਿਰਾਂ ਲਵਾਂਗੇ:

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਸੰਸਾਰ ਭਰ ਦੀ ਫ਼ਸਲ ਨੂੰ ਲੈਣ ਲਈ ਕਿਹੜੀਆਂ ਦੋ ਲੋੜਾਂ ਹਨ?

2. ਸੰਸਾਰ ਭਰ ਦੀ ਫ਼ਸਲ ਨੂੰ ਲੈਣ ਲਈ ਪ੍ਰਭਾਵਸ਼ਾਲੀ ਪ੍ਰਾਰਥਨਾ ਦੀਆਂ ਸੱਤ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਓ।

3. ਬਾਈਬਲ ਦੀ ਇੱਕ ਜਿੱਤ ਦੀ ਉਦਾਹਰਨ ਦਿਓ ਜੋ ਜਿੱਤ ਸਤੂਤੀ ਦੇ ਨਤੀਜੇ ਵਜੋਂ ਮਿਲੀ ਸੀ।

# ਅਧਿਆਇ ਸੱਤ

# *ਪਰਮੇਸ਼ੁਰ ਦੀ ਫ਼ੌਜ਼*

## ਇੱਕ ਅੱਤ ਮਹਾਨ ਫ਼ੌਜ਼

ਨਬੀ ਹਿਜ਼ਕੀਏਲ ਨੇ ਸੁੱਕੀਆਂ ਹੱਡੀਆਂ ਦੀ ਘਾਟੀ ਦੇ ਬਾਰੇ ਭਵਿੱਖਬਾਣੀ ਕੀਤੀ। ਉਹ ਇਸਰਾਏਲ ਰਾਸ਼ਟਰ ਦੇ ਬਾਰੇ ਭਵਿੱਖਬਾਣੀ ਕਰ ਰਿਹਾ ਸੀ। ਪਰ ਜਦੋਂ ਅਸੀਂ ਆਪਣੇ ਸਮੇਂ ਦੀ ਕਲੀਸਿਯਾ ਵੱਲ ਵੇਖਦੇ ਹਾਂ, ਅਸੀਂ ਨਿਰਾਸ਼ਾ ਜ਼ਖ਼ਮੀ, ਬੇਸਹਾਰੇ ਅਤੇ ਟੁੱਟੇ ਹੋਏ ਹਾਂ ਜੋ ਪਹਿਲਾਂ ਸੁੰਦਰ, ਜੀਵਿਤ ਅਤੇ ਚੁਸਤ ਮਸੀਹੀ ਸਾਂ।

ਇਹ ਉਸ ਕਿਸਮ ਦੀ ਫ਼ੌਜ਼ ਨਹੀਂ ਹੈ ਜਿਸ ਤਰ੍ਹਾਂ ਦੀ ਫ਼ੌਜ਼ ਬਾਰੇ ਪਰਮੇਸ਼ੁਰ ਨੇ ਕਿਹਾ ਹੈ। ਉਹ ਅਧਿਕਾਰਸ਼ਾਲੀ; ਤੇਜ਼ ਫ਼ੌਜ਼ ਦੀ ਗੱਲ ਕਰਦਾ ਹੈ ਪਰਮੇਸ਼ੁਰ ਦੇ ਰਾਜ ਨੂੰ ਸ਼ਕਤੀਸ਼ਾਲੀ ਅਤੇ ਉੱਨਤ ਕਰੇਗੀ।

ਪਵਿੱਤਰ ਆਤਮਾ ਦਾ ਸਾਹ ਪਰਮੇਸ਼ੁਰ ਦੀਆਂ ਫ਼ੌਜ਼ਾਂ ਨੂੰ ਪੂਰੇ ਸੰਸਾਰ ਦੀ ਆਤਮਾਵਾਂ ਦੀ ਫਸਲ ਨੂੰ ਲੈਣ ਲਈ ਬਹਾਲ ਕਰੇਗਾ।

ਅਸੀਂ ਹਿਜ਼ਕੀਏਲ ਨਾਲ ਵਿਸ਼ਵਾਸ ਕਰ ਸਕਦੇ ਹਾਂ

**ਹਿਜ਼ਕੀਏਲ 37:10 ਸੋ ਮੈਂ ਉਹਦੇ ਹੁਕਮ ਦੇ ਅਨੁਸਾਰ ਅਗੰਮ ਵਾਚਿਆ ਅਤੇ ਉਨ੍ਹਾਂ ਵਿੱਚ ਆਤਮਾ ਪੈ ਗਿਆ ਅਤੇ ਓਹ ਜੀਉਂਦੀਆਂ ਹੋ ਕੇ ਆਪਣੇ ਪੈਰਾਂ ਪਰਨੇ ਖਲੋ ਗਈਆਂ, ਇੱਕ ਬਹੁਤ ਹੀ ਵੱਡੀ ਫ਼ੌਜ਼ ਸੀ।**

## ਗਿਦੋਨ, ਇੱਕ ਉਦਾਹਰਨ

ਜਿਸ ਫ਼ੌਜ਼ ਨੂੰ ਪਰਮੇਸ਼ੁਰ ਅੱਜ ਖੜ੍ਹਾ ਕਰਨ ਵਾਲਾ ਹੈ ਉਹ ਵੱਡੀ ਗਿਣਤੀ ਤੇ ਨਿਰਭਰ ਨਹੀਂ ਕਰਦੀ ਹੈ। ਇਹ ਪਰਮੇਸ਼ੁਰ ਦੀ ਸ਼ਕਤੀ ਤੇ ਨਿਰਭਰ ਕਰਦੀ ਹੈ। ਜਦੋਂ ਇਸਰਾਏਲ ਰਾਸ਼ਟਰ ਕਰੂਰ ਮਿਦਯਾਨੀਆਂ ਦੇ ਸ਼ਾਸਨ ਅਧੀਨ ਸੀ, ਪਰਮੇਸ਼ੁਰ ਨੇ ਇੱਕ ਆਦਮੀ ਕੋਲ ਇੱਕ ਸਵਰਗ ਦੂਤ ਨੂੰ ਭੇਜਿਆ, ਜਿਸਦਾ ਨਾਮ ਗਿਦਾਊਨ ਸੀ।

**ਨਿਆਈਆਂ 6:12 ਸੋ ਯਹੋਵਾਹ ਦੇ ਦੂਤ ਨੇ ਉਹਨੂੰ ਦਰਸ਼ਨ ਦਿੱਤਾ ਅਤੇ ਉਹਨੂੰ ਆਖਿਆ, ਹੇ ਤਕੜੇ ਸੂਰਬੀਰ, ਯਹੋਵਾਹ ਤੇਰੇ ਨਾਲ ਹੈ**

ਪਰਮੇਸ਼ੁਰ ਨੇ ਕਿਹਾ। ਗਿਦਾਊਨ ਨੇ ਵਿਸ਼ਵਾਸ ਕੀਤਾ ਅਤੇ ਉਸੇ ਵਚਨ ਦੇ ਅਨੁਸਾਰ ਕੀਤਾ। ਇਹ ਗੱਲ ਨੋਟ ਕਰੋ ਕਿ ਪਰਮੇਸ਼ੁਰ ਨੂੰ ਮਨੁੱਖਾਂ ਦੀ ਬਹੁਤ ਵੱਡੀ ਸੰਖਿਆ ਦੀ ਲੋੜ ਨਹੀਂ ਸੀ। ਸਮਰਪਿਤ ਲੋਕਾਂ ਦੀ ਲੋੜ ਸੀ ਜੋ ਖ਼ਬਰਦਾਰ ਅਤੇ ਨਿਡਰ ਸਨ।

**ਨਿਆਈਆਂ 7:1–7 ਤਦ ਯਰੁੱਬਆਲ ਜੋ ਗਿਦਾਊਨ ਹੈ ਸਾਰਿਆਂ ਲੋਕਾਂ ਸਣੇ ਜੋ ਉਹਦੇ ਨਾਲ ਸਨ ਪਰਭਾਤ ਵੇਲੇ ਉੱਠਿਆ ਅਤੇ ਹਰੋਦ ਦੇ ਸੋਤੇ ਕੋਲ ਤੰਬੂ ਲਾਏ ਅਤੇ ਮਿਦਯਾਨੀਆਂ ਦੀ ਛੌਣੀ ਉਨ੍ਹਾਂ ਦੇ ਉੱਤਰ ਵੱਲ ਮੋਰੀਹ ਪਹਾੜ ਦੇ ਕੋਲ ਦੂਣ ਵਿੱਚ ਸੀ…**

**ਤਾਂ ਯਹੋਵਾਹ ਨੇ ਗਿਦਾਊਨ ਨੂੰ ਆਖਿਆ, "ਮਿਦਯਾਨੀਆਂ ਨੂੰ ਤੇਰੇ ਵੱਸ ਵਿੱਚ ਕਰਨ ਲਈ ਲੋਕ ਤੇਰੇ ਨਾਲ ਬਹੁਤ ਵੱਧ ਹਨ। ਅਜਿਹਾ ਨਾ ਹੋਵੇ ਜੋ ਇਸਰਾਏਲ ਮੇਰੇ ਸਾਹਮਣੇ ਆਕੜ ਕੇ ਆਖੇ ਭਈ ਮੇਰੇ ਹੀ ਹੱਥ ਨੇ ਮੈਨੂੰ ਬਚਾਇਆ।"**

**ਸੋ ਤੂੰ ਹੁਣ "ਲੋਕਾਂ ਨੂੰ ਸੁਣਾ ਕੇ ਢੰਢੋਰਾ ਫੇਰ ਅਤੇ ਆਖ ਭਈ ਜਿਹੜਾ ਘਾਬਰਦਾ ਹੈ ਅਤੇ ਡਰਦਾ ਹੈ ਸੋ ਮੁੜ ਜਾਏ ਅਤੇ ਗਿਲਆਦ ਪਹਾੜ ਤੋਂ ਛੇਤੀ ਵਿਦਿਆ ਹੋਵੇ," ਸੋ ਲੋਕਾਂ ਵਿੱਚੋਂ ਬਾਈ ਹਜ਼ਾਰ ਮਨੁੱਖ ਮੁੜ ਗਏ ਅਤੇ ਦਸ ਹਜ਼ਾਰ ਪਿੱਛੇ ਰਹੇ।**

**ਤਦ ਯਹੋਵਾਹ ਨੇ ਗਿਦਾਊਨ ਨੂੰ ਆਖਿਆ, "ਅਜੇ ਭੀ ਲੋਕ ਵਧੀਕ ਹਨ ਸੋ ਉਨ੍ਹਾਂ ਨੂੰ ਪਾਣੀ ਦੇ ਕੋਲ ਹੇਠਾਂ ਲੈ ਆ ਅਤੇ ਮੈਂ ਤੇਰੇ ਲਈ ਉੱਥੇ ਉਨ੍ਹਾਂ ਦਾ ਪਰਤਾਵਾ ਲਵਾਂਗਾ ਅਤੇ ਅਜਿਹਾ ਹੋਵੇਗਾ ਕਿ ਜਿਹਦੇ ਲਈ ਮੈਂ ਤੈਨੂੰ ਆਖਾਂ ਭਈ ਇਹ ਤੇਰੇ ਨਾਲ ਜਾਵੇ ਅਤੇ ਓਹ ਸੱਭੇ ਜਿਨ੍ਹਾਂ ਦੇ ਲਈ ਮੈਂ ਆਖਾਂ ਭਈ ਇਹ ਤੇਰੇ ਨਾਲ ਨਾ ਜਾਣ ਸੋ ਓਹ ਤੇਰੇ ਨਾਲ ਨਾ ਜਾਣ।"**

**ਸੋ ਓਹ ਲੋਕਾਂ ਨੂੰ ਹੇਠਾਂ ਪਾਣੀ ਕੋਲ ਲੈ ਆਇਆ ਅਤੇ ਯਹੋਵਾਹ ਨੇ ਗਿਦਾਊਨ ਨੂੰ ਆਖਿਆ, ਜਿਹੜਾ ਮਨੁੱਖ ਕੁੱਤੇ ਵਾਂਙੁ ਲੱਕ ਲੱਕ ਕਰਕੇ ਪਾਣੀ ਪੀਵੇ ਤਾਂ ਅਜਿਹਾ ਤੂੰ ਵੱਖਰਾ ਰੱਖ ਅਰ ਤਿਹਾ ਹੀ ਜੋ ਆਪਣੇ ਗੋਡੇ ਨਿਵਾ ਕੇ ਪਾਣੀ ਪੀਵੇ।**

**ਸੋ ਓਹ ਜਿਨ੍ਹਾਂ ਨੇ ਆਪਣਾ ਹੱਥ ਮੂੰਹ ਨੂੰ ਲਾ ਕੇ ਲੱਕ ਲੱਕ ਕਰ ਕੇ ਪਾਣੀ ਪੀਤਾ ਓਹ ਗਿਣਤੀ ਵਿੱਚ ਤਿੰਨ ਸੌ ਮਨੁੱਖ ਸਨ ਪਰ ਰਹਿੰਦੇ ਸਭਨਾਂ ਲੋਕਾਂ ਨੇ ਪਾਣੀ ਪੀਣ ਲਈ ਗੋਡੇ ਨਿਵਾਏ। ਤਾਂ ਯਹੋਵਾਹ ਨੇ ਗਿਦਾਊਨ ਨੂੰ ਆਖਿਆ, "ਮੈਂ ਇਨ੍ਹਾਂ ਤਿੰਨ ਸੌ ਮਨੁੱਖਾਂ ਨਾਲ ਜਿਨ੍ਹਾਂ ਨੇ ਲੱਕ ਲੱਕ ਕਰਕੇ ਪਾਣੀ ਪੀਤਾ ਹੈ ਤੁਹਾਨੂੰ ਬਚਾਵਾਂਗਾ ਅਤੇ ਮਿਦਯਾਨੀਆਂ ਨੂੰ ਤੇਰੇ ਹੱਥ ਵਿੱਚ ਕਰ ਦਿਆਂਗਾ ਅਤੇ ਰਹਿੰਦੇ ਸਭਨਾਂ ਲੋਕਾਂ ਨੂੰ ਆਪੋ ਆਪਣੀਂ ਘਰੀਂ ਮੁੜਨ ਦੇਹ।"**

ਪਰਮੇਸ਼ੁਰ ਸਾਰੇ ਸੰਸਾਰ ਵਿੱਚੋਂ ਔਰਤਾਂ ਅਤੇ ਆਦਮੀਆਂ ਨੂੰ ਬੁਲਾ ਰਿਹਾ ਹੈ ਤਾਂ ਕਿ ਉਨ੍ਹਾਂ ਨੂੰ ਯੁੱਧ ਵਿੱਚ ਹਿੱਸਾ ਲੈਣ ਲਈ ਤਿਆਰ ਕਰ ਸਕੇ। ਅਸੀਂ ਇੱਕ ਸ਼ਕਤੀਸ਼ਾਲੀ ਫ਼ੌਜ਼ ਹੋਵਾਂਗੇ ਜੋ ਉਸਦੇ ਆਤਮਾ ਅਤੇ ਵਚਨ ਦੀ ਤਾਕਤ ਨਾਲ ਅੱਗੇ ਵੱਧਦੇ ਹਨ; ਜਿਸ ਤਰ੍ਹਾਂ ਸ਼ਕਤੀਸ਼ਾਲੀ ਯੋਧਾ ਦੁਸ਼ਮਣ ਦੀਆਂ ਤਾਕਤਾਂ ਦਾ ਸਾਹਮਣਾ ਕਰਕੇ, ਦੁਸ਼ਮਣ ਕੋਲੋਂ ਆਪਣੀ ਭੂਮੀ ਵਾਪਸ ਲੈਂਦੇ ਹਨ।

ਪਰਮੇਸ਼ੁਰ ਸਾਡੇ ਸਮੇਂ ਦੀ ਕਲੀਸਿਯਾ ਨਾਲ ਵੀ ਬਿਲਕੁਲ ਉਸ ਤਰ੍ਹਾਂ ਬੋਲ ਰਿਹਾ ਹੈ ਜਿਵੇਂ ਉਹ ਗਿਦਾਊਨ ਨਾਲ ਬੋਲਿਆ ਸੀ, "ਪ੍ਰਭੂ ਤੇਰੇ ਨਾਲ ਹੈ, ਸਾਹਸੀ ਸ਼ਕਤੀਸ਼ਾਲੀ ਮਨੁੱਖ।"

## ਯੋਏਲ ਦੀ ਭਵਿੱਖਬਾਣੀ

➢ *ਯੁੱਧ ਤਿਆਰ ਕਰੋ !*

ਯੁੱਧ ਦੀ ਲਲਕਾਰ ਕਿ ਕੌਣ ਅੱਗੇ ਜਾਵੇਗਾ ਨਬੀ ਯੋਏਲ ਅੱਜ ਵੀ ਅੱਗੇ ਜਾ ਰਿਹਾ ਹੈ। ਇਹ ਅਜੇ ਵੀ ਪ੍ਰਭੂ ਦੇ ਯੁੱਧ ਦੀ ਲਲਕਾਰ ਹੈ, ਉਸਦੇ ਸੇਵਾਦਾਰਾਂ ਲਈ ਜੋ ਸਾਰੇ ਸੰਸਾਰ ਵਿੱਚ ਹਨ।

**ਯੋਏਲ 2:1,11;3:9 ਸੀਯੋਨ ਵਿੱਚ ਤੁਰ੍ਹੀ ਫੂਕੋ! ਮੇਰੇ ਪਵਿੱਤਰ ਪਹਾੜ ਉੱਤੇ ਸਾਹ ਸੋਧ ਕੇ ਫੂਕੋ! ਦੇਸ਼ ਦੇ ਸਾਰੀ ਵਾਸੀ ਕੰਬਣ ਕਿਉਂ ਜੋ ਯਹੋਵਾਹ ਦਾ ਦਿਨ ਆ ਰਿਹਾ ਹੈ, ਸਗੋਂ ਨੇੜੇ ਹੀ ਹੈ!**

**ਯਹੋਵਾਹ ਆਪਣੀ ਅਵਾਜ਼ ਆਪਣੀ ਫ਼ੌਜ਼ ਦੇ ਸਾਹਮਣੇ ਕੱਢਦਾ ਹੈ, ਕਿਉਂ ਜੋ ਉਹਦੀ ਛੌਣੀ ਬਹੁਤ ਹੀ ਵੱਡੀ ਹੈ, ਜੋ ਉਹ ਦਾ ਆਖਾ ਪੂਰਾ ਕਰਦਾ ਹੈ ਉਹ ਬਲਵਾਨ ਹੈ, ਯਹੋਵਾਹ ਦਾ ਦਿਨ ਮਹਾਨ ਅਤੇ ਭਿਆਣਕ ਹੈ। ਕੌਣ ਉਸਨੂੰ ਸਹਿ ਸਕਦਾ ਹੈ?**

**ਕੌਮਾਂ ਵਿੱਚ ਏਹ ਪੁਕਾਰੋ, "ਲੜਾਈ ਦੀ ਤਿਆਰੀ ਕਰੋ, ਸੂਰਮਿਆਂ ਨੂੰ ਪ੍ਰੇਰੋ, ਭਈ ਸਾਰੇ ਯੋਧੇ ਨੇੜੇ ਆਉਣ, ਓਹ ਉਤਾਹਾਂ ਆਉਣ।"**

ਉੱਥੇ ਵਿਸ਼ਵਾਸੀਆਂ ਦੇ ਦਿਲਾਂ ਵਿੱਚ ਪਰਮੇਸ਼ੁਰ ਦੇ ਲਈ ਮਜ਼ਬੂਤ ਆਦਮੀ ਅਤੇ ਔਰਤ ਬਣਨ ਦੇ ਲਈ ਜਾਗ੍ਰਿਤੀ ਹੈ।

ਤੇਜ਼ ਅਤੇ ਉੱਨਤ। ਇਹ ਇੱਕ ਅਗਾਂਹ ਵਧੂ ਫ਼ੌਜ਼ ਹੈ ਜੋ ਅੱਗੇ ਆ ਰਹੀ ਹੈ, ਹਮਦਰਦੀ, ਅਗਾਂਹ ਵਧੂ ਵਿਸ਼ਵਾਸ, ਅਤੇ ਅਗਾਂਹ ਵਧੂ ਆਗਿਆਕਾਰੀ ਲਈ ਤਾਂ ਕਿ ਮੱਲੋਮਲੀ ਪਰਮੇਸ਼ੁਰ ਦੇ ਰਾਜ ਨੂੰ ਉੱਨਤ ਕਰ ਸਕੇ।

**ਮੱਤੀ 11:12 "ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਤੋਂ ਹੁਣ ਤੋੜੀ ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ ਅਤੇ ਜ਼ੋਰ ਮਾਰਨ ਵਾਲੇ ਉਸਨੂੰ ਖੋਹ ਲੈਂਦੇ ਹਨ।"**

➢ *ਸੰਸਾਰ ਭਰ ਦੀ ਫਸਲ*

ਪਰਮੇਸ਼ੁਰ ਦੀ ਫ਼ੌਜ਼ ਦੇ ਇਕੱਠੇ ਹੋਣ ਦਾ ਉਦੇਸ਼ ਸੰਸਾਰ ਭਰ ਦੀ ਫਸਲ ਹੈ। ਅੰਤ ਦਾ ਸਮਾਂ ਨੇੜੇ ਹੈ। ਯਿਸੂ ਮਸੀਹ ਛੇਤੀ ਆ ਰਿਹਾ ਹੈ। ਪਰਮੇਸ਼ੁਰ ਦਾ ਆਤਮਾ ਸਾਰੇ ਸੰਸਾਰ ਵਿੱਚ ਚਿੰਨ੍ਹਾਂ, ਚਮਤਕਾਰਾਂ ਅਤੇ ਰਚਨਾਤਮਕ ਚਮਤਕਾਰਾਂ ਨਾਲ ਘੁੰਮ ਰਿਹਾ ਹੈ ਜੋ ਪਹਿਲਾਂ ਕਦੀ ਸੁਣੇ ਜਾਂ ਵੇਖੇ ਨਹੀਂ ਗਏ।

ਯੋਏਲ ਦੀ ਭਵਿੱਖਬਾਣੀ ਚੱਲ ਰਹੀ ਹੈ।

**ਯੋਏਲ 3:13,14 ਦਾਤੀ ਚਲਾਓ ਕਿਉਂ ਜੋ ਫਸਲ ਪੱਕ ਗਈ ਹੈ। ਆਓ, ਮਿੱਧੋ ਕਿਉਂਕਿ ਚੁਬੱਚਾ ਭਰ ਗਿਆ ਹੈ, ਮੱਟੀ ਉੱਛਲਦੀ ਹੈ, ਕਿਉਂ ਜੋ ਓਹਨਾਂ ਦੀ ਬਦੀ ਵੱਡੀ ਹੈ।**

**ਨਬੇੜੇ ਦੀ ਖੱਡ ਵਿੱਚ ਭੀੜਾਂ ਦੀਆਂ ਭੀੜਾਂ! ਨਬੇੜੇ ਦੀ ਖੱਡ ਵਿੱਚ ਯਹੋਵਾਹ ਦਾ ਦਿਨ ਨੇੜੇ ਹੈ!**

## ਪਰਮੇਸ਼ੁਰ ਦੇ ਸ਼ਸਤਰ ਬਸਤਰ

ਪਰਮੇਸ਼ੁਰ ਨੇ ਸਾਨੂੰ ਨਿਸ਼ਚੇ ਹੀ ਦੁਸ਼ਮਣ ਦੇ ਸਾਹਮਣੇ ਅਸੁਰੱਖਿਅਤ ਨਹੀਂ ਰੱਖਿਆ ਹੈ। ਉਸਨੇ ਸਾਡੇ ਬਚਾ ਅਤੇ ਜਿੱਤ ਪ੍ਰਾਪਤ ਕਰਨ ਲਈ ਅਸ਼ਤਰ ਸ਼ਸਤਰ ਪ੍ਰਦਾਨ ਕੀਤੇ ਹਨ।

**ਅਫ਼ਸੀਆਂ 6:10–17 ਮੁੱਕਦੀ ਗੱਲ, ਪ੍ਰਭੂ ਵਿੱਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ।**

**ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ ਧਾਰੋ ਤਾਂ ਜੋ ਤੁਸੀਂ ਸ਼ੈਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸਕੇ ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖ਼ਤਿਆਰਾਂ ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ। ਇਸ ਕਾਰਨ ਤੁਸੀਂ ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ ਸਾਹਮਣਾ ਕਰ ਸੱਕੋ ਅਤੇ ਸੱਭੋ ਕੁਝ ਮੁਕਾ ਕੇ ਖਲੋ ਸੱਕੋ।**

**ਸੋ ਤੁਸੀਂ ਆਪਣੀ ਕਮਰ ਸੱਚਿਆਈ ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨ ਕੇ ਅਤੇ ਮਿਲਾਪ ਦੀ ਖ਼ੁਸ਼ਖ਼ਬਰੀ ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀਂ ਪਾ ਕੇ ਖਲੋ ਜਾਓ! ਓਹਨਾਂ ਸਭਨਾਂ ਸਣੇ ਨਿਹਚਾ ਦੀ ਢਾਲ ਲਾਓ ਜਿਹਦੇ ਨਾਲ ਤੁਸੀਂ ਉਸ ਦੁਸ਼ਟ**

**ਦੇ ਸਾਰੇ ਅਗਨ ਬਾਣਾਂ ਨੂੰ ਬੁਝਾ ਸੱਕੋਗੇ। ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ।**

ਸਾਨੂੰ ਦੁਸ਼ਮਣ ਦਾ ਸਾਹਮਣਾ ਕਰਨ ਤੋਂ ਪਹਿਲਾਂ ਪਰਮੇਸ਼ੁਰ ਦੇ ਸਾਰੇ ਅਸ਼ਤਰ ਸ਼ਸਤਰ ਪਾਉਣਾ ਸਿੱਖਣਾ ਬਹੁਤ ਹੀ ਜ਼ਰੂਰੀ ਹੈ। ਇਹ ਤਿਆਰ ਹੋਣ ਦਾ ਸਮਾਂ ਹੈ, ਅਤੇ ਆਪਣੇ ਆਤਮਿਕ ਹਥਿਆਰਾਂ ਨਾਲ ਹਥਿਆਰਬੰਦ ਹੋਣ ਦਾ ਸਮਾਂ ਹੈ, ਖ਼ੂਨ ਨਾਲ ਢੱਕ ਕੇ ਬਚਣ ਅਤੇ ਵਿਸ਼ਵਾਸ ਦੀ ਢਾਲ ਲੈਣ ਦਾ ਸਮਾਂ ਹੈ।

### ਸੱਚਾਈ

ਸੱਚਾਈ ਇੱਕ ਪੇਟੀ ਦੀ ਤਰ੍ਹਾਂ ਹੈ, ਇਹ ਹਰ ਚੀਜ਼ ਨੂੰ ਸਹੀ ਸਥਾਨ ਤੇ ਰੱਖਦੀ ਹੈ, ਜੇਕਰ ਸਾਡੇ ਜੀਵਨ ਵਿੱਚ ਈਮਾਨਦਾਰੀ ਨਹੀਂ ਹੋਵੇਗੀ, ਤਾਂ ਪਰਮੇਸ਼ੁਰ ਦਾ ਕੋਈ ਵੀ ਅਸ਼ਤਰ ਸ਼ਸਤਰ ਠੀਕ ਨਹੀਂ ਆਵੇਗਾ।

### ਧਾਰਮਿਕਤਾ

ਧਾਰਮਿਕਤਾ ਦੁਸ਼ਮਣ ਤੋਂ ਉਸ ਸਮੇਂ ਬਚਾਉਂਦੀ ਹੈ ਜਦੋਂ ਅਸੀਂ ਧਾਰਮਿਕਤਾ ਦੀ ਝਿਲਮ ਨਾਲ ਢੱਕੇ ਹੁੰਦੇ ਹਨ। ਅਸੀਂ ਦੁਸ਼ਮਣ ਦੇ ਹਮਲਿਆਂ ਦੇ ਸਾਹਮਣੇ ਟਿਕ ਸਕਾਂਗੇ।

### ਸ਼ਾਂਤੀ ਦੀ ਖੁਸ਼ਖ਼ਬਰੀ

ਸ਼ਾਂਤੀ ਦੀ ਖੁਸ਼ਖ਼ਬਰੀ ਸਥਿਰਤਾ ਅਤੇ ਸੁਰੱਖਿਆ ਪ੍ਰਦਾਨ ਕਰਦੀ ਹੈ ਤਾਂ ਕਿ ਅਸੀਂ ਦੁਸ਼ਮਣ ਦੇ ਵਿਰੋਧ ਵਿੱਚ ਡੱਟ ਕੇ ਖੜ੍ਹੇ ਹੋਣ ਦੇ ਯੋਗ ਹੋ ਜਾਈਏ।

### ਵਿਸ਼ਵਾਸ ਦੀ ਢਾਲ

ਵਿਸ਼ਵਾਸ ਦੀ ਢਾਲ ਹਰ ਤਰ੍ਹਾਂ ਦੀ ਸੁਰੱਖਿਆ ਪ੍ਰਦਾਨ ਕਰਦੀ ਹੈ। ਇਹ ਦੁਸ਼ਮਣ ਦੇ ਅਗਨੀ ਬਾਣਾਂ ਨੂੰ ਬੁਝਾ ਦੇਵੇਗੀ।

### ਮੁਕਤੀ ਦਾ ਟੋਪ

ਮੁਕਤੀ ਦਾ ਟੋਪ ਸਿਰ ਦੀ ਰੱਖਿਆ ਕਰਦਾ ਹੈ। ਜਦੋਂ ਪਰਮੇਸ਼ੁਰ ਨੇ ਮਨੁੱਖ ਜਾਤੀ ਨੂੰ ਪ੍ਰਦਾਨ ਕੀਤੀ ਹੈ ਅਤੇ ਆਪਣੇ ਮਨਾਂ ਨੂੰ ਉਸ ਮੁਕਤੀ ਦੁਆਰਾ ਨਵਾਂ ਬਣਾ ਲੈਣਗੇ, ਤਾਂ ਅਸੀਂ ਬਚਾਏ ਜਾਵਾਂਗੇ।

### ਆਤਮਾ ਦੀ ਤਲਵਾਰ

ਸਿਰਫ ਆਤਮਾ ਦੀ ਤਲਵਾਰ ਇੱਕ ਹਮਲਾ ਕਰਨ ਵਾਲਾ ਹਥਿਆਰ ਸਾਡੇ ਕੋਲ ਹੈ। ਇਹ ਪਰਮੇਸ਼ੁਰ ਦਾ ਵਚਨ ਹੈ। ਸ਼ੈਤਾਨ ਕੋਲ ਇਸ ਸ਼ਕਤੀਸ਼ਾਲੀ ਹਥਿਆਰ ਤੋਂ ਬਚਣ ਦਾ ਕੋਈ ਤਰੀਕਾ ਨਹੀਂ ਹੈ। ਜਦੋਂ ਅਸੀਂ ਵਿਸ਼ਵਾਸ ਕਰਦੇ ਹੋਏ ਆਪਣੇ ਮੂੰਹਾਂ ਤੋਂ ਪਰਮੇਸ਼ੁਰ ਦਾ ਵਚਨ ਬੋਲਦੇ ਹਾਂ। ਜਦੋਂ ਅਸੀਂ ਆਤਮਾ ਦੀ ਤਲਵਾਰ ਨੂੰ ਵਰਤਦੇ ਹਾਂ ਤਾਂ ਇਹ ਪਰਮੇਸ਼ੁਰ ਦੇ ਰਾਜ ਦੀ ਉੱਨਤੀ ਅਤੇ ਵਾਧੇ ਲਈ ਹੁੰਦਾ ਹੈ।

### ਪਰਾਈ ਭਾਸ਼ਾਵਾਂ ਵਿੱਚ ਪ੍ਰਾਰਥਨਾ ਕਰਨਾ

ਪ੍ਰਾਰਥਨਾ, ਪਰਮੇਸ਼ੁਰ ਦੀ ਸਮਰੱਥਾ ਨੂੰ ਸਾਡੀਆਂ ਜ਼ਿੰਦਗੀਆਂ ਵਿੱਚ ਵਹਿਣ ਦਿੰਦੀ ਹੈ। ਜਦੋਂ ਅਸੀਂ ਯੁੱਧ ਲਈ ਪੂਰੀ ਤਰ੍ਹਾਂ ਸ਼ਸਤਰ ਬਸਤਰ ਧਾਰ ਲੈਂਦੇ ਹਾਂ ਕੇਵਲ ਉਸੇ ਸਮੇਂ ਅਸੀਂ ਪ੍ਰਾਰਥਨਾ ਦੇ ਰਾਹੀਂ ਯੁੱਧ ਦੇ ਮੈਦਾਨ ਵਿੱਚ ਪ੍ਰਵੇਸ਼ ਕਰਦੇ ਹਾਂ।

ਜੇਕਰ ਅਸੀਂ ਪ੍ਰਾਰਥਨਾ ਯੋਧਾ ਨਹੀਂ ਹਾਂ, ਤਾਂ ਅਸੀਂ ਪਰਮੇਸ਼ੁਰ ਦੀ ਫ਼ੌਜ਼ ਵਿੱਚ ਯੁੱਧ ਨਹੀਂ ਕਰ ਰਹੇ ਹਾਂ।

**ਅਫ਼ਸੀਆਂ 6:18... ਅਤੇ ਸਾਰੀ ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ ਅਤੇ ਇਹਦੇ ਨਮਿੱਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ...**

## ਰਾਜ ਦੀਆਂ ਕੁੰਜੀਆਂ

ਯਿਸੂ ਮਸੀਹ ਨੇ ਰਾਜ ਦੀਆਂ ਕੁੰਜੀਆਂ ਵਾਪਸ ਲੈ ਕੇ ਸਾਨੂੰ ਦਿੱਤੀਆਂ ਹਨ। ਹੁਣ ਇਹ ਕਲੀਸਿਯਾ ਦੀ ਜ਼ਿੰਮੇਵਾਰੀ ਹੈ ਕਿ ਇਨ੍ਹਾਂ ਕੁੰਜੀਆਂ ਨੂੰ ਸੰਸਾਰ ਦੇ ਸਾਰੇ ਰਾਸ਼ਟਰਾਂ ਵਿੱਚ ਖ਼ੁਸ਼ਖ਼ਬਰੀ ਫੈਲਾਉਣ ਲਈ ਇਸਤੇਮਾਲ ਕਰੇ।

**ਪ੍ਰਕਾਸ਼ ਦੀ ਪੋਥੀ 1:18 "ਅਤੇ ਜੀਉਂਦਾ ਹਾਂ। ਮੈਂ ਮੁਰਦਾ ਸਾਂ ਅਰ ਵੇਖ, ਮੈਂ ਜੁੱਗੋ ਜੁੱਗ ਜੀਉਂਦਾ ਹਾਂ ਅਤੇ ਮੌਤ ਅਤੇ ਪਤਾਲ ਦੀਆਂ ਕੁੰਜੀਆਂ ਮੇਰੇ ਕੋਲ ਹਨ।"**

**ਮੱਤੀ 16:19 "ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ।"**

### ਯਿਸੂ ਦਾ ਲਹੂ

ਜਿੱਤ ਲਈ ਪਹਿਲੀ ਕੁੰਜੀ ਜੋ ਸਾਡੇ ਕੋਲ ਹੈ ਉਹ ਹੈ ਯਿਸੂ ਦਾ ਲਹੂ। ਉਸੇ ਸਮੇਂ ਜਦੋਂ ਅਸੀਂ ਯਿਸੂ ਨੂੰ ਆਪਣਾ ਪ੍ਰਭੂ ਅਤੇ ਮੁਕਤੀਦਾਤਾ ਕਬੂਲ ਕਰਦੇ ਹਾਂ ਤਾਂ ਇਹ ਕੁੰਜੀ ਸਾਡੇ ਕੋਲ ਹੁੰਦੀ ਹੈ।

**ਇਬਰਾਨੀਆਂ 9:12,14 ਉਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ ਸਗੋਂ ਆਪਣੇ ਹੀ ਲਹੂ ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ ਸਦੀਪਕ ਨਿਸਤਾਰਾ ਕਮਾ ਕੇ ਇੱਕੋ ਵਾਰ ਅੰਦਰ ਗਿਆ। ਤਾਂ ਕਿੰਨਾ ਹੀ ਵਧੀਕ ਮਸੀਹ ਦਾ ਲਹੂ ਜਿਹਨੇ ਸਦੀਪਕ ਆਤਮਾ ਦੇ ਰਾਹੀਂ ਆਪਣੇ ਆਪ ਨੂੰ ਦੋਸ਼ ਰਹਿਤ ਪਰਮੇਸ਼ੁਰ ਦੇ ਅੱਗੇ ਚੜ੍ਹਾਇਆ ਤੁਹਾਡੇ ਅੰਤਹਕਰਨ ਨੂੰ ਮੁਰਦਿਆਂ ਕੰਮਾਂ ਤੋਂ ਸ਼ੁੱਧ ਕਰੇਗਾ ਭਈ ਤੁਸੀਂ ਜੀਉਂਦੇ ਪਰਮੇਸ਼ੁਰ ਦੀ ਉਪਾਸਨਾ ਕਰੋ।**

- *ਲਹੂ ਦੇ ਦੁਆਰਾ ਜਿੱਤ ਪਾਉਣਾ*

ਯਿਸੂ ਮਸੀਹ ਦੇ ਖ਼ੂਨ ਦੇ ਦੁਆਰਾ ਅਸੀਂ ਆਪਣੀ ਅਗਲੀ ਸਥਿਤੀ ਵਿੱਚ ਬਹਾਲ ਹੋ ਜਾਂਦੇ ਹਾਂ ਜੋ ਆਦਮ ਨੇ ਸ਼ੈਤਾਨ ਦੇ ਰਾਹੀਂ ਗੁਆ ਲਈ ਸੀ। ਅਸੀਂ ਹੁਣ ਅੱਗੇ ਤੋਂ ਆਸ਼ਾਹੀਣ ਅਤੇ ਹਾਰੇ ਹੋਏ ਨਹੀਂ ਹਾਂ। ਅਸੀਂ ਇੱਕ ਵਾਰ ਫਿਰ ਜਿੱਤੇ ਹੋਏ ਅਤੇ ਪਾਰ ਲੰਘੇ ਹੋਏ ਹਾਂ।

ਅਸੀਂ ਯਿਸੂ ਮਸੀਹ ਦੇ ਖ਼ੂਨ ਦੇ ਦੁਆਰਾ ਸ਼ੈਤਾਨ ਨੂੰ ਜਿੱਤ ਸਕਦੇ ਹਾਂ।

**ਪ੍ਰਕਾਸ਼ ਦੀ ਪੋਥੀ 12:11 "ਅਤੇ ਓਹਨਾਂ ਨੇ ਲੇਲੇ ਦੇ ਲਹੂ ਦੇ ਕਾਰਨ ਅਤੇ ਆਪਣੀ ਸਾਖੀ ਦੇ ਬਚਨ ਦੇ ਕਾਰਨ ਉਹਨੂੰ ਜਿੱਤ ਲਿਆ ਅਤੇ ਮਰਨ ਤੀਕ ਆਪਣੀ ਜਾਨ ਨੂੰ ਪਿਆਰਾ ਨਾ ਜਾਤਾ।"**

- *ਖ਼ੂਨ ਦੇ ਦੁਆਰਾ ਸੁਰੱਖਿਆ*

ਖ਼ੂਨ ਦੇ ਦੁਆਰਾ ਜਿੱਤ ਅਤੇ ਸੁਰੱਖਿਆ ਹੈ। ਸਾਨੂੰ ਇਹ ਦਲੇਰੀ ਨਾਲ ਮੰਨਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਕਿ ਅਸੀਂ ਯਿਸੂ ਦੇ ਲਹੂ ਨਾਲ ਢੱਕੇ ਹੋਏ ਹਾਂ ਅਤੇ ਅਸੀਂ ਮੇਮਣੇ ਦੇ ਲਹੂ ਦੇ ਰਾਹੀਂ ਸ਼ੈਤਾਨ ਤੇ ਜਿੱਤ ਪਾਵਾਂਗੇ।

## ਪਰਮੇਸ਼ੁਰ ਦੇ ਵਚਨ

ਜਦੋਂ ਸਾਡੇ ਮੂੰਹ ਤੋਂ ਪਰਮੇਸ਼ੁਰ ਦਾ ਵਚਨ ਬੋਲਿਆ ਜਾਂਦਾ ਹੈ, ਤਾਂ ਇਹ ਸਾਡੀਆਂ ਜ਼ਿੰਦਗੀਆਂ ਦੀ ਸ਼ਕਤੀਸ਼ਾਲੀ ਤਾਕਤ ਬਣ ਜਾਂਦਾ ਹੈ। ਪਰਮੇਸ਼ੁਰ ਦਾ ਵਚਨ ਸਾਡੀ ਆਤਮਾ ਦੀ ਤਲਵਾਰ ਹੈ।

- *ਵਚਨ ਜਿੱਤ ਲਿਆਉਂਦਾ ਹੈ*

ਯੂਹੰਨਾ ਰਸੂਲ ਜਵਾਨਾਂ ਨੂੰ ਲਿਖਦਾ ਹੈ ਜੋ ਪਰਮੇਸ਼ੁਰ ਦਾ ਵਚਨ ਜਾਣਦੇ ਸਨ ਅਤੇ ਇਸ ਦੇ ਰਾਹੀਂ ਜਿੱਤ ਪ੍ਰਾਪਤ ਕੀਤੀ ਸੀ।

2 ਯੂਹੰਨਾ 2:14ਅ **ਹੇ ਜੁਆਨੋ, ਮੈਂ ਤੁਹਾਨੂੰ ਲਿਖਿਆ ਇਸ ਲਈ ਜੋ ਤੁਸੀਂ ਬਲਵੰਤ ਹੋ ਅਤੇ ਪਰਮੇਸ਼ੁਰ ਦਾ ਬਚਨ ਤੁਹਾਡੇ ਵਿੱਚ ਰਹਿੰਦਾ ਹੈ ਅਤੇ ਤੁਸਾਂ ਓਸ ਦੁਸ਼ਟ ਨੂੰ ਜਿੱਤ ਲਿਆ ਹੈ।**

ਜਦੋਂ ਅਸੀਂ ਪਰਮੇਸ਼ੁਰ ਦਾ ਵਚਨ ਜਾਣਦੇ ਅਤੇ ਉਸ ਨੂੰ ਬੋਲਦੇ ਹਾਂ, ਤਾਂ ਅਸੀਂ ਜਿੱਤ ਪ੍ਰਾਪਤ ਕਰ ਸਕਦੇ ਹਾਂ।

- *ਵਚਨ ਨੂੰ ਬੋਲੋ*

ਉਹ ਸਰਦਾਰ ਜੋ ਯਿਸੂ ਦੇ ਕੋਲ ਆਪਣੇ ਨੌਕਰ ਦੀ ਚੰਗਾਈ ਲਈ ਆਇਆ ਸੀ, ਉਹ ਵਚਨ ਦੀ ਤਾਕਤ ਅਤੇ ਉਸਦੇ ਬੋਲੇ ਜਾਣ ਦੇ ਅਧਿਕਾਰ ਨੂੰ ਸਮਝਦਾ ਸੀ।

**ਮੱਤੀ 8:8-10 ਪਰ ਸੂਬੇਦਾਰ ਨੇ ਉੱਤਰ ਦਿੱਤਾ, ਪ੍ਰਭੂ ਜੀ ਮੈਂ ਇਸ ਜੋਗ ਨਹੀਂ ਜੋ ਤੂੰ ਮੇਰੀ ਛੱਤ ਦੇ ਹੇਠ ਆਵੇਂ ਪਰ ਨਿਰਾ ਬਚਨ ਹੀ ਕਰ ਤਾਂ ਮੇਰਾ ਨੌਕਰ ਚੰਗਾ ਹੋ ਜਾਊ ਕਿਉਂ ਜੋ ਮੈਂ ਭੀ ਇੱਕ ਮਨੁੱਖ ਦੂਏ ਦੇ ਹੁਕਮ ਵਿੱਚ ਹਾਂ ਅਤੇ ਸਿਪਾਹੀਆਂ ਨੂੰ ਆਪਣੇ ਇਖ਼ਤਿਆਰ ਵਿੱਚ ਰੱਖਦਾ ਹਾਂ ਅਰ ਇੱਕ ਨੂੰ ਆਖਦਾ ਹਾਂ ਜਾਹ! ਤਾਂ ਉਹ ਜਾਂਦਾ ਹੈ ਅਤੇ ਦੂਏ ਨੂੰ, ਆ! ਤਾਂ ਉਹ ਆਉਂਦਾ ਹੈ ਅਰ ਆਪਣੇ ਚਾਕਰ ਨੂੰ, ਇਹ ਕਰ! ਤਾਂ ਉਹ ਕਰਦਾ ਹੈ**

**ਯਿਸੂ ਨੇ ਇਹ ਸੁਣ ਕੇ ਅਚਰਜ ਮੰਨਿਆ ਅਤੇ ਉਨ੍ਹਾਂ ਨੂੰ ਜਿਹੜੇ ਮਗਰ ਮਗਰ ਆਉਂਦੇ ਸਨ ਕਿਹਾ ਭਈ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਇਸਰਾਏਲ ਵਿੱਚ ਵੀ ਮੈਂ ਐਡੀ ਨਿਹਚਾ ਨਹੀਂ ਵੇਖੀ!**

## ਯਿਸੂ ਦਾ ਨਾਮ

ਯਿਸੂ ਮਸੀਹ ਨੇ ਵਾਇਦਾ ਕੀਤਾ ਹੈ ਕਿ ਜਦੋਂ ਵਿਸ਼ਵਾਸੀ, ਉਸਦੇ ਨਾਮ ਵਿੱਚ ਸਾਰੇ ਸੰਸਾਰ ਵਿੱਚ ਉਸਦੀ ਖੁਸ਼ਖ਼ਬਰੀ ਸੁਣਾਉਣ ਲਈ ਜਾਣਗੇ, ਤਾਂ ਚਿੰਨ੍ਹ ਅਤੇ ਚਮਤਕਾਰ ਹੋਣਗੇ।

**ਮਰਕੁਸ 16:15-18 ਉਸਨੇ ਉਨ੍ਹਾਂ ਨੂੰ ਆਖਿਆ, ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸ੍ਰਿਸ਼ਟ ਦੇ ਸਾਹਮਣੇ ਖ਼ੁਸ਼ਖ਼ਬਰੀ ਦਾ ਪ੍ਰਚਾਰ ਕਰੋ ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ।**

**"ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ। ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਓਹ ਚੰਗੇ ਹੋ ਜਾਣਗੇ।"**

- *ਉਸਦੇ ਨਾਮ ਵਿੱਚ ਮੰਗਣਾ*

ਯਿਸੂ ਨੇ ਸਾਨੂੰ ਆਪਣਾ ਨਾਮ ਇਸਤੇਮਾਲ ਕਰਨ ਦਾ ਹੱਕ ਅਤੇ ਅਧਿਕਾਰ ਦਿੱਤਾ ਹੈ। ਉਸਨੇ ਸਾਨੂੰ ਸਿਖਾਇਆ ਹੈ ਕਿ ਉਸਦਾ ਨਾਮ ਇਸਤੇਮਾਲ ਕਰੀਏ।

**ਯੂਹੰਨਾ 14:12-14 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਤਾਂ ਜੋ ਪੁੱਤਰ ਵਿੱਚ ਪਿਤਾ ਦੀ ਵਡਿਆਈ ਹੋਵੇ ਜੇ ਤੁਸੀਂ ਮੇਰਾ ਨਾਮ ਲੈ ਕੇ ਮੈਥੋਂ ਕੁਝ ਮੰਗੋਗੇ ਤਾਂ ਮੈਂ ਉਹੋ ਕਰਾਂਗਾ।**

**ਯੂਹੰਨਾ 16:23,24 ਅਤੇ ਉਸ ਦਿਨ ਤੁਸੀਂ ਮੈਥੋਂ ਕੋਈ ਸਵਾਲ ਨਾ ਕਰੋਗੇ। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਜੇ ਤੁਸੀਂ ਪਿਤਾ ਕੋਲੋਂ ਕੁਝ ਮੰਗੋ ਤਾਂ ਉਹ ਮੇਰੇ ਨਾਮ ਕਰਕੇ ਤੁਹਾਨੂੰ ਦੇਵੇਗਾ ਅਜੇ ਤੀਕੁਰ ਤੁਸਾਂ ਮੇਰਾ ਨਾਮ ਲੈ ਕੇ ਕੁਝ ਨਹੀਂ ਮੰਗਿਆ। ਮੰਗੋ ਤਾਂ ਤੁਸੀਂ ਲਓਗੇ ਭਈ ਤੁਹਾਡਾ ਅਨੰਦ ਪੂਰਾ ਹੋਵੇ।**

- *ਸਭ ਨਾਮਾਂ ਤੋਂ ਉੱਚਾ ਨਾਮ*

ਯਿਸੂ ਦਾ ਨਾਮ ਸਭ ਨਾਮਾਂ ਤੋਂ ਉੱਚਾ ਹੈ ਉਸਦੇ ਨਾਮ ਦੇ ਸਾਹਮਣੇ ਹਰ ਇੱਕ ਗੋਡਾ ਝੁੱਕਦਾ ਹੈ ਭਾਵੇਂ ਉਹ ਸਵਰਗ ਵਿੱਚ ਹੋਵੇ ਭਾਵੇਂ ਧਰਤੀ ਤੇ।

**ਫ਼ਿਲਿੱਪੀਆਂ 2:9,10 ਇਸ ਕਾਰਨ ਪਰਮੇਸ਼ੁਰ ਨੇ ਵੀ ਉਸਨੂੰ ਅੱਤ ਉੱਚਿਆਂ ਕੀਤਾ ਅਤੇ ਉਸਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ।**

- *ਨਾਮ ਵਿੱਚ ਚੰਗਾਈ*

ਪਤਰਸ ਤੇ ਯੂਹੰਨਾ ਨੇ ਯਿਸੂ ਦੇ ਨਾਮ ਵਿੱਚ ਚੰਗਾਈ ਲਿਆਂਦੀ।

**ਰਸੂਲਾਂ ਦੇ ਕਰਤੱਬ 3:6, 12,16 ਪਰ ਪਤਰਸ ਨੇ ਆਖਿਆ, ਸੋਨਾ ਚਾਂਦੀ ਤਾਂ ਮੇਰੇ ਕੋਲ ਨਹੀਂ ਪਰ ਜੋ ਮੇਰੇ ਕੋਲ ਹੈ ਸੋ ਤੈਨੂੰ ਦਿੰਦਾ ਹਾਂ। ਯਿਸੂ ਮਸੀਹ ਨਾਸਰੀ ਦੇ ਨਾਮ ਨਾਲ ਤੁਰ ਫਿਰ।**

**ਇਹ ਵੇਖ ਕੇ ਪਤਰਸ ਨੇ ਲੋਕਾਂ ਨੂੰ ਅੱਗੋਂ ਆਖਿਆ "ਕਿ ਹੇ ਇਸਰਾਏਲੀਓ, ਐਸ ਮਨੁੱਖ ਉੱਤੇ ਤੁਸੀਂ ਕਿਉਂ ਅਚਰਜ ਮੰਨਦੇ ਹੋ ਅਤੇ ਸਾਡੀ ਵੱਲ ਇਉਂ ਕਾਹਨੂੰ ਤੱਕ ਰਹੇ ਹੋ ਭਈ ਜਾਣੀਦਾ ਅਸਾਂ ਆਪਣੀ ਸਮਰੱਥਾ ਜਾਂ ਭਗਤੀ ਨਾਲ ਇਹ ਨੂੰ ਤੁਰਨ ਦੀ ਸ਼ਕਤੀ ਦਿੱਤੀ।"**

**"ਉਹਦੇ ਨਾਮ ਉੱਤੇ ਨਿਹਚਾ ਕਰਨ ਕਰਕੇ ਉਹਦੇ ਨਾਮ ਹੀ ਨੇ ਐਸ ਮਨੁੱਖ ਨੂੰ ਜਿਹਨੂੰ ਤੁਸੀਂ ਵੇਖਦੇ ਅਤੇ ਜਾਣਦੇ ਹੋ ਤਕੜਾ ਕੀਤਾ। ਹਾਂ, ਉਸੇ ਨਿਹਚਾ ਨੇ ਜਿਹੜੀ ਉਹ ਦੇ ਦੁਆਰੇ ਤੋਂ ਹੈ ਇਹ ਪੂਰੀ ਤੰਦਰੁਸਤੀ ਤੁਸਾਂ ਸਭਨਾਂ ਦੇ ਸਾਹਮਣੇ ਉਸਨੂੰ ਦਿੱਤੀ।"**

- *ਦੁਸ਼ਟ ਆਤਮਾਵਾਂ ਨੇ ਸਮਰਪਣ ਕੀਤਾ*

ਪੌਲੁਸ ਨੇ ਦੁਸ਼ਟ ਆਤਮਾਵਾਂ ਨੂੰ ਹੁਕਮ ਦਿੱਤਾ ਕਿ ਯਿਸੂ ਦੇ ਨਾਮ ਵਿੱਚ ਨਿਕਲ ਜਾਓ।

**ਰਸੂਲਾਂ ਦੇ ਕਰਤੱਬ 16:18 ਉਹ ਬਹੁਤ ਦਿਨਾਂ ਤੀਕੁਰ ਇਹ ਕਰਦੀ ਰਹੀ ਪਰ ਪੌਲੁਸ ਅੱਕ ਗਿਆ ਅਤੇ ਮੁੜ ਕੇ ਉਸ ਰੂਹ ਨੂੰ ਕਿਹਾ, "ਮੈਂ ਤੈਨੂੰ ਯਿਸੂ ਮਸੀਹ ਦੇ ਨਾਮ**

**ਨਾਲ ਹੁਕਮ ਕਰਦਾ ਹਾਂ ਜੋ ਇਹਦੇ ਵਿੱਚੋਂ ਨਿੱਕਲ ਜਾਹ!" ਅਤੇ ਉਹ ਉਸੇ ਘੜੀ ਨਿੱਕਲ ਗਈ।**

## ਸਾਰ

ਹਰ ਵਿਸ਼ਵਾਸੀ ਜੋ ਮਹਾਨ ਆਗਿਆ ਦੀ ਫ਼ੌਜ਼ ਵਿੱਚ ਹੈ ਉਹ ਜ਼ਰੂਰ ਹੀ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਲਈ ਇਨ੍ਹਾਂ ਤਿੰਨਾਂ ਕੁੰਜੀਆਂ ਨੂੰ ਵਰਤ ਸਕਦਾ ਹੈ। ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿੱਚ, ਅਸੀਂ ਵੇਖਦੇ ਹਾਂ ਕਿ ਕਿਵੇਂ ਚੇਲਿਆਂ ਇਨ੍ਹਾਂ ਤਿੰਨਾਂ ਕੁੰਜੀਆਂ ਨੂੰ ਮਹਾਨ ਆਤਮਾਵਾਂ ਦੀ ਫਸਲ ਲਈ ਵਰਤਿਆ ਸੀ।

ਅੱਜ, ਜਿਵੇਂ ਰਸੂਲਾਂ ਦੇ ਕਰਤੱਬ ਕਿਤਾਬ ਵਿੱਚ ਹੈ, ਪਰਮੇਸ਼ੁਰ ਦੀ ਇੱਕ ਮਹਾਨ ਫ਼ੌਜ਼ ਇੱਕ ਸ਼ਕਤੀਸ਼ਾਲੀ ਜਿੱਤ ਦੀਆਂ ਕੁੰਜੀਆਂ ਨਾਲ ਉੱਠ ਰਹੀ ਅਤੇ ਤਿਆਰ ਹੋ ਰਹੀ ਹੈ। ਚਿੰਨ੍ਹ ਅਤੇ ਚਮਤਕਾਰ ਪਰਮੇਸ਼ੁਰ ਦੇ ਵਚਨ ਨੂੰ ਸਾਡਿਆਂ ਸ਼ਹਿਰਾਂ ਦੀਆਂ ਗਲੀਆਂ ਵਿੱਚ ਦ੍ਰਿੜ ਕਰ ਰਹੇ ਹਨ। ਫ਼ੌਜ਼ ਅਤੇ ਚਮਤਕਾਰੀ ਸ਼ੁੱਭ-ਸਮਾਚਾਰ ਲਈ ਜ਼ਰੂਰੀ ਸਮਾਨ ਪਰਮੇਸ਼ੁਰ ਦੀ ਫ਼ੌਜ਼ ਨੇ ਮਹਾਨ ਅੰਤਿਮ ਸਮੇਂ ਦੀ ਸ਼ੁਰੂਆਤ ਕਰ ਲਈ ਹੈ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਅੱਜ ਪਰਮੇਸ਼ੁਰ ਦੀ ਫ਼ੌਜ਼ ਕੌਣ ਹੈ?

2. ਹਥਿਆਰਾਂ ਦੇ ਹਰ ਹਿੱਸੇ ਦਾ ਨਾਮ ਦਿਓ ਅਤੇ ਉਸਦਾ ਕੀ ਕੰਮ ਹੈ।

3. ਚਮਤਕਾਰੀ ਸ਼ੁੱਭ-ਸਮਾਚਾਰ ਦੀਆਂ ਤਿੰਨ ਕੁੰਜੀਆਂ ਕਿਹੜੀਆਂ ਹਨ?

# ਅਧਿਆਇ ਅੱਠ

## *ਸ਼ਕਤੀਸ਼ਾਲੀ ਸ਼ੁੱਭ-ਸਮਾਚਾਰ ਪ੍ਰਚਾਰ ਕੰਮ ਕਰ ਰਿਹਾ ਹੈ*

ਆਮ ਪਾਦਰੀ ਦੀ ਪਰੰਪਰਾ ਖ਼ਤਮ ਹੋ ਗਈ ਹੈ। ਪਰਮੇਸ਼ੁਰ ਵਿਸ਼ਵਾਸੀਆਂ ਦੀ ਇੱਕ ਨਵੀਂ ਨਸਲ ਨੂੰ ਪੈਦਾ ਕਰ ਰਿਹਾ ਹੈ। ਉਹ ਦਲੇਰ ਹਨ ਕਿ ਅੰਦਰ ਪ੍ਰਵੇਸ਼ ਕਰਨ ਅਤੇ ਯਿਸੂ ਮਸੀਹ ਨੇ ਜੋ ਕੰਮ ਕੀਤੇ, ਉਹ ਕੰਮ ਕਰਨ।

### ਸ਼ਕਤੀਸ਼ਾਲੀ ਸ਼ੁੱਭ-ਸਮਾਚਾਰ ਪ੍ਰਚਾਰਕ

#### ਫਸਲ ਦਾ ਖੇਤ

ਯਿਸੂ ਨੇ ਕਿਹਾ ਸੀ ਕਿ ਫਸਲ ਪੱਕ ਚੁੱਕੀ ਹੈ ਪਰ ਵਾਢੇ ਥੋੜ੍ਹੇ ਹਨ। ਸਾਡਾ ਪਿਤਾ ਪਰਮੇਸ਼ੁਰ ਫਸਲ ਦਾ ਸੁਆਮੀ ਹੈ, ਅਤੇ ਉਹ ਕਾਮਿਆਂ ਨੂੰ ਖੇਤ ਵਿੱਚ ਘੱਲਦਾ ਹੈ।

**ਮੱਤੀ 9:37,38 ਤਦ ਉਹਨੇ ਆਪਣੇ ਚੇਲਿਆਂ ਨੂੰ ਆਖਿਆ, ਖੇਤੀ ਪੱਕੀ ਹੋਈ ਤਾਂ ਬਹੁਤ ਹੈ ਪਰ ਵਾਢੇ ਥੋੜ੍ਹੇ ਹਨ ਇਸ ਲਈ ਤੁਸੀਂ ਖੇਤੀ ਦੇ ਮਾਲਕ ਦੇ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਖੇਤੀ ਵੱਢਣ ਨੂੰ ਵਾਢੇ ਘੱਲ ਦੇਵੇ।**

#### ਬੀਜਣ ਦਾ ਨਿਯਮ – ਵੱਢਣਾ

ਪਰਮੇਸ਼ੁਰ ਦਾ ਬੀਜਣ ਅਤੇ ਵੱਢਣ ਦਾ ਨਿਯਮ ਅਜੇ ਵੀ ਪ੍ਰਭਾਵਸ਼ਾਲੀ ਹੈ।

ਕਲੀਸਿਯਾ ਉਹ ਕੱਟੇਗੀ ਜੋ ਉਹ ਹਰ ਖੇਤਰ ਵਿੱਚ ਬੀਜਦੀ ਹੈ। ਜੇਕਰ ਅਸੀਂ ਨਹੀਂ ਛੱਡਾਂਗੇ, ਤਾਂ ਅਸੀਂ ਫਸਲ ਨੂੰ ਵੇਖਾਂਗੇ।

**ਗਲਾਤੀਆਂ 6:7-9 ਤੁਸੀਂ ਧੋਖਾ ਨਾ ਖਾਓ, ਪਰਮੇਸ਼ੁਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ ਨੂੰ ਵੱਢੇਗਾ ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ ਅਤੇ ਭਲਿਆਈ ਕਰਦਿਆਂ ਅਸੀਂ ਅੱਕ ਨਾ ਜਾਈਏ ਕਿਉਂਕਿ ਜੇ ਹੌਂਸਲਾ ਨਾ ਹਾਰੀਏ ਤਾਂ ਵੇਲੇ ਸਿਰ ਵੱਢਾਂਗੇ।**

#### ਪੂਰਤੀ-ਵਾਧਾ

ਪਰਮੇਸ਼ੁਰ ਨੇ ਵਾਇਦਾ ਕੀਤਾ ਹੈ ਕਿ ਉਹ ਬੀਜਣ ਲਈ ਬੀਜ ਅਤੇ ਖਾਣ ਲਈ ਰੋਟੀ ਦੇਵੇਗਾ। ਉਸਨੇ ਇਹ ਵੀ ਵਾਇਦਾ ਕੀਤਾ ਹੈ ਕਿ ਬੀਜ ਬਹੁਗੁਣਾ ਹੋਵੇਗਾ ਅਤੇ ਸਾਡਾ ਫਲ ਵਧੇਗਾ।

**2 ਕੁਰਿੰਥੀਆਂ 9:10 ਅਤੇ ਜਿਹੜਾ ਬੀਜਣ ਵਾਲੇ ਨੂੰ ਬੀ ਅਰ ਖਾਣ ਲਈ ਰੋਟੀ ਦਿੰਦਾ ਹੈ ਉਹ ਤੁਹਾਨੂੰ ਬੀਜਣ ਲਈ ਬੀ ਦੇਵੇਗਾ ਅਤੇ ਉਹਦਾ ਵਾਧਾ ਕਰੇਗਾ ਅਤੇ ਤੁਹਾਡੇ ਧਰਮ ਦੇ ਫਲ ਨੂੰ ਵਧਾਵੇਗਾ।**

#### ਚਮਤਕਾਰੀ ਸ਼ੁੱਭ ਸਮਾਚਾਰ ਪ੍ਰਚਾਰ

ਮਹਾਨ ਆਗਿਆ ਦੇ ਪ੍ਰਚਾਰ ਲਈ ਸਿੱਖਿਆ ਵਿੱਚ ਯਿਸੂ ਮਸੀਹ ਨੇ ਚਮਤਕਾਰਾਂ ਨੂੰ ਇੱਕ ਵਿਸ਼ੇਸ਼ ਹਿੱਸਾ ਦੱਸਿਆ ਹੈ।

**ਮਰਕੁਸ 16:15,17,18,20 ਉਸਨੇ ਉਨ੍ਹਾਂ ਨੂੰ ਆਖਿਆ, ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸ਼੍ਰਿਸ਼ਟ ਦੇ ਸਾਹਮਣੇ ਖ਼ੁਸ਼ਖ਼ਬਰੀ ਦਾ ਪ੍ਰਚਾਰ ਕਰੋ ਅਤੇ ਨਿਹਚਾ ਕਰਨ**

**ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ। ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ। ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਓਹ ਚੰਗੇ ਹੋ ਜਾਣਗੇ।**

**ਅਤੇ ਉਨ੍ਹਾਂ ਨੇ ਬਾਹਰ ਜਾ ਕੇ ਹਰ ਥਾਂ ਪ੍ਰਚਾਰ ਕੀਤਾ ਅਤੇ ਪ੍ਰਭੂ ਉਨ੍ਹਾਂ ਦੇ ਨਾਲ ਹੋ ਕੇ ਕੰਮ ਕਰਦਾ ਸੀ ਅਰ ਬਚਨ ਨੂੰ ਉਨ੍ਹਾਂ ਨਿਸ਼ਾਨਿਆਂ ਦੀ ਰਾਹੀਂ ਜਿਹੜੇ ਨਾਲ ਨਾਲ ਹੁੰਦੇ ਸਨ ਸਾਬਤ ਕਰਦਾ ਸੀ।**

**ਮੱਤੀ 28:19,20 ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕੁਰ ਹਰ ਵੇਲੇ ਤੁਹਾਡੇ ਨਾਲ ਹਾਂ।**

ਯਿਸੂ ਨੇ ਕਿਹਾ ਹੈ ਕਿ ਸਾਨੂੰ ਸਾਰੇ ਸੰਸਾਰ ਵਿੱਚ ਜਾ ਕੇ ਹਰ ਰਾਸ਼ਟਰ ਵਿੱਚੋਂ ਚੇਲੇ ਬਣਾਉਣੇ ਚਾਹੀਦੇ ਹਨ। ਸਾਨੂੰ ਉਨ੍ਹਾਂ ਨੂੰ ਬਪਤਿਸਮਾ ਦੇਣਾ ਅਤੇ ਹਰ ਉਹ ਗੱਲ ਮੰਨਣ ਦੀ ਸਿੱਖਿਆ ਦੇਣੀ ਹੈ ਜਿਸਦਾ ਯਿਸੂ ਨੇ ਹੁਕਮ ਦਿੱਤਾ ਹੈ। ਸਾਨੂੰ ਵਿਸ਼ਵਾਸੀਆਂ ਨੂੰ ਸਿਖਾਉਣ ਦੀ ਲੋੜ ਹੈ ਕਿ ਕਿਸ ਤਰ੍ਹਾਂ ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ ਪ੍ਰਭਾਵਸ਼ਾਲੀ ਹੋਇਆ ਜਾ ਸਕਦਾ ਹੈ, ਕਿਵੇਂ ਦੁਸ਼ਟ ਆਤਮਾਵਾਂ ਨੂੰ ਕੱਢਣਾ ਹੈ, ਅਤੇ ਬੀਮਾਰਾਂ ਤੇ ਹੱਥ ਰੱਖਣੇ ਹਨ।

## ਯਿਸੂ ਮਸੀਹ, ਸਾਡੀ ਉਦਾਹਰਨ

ਯਿਸੂ ਨੇ ਆਪਣੀ ਸੇਵਕਾਈ ਇਕੱਲੇ ਸ਼ੁਰੂ ਕੀਤੀ।

- ਸਿੱਖਿਆ ਦੇਣਾ
- ਪ੍ਰਚਾਰ
- ਚੰਗਾਈ
- ਛੁਟਕਾਰਾ ਅਤੇ ਸੁਧਾਰ ਲਿਆਉਣਾ
- ਗੁਲਾਮਾਂ ਨੂੰ ਅਜ਼ਾਦ ਕਰਨਾ
- ਦਯਾ ਦਿਖਾਉਣਾ

**ਲੂਕਾ 4:18 "ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ, ਇਸ ਲਈ ਜੋ ਉਹਨੇ ਮੈਨੂੰ ਮਸਹ ਕੀਤਾ ਭਈ ਗਰੀਬਾਂ ਨੂੰ ਖੁਸ਼ਖ਼ਬਰੀ ਸੁਣਾਵਾਂ। ਓਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪਰਚਾਰ ਕਰਾਂ, ਤੇ ਕੁਚਲਿਆਂ ਹੋਇਆਂ ਨੂੰ ਛੁਡਾਵਾਂ।"**

**ਮੱਤੀ 9:35,36 ਯਿਸੂ ਉਨ੍ਹਾਂ ਦੀਆਂ ਸਮਾਜਾਂ ਵਿੱਚ ਉਪਦੇਸ਼ ਦਿੰਦਾ ਅਤੇ ਰਾਜ ਦੀ ਖੁਸ਼ਖ਼ਬਰੀ ਦਾ ਪ੍ਰਚਾਰ ਕਰਦਾ ਹੋਇਆ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਦੂਰ ਕਰਦਾ ਹੋਇਆ ਸਰਬੱਤ ਨਗਰਾਂ ਅਤੇ ਪਿੰਡਾਂ ਵਿੱਚ ਫਿਰਿਆ ਅਤੇ ਜਾਂ ਉਹਨੇ ਭੀੜਾਂ ਵੇਖੀਆਂ ਤਾਂ ਉਸਨੂੰ ਉਨ੍ਹਾਂ ਉੱਤੇ ਤਰਸ ਆਇਆ ਕਿਉਂ ਜੋ ਉਨ੍ਹਾਂ ਭੇਡਾਂ ਵਾਂਙੁ ਜਿਨ੍ਹਾਂ ਦਾ ਅਯਾਲੀ ਨਾ ਹੋਵੇ ਓਹ ਲੋਕ ਮਾੜੇ ਹਾਲ ਅਤੇ ਡਾਵਾਂ ਡੋਲ ਫਿਰਦੇ ਸਨ।**

**ਯੂਹੰਨਾ 14:12 "ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ।"**

### ਗੁਣਨ

ਸਭ ਤੋਂ ਪਹਿਲਾਂ, ਯਿਸੂ ਮਸੀਹ ਦੀ ਸੇਵਕਾਈ ਇੱਕ ਸਮੇਂ ਵਿੱਚ ਇੱਕ ਪਿੰਡ ਜਾਂ ਸ਼ਹਿਰ ਤੱਕ ਸੀਮਿਤ ਸੀ।

### ਬਾਰਾਂ ਚੇਲੇ

ਫਿਰ ਯਿਸੂ ਮਸੀਹ ਨੇ ਆਪਣੀ ਸੇਵਕਾਈ ਨੂੰ ਬਾਰਾਂ ਚੇਲਿਆਂ ਵਿੱਚ ਵੰਡਣ ਦੁਆਰਾ ਵਧਾਇਆ। ਉਹ ਉਹੀ ਸੇਵਕਾਈ ਕਰਦੇ ਸਨ ਜੋ ਉਸ ਨੇ ਉਨ੍ਹਾਂ ਨੂੰ ਕਰ ਕੇ ਵਿਖਾਈ। ਉਨ੍ਹਾਂ ਨੂੰ ਵੀ ਉਸੇ ਪਿਆਰ ਅਤੇ ਤਰਸ ਨਾਲ ਚੱਲਣਾ ਸੀ ਜਿਸ ਨਾਲ ਯਿਸੂ ਚੱਲਦਾ ਸੀ।

**ਮੱਤੀ 9:36–38 ਅਤੇ ਜਾਂ ਉਹਨੇ ਭੀੜਾਂ ਵੇਖੀਆਂ ਤਾਂ ਉਸਨੂੰ ਉਨ੍ਹਾਂ ਉੱਤੇ ਤਰਸ ਆਇਆ ਕਿਉਂ ਜੋ ਉਨ੍ਹਾਂ ਭੇਡਾਂ ਵਾਂਙੁ ਜਿਨ੍ਹਾਂ ਦਾ ਅਯਾਲੀ ਨਾ ਹੋਵੇ ਓਹ ਲੋਕ ਮਾੜੇ ਹਾਲ ਅਤੇ ਡਾਵਾਂ ਡੋਲ ਫਿਰਦੇ ਸਨ**

**ਤਦ ਉਹਨੇ ਆਪਣੇ ਚੇਲਿਆਂ ਨੂੰ ਆਖਿਆ, ਖੇਤੀ ਪੱਕੀ ਹੋਈ ਤਾਂ ਬਹੁਤ ਹੈ ਪਰ ਵਾਢੇ ਥੋੜ੍ਹੇ ਹਨ ਇਸ ਲਈ ਤੁਸੀਂ ਖੇਤੀ ਦੇ ਮਾਲਕ ਦੇ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਖੇਤੀ ਵੱਢਣ ਨੂੰ ਵਾਢੇ ਘੱਲ ਦੇਵੇ।**

### ਬਾਰਾਂ ਚੇਲੇ

ਪਹਿਲਾਂ ਚੇਲਿਆਂ ਨੂੰ ਫਸਲ ਲਈ ਪ੍ਰਾਰਥਨਾ ਕਰਨ ਦੀ ਸਿੱਖਿਆ ਦਿੱਤੀ ਗਈ। ਫਿਰ ਉਨ੍ਹਾਂ ਨੂੰ ਅਧਿਕਾਰ ਤਾਕਤ ਦੇ ਕੇ ਭੇਜਿਆ ਗਿਆ।

**ਮੱਤੀ 10:1,5ੳ.7,8 ਉਸਨੇ ਆਪਣੇ ਬਾਰਾਂ ਚੇਲਿਆਂ ਨੂੰ ਕੋਲ ਸੱਦ ਕੇ ਉਨ੍ਹਾਂ ਨੂੰ ਇਖ਼ਤਿਆਰ ਦਿੱਤਾ ਜੋ ਭ੍ਰਿਸ਼ਟ ਆਤਮਿਆਂ ਨੂੰ ਕੱਢਣ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਨੂੰ ਦੂਰ ਕਰਨ**

**ਇਨ੍ਹਾਂ ਬਾਰਾਂ ਨੂੰ ਯਿਸੂ ਨੇ ਘੱਲਿਆ ਅਤੇ ਉਨ੍ਹਾਂ ਨੂੰ ਇਹ ਆਗਿਆ ਦੇ ਕੇ ਕਿਹਾ ਅਤੇ ਤੁਰਦੇ ਤੁਰਦੇ ਪ੍ਰਚਾਰ ਕਰ ਕੇ ਆਖੋ ਭਈ ਸੁਰਗ ਦਾ ਰਾਜ ਨੇੜੇ ਆਇਆ ਹੈ ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ। ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ।**

### ਸੱਤਰ ਚੇਲੇ

ਜਦੋਂ ਬਾਰਾਂ ਚੇਲੇ ਖੁਸ਼ੀ ਨਾਲ ਵਾਪਸ ਆਏ, ਯਿਸੂ ਨੇ ਸੱਤਰ ਹੋਰ ਚੇਲਿਆਂ ਨੂੰ ਬਾਹਰ ਭੇਜਿਆ।

**ਲੂਕਾ 10:1,9 ਇਨ੍ਹਾਂ ਗੱਲਾਂ ਦੇ ਪਿੱਛੋਂ ਪ੍ਰਭੂ ਨੇ ਸੱਤਰ ਹੋਰ ਵੀ ਠਹਿਰਾਏ ਅਰ ਹਰ ਨਗਰ ਅਤੇ ਹਰ ਥਾਂ ਜਿੱਥੇ ਆਪ ਜਾਣ ਵਾਲਾ ਸੀ ਉਨ੍ਹਾਂ ਨੂੰ ਦੋ ਦੋ ਕਰਕੇ ਆਪਣੇ ਅੱਗੇ ਘੱਲਿਆ ਅਰ ਉੱਥੋਂ ਦੇ ਰੋਗੀਆਂ ਨੂੰ ਚੰਗੇ ਕਰੋ ਅਤੇ ਉਨ੍ਹਾਂ ਨੂੰ ਕਹੋ ਭਈ ਪਰਮੇਸ਼ੁਰ ਦਾ ਰਾਜ ਤੁਹਾਡੇ ਨੇੜੇ ਆ ਗਿਆ ਹੈ।**

## ਹਰ ਵਿਸ਼ਵਾਸੀ

ਯਿਸੂ ਨੇ ਇਸ ਧਰਤੀ ਤੋਂ ਜਾਣ ਤੋਂ ਇਕਦਮ ਪਹਿਲਾਂ, ਯਿਸੂ ਮਸੀਹ ਨੇ ਸਾਡੇ ਵਿਸ਼ਵਾਸੀਆਂ ਨੂੰ ਆਗਿਆ ਦਿੱਤੀ ਅਤੇ ਉਨ੍ਹਾਂ ਨੂੰ ਭੇਜਿਆ। ਵਿਸ਼ਵਾਸੀਆਂ ਨੂੰ ਯਿਸੂ ਮਸੀਹ ਦੇ ਕੰਮ ਅਤੇ ਯਿਸੂ ਦੇ ਕੰਮਾਂ ਤੋਂ ਵੀ ਮਹਾਨ ਕੰਮਾਂ ਨੂੰ ਕਰਨੇ ਹਨ।

**ਮਰਕੁਸ 16:15,17,18 ਉਸਨੇ ਉਨ੍ਹਾਂ ਨੂੰ ਆਖਿਆ, "ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸ੍ਰਿਸ਼ਟ ਦੇ ਸਾਹਮਣੇ ਖ਼ੁਸ਼ਖ਼ਬਰੀ ਦਾ ਪ੍ਰਚਾਰ ਕਰੋ ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ। ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਓਹ ਚੰਗੇ ਹੋ ਜਾਣਗੇ।"**

ਯਿਸੂ ਨੇ ਕਿਹਾ ਕਿ ਜਦੋਂ ਅਸੀਂ ਸ਼ੁੱਭ-ਸਮਾਚਾਰ ਦੀ ਘੋਸ਼ਣਾ ਕਰਦੇ ਹਾਂ, ਤਾਂ ਉਹ ਸਾਡੇ ਨਾਲ ਹੋ ਕੇ ਚਮਤਕਾਰਾਂ ਦੇ ਦੁਆਰਾ ਆਪਣੇ ਵਚਨ ਨੂੰ ਦ੍ਰਿੜ ਕਰਦਾ ਹੈ। ਸਾਨੂੰ ਚਮਤਕਾਰਾਂ ਨੂੰ ਕਬੂਲ ਕਰਨਾ ਜ਼ਰੂਰੀ ਹੈ।

ਯਿਸੂ ਮਸੀਹ ਨੇ ਸਾਨੂੰ ਸਿੱਖਿਆ ਦਿੱਤੀ ਹੈ ਕਿ ਅਸੀਂ ਬਿਲਕੁਲ ਉਹੀ ਕੰਮ ਕਰੀਏ ਜੋ ਉਸਨੇ ਇਸ ਧਰਤੀ ਤੇ ਕੀਤੇ ਸਨ ਤਾਂ ਕਿ ਪਰਮੇਸ਼ੁਰ ਦੇ ਪ੍ਰਭਾਵਸ਼ਾਲੀ-ਸ਼ੁੱਭ- ਸਮਾਚਾਰ ਪ੍ਰਚਾਰ ਦੇ ਨਮੂਨੇ ਨੂੰ ਜਾਣ ਸਕੀਏ; ਸਾਨੂੰ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਨੂੰ ਪੜ੍ਹਨਾ ਚਾਹੀਦਾ ਹੈ ਅਤੇ ਆਪਣੇ ਆਪ ਵਿੱਚ ਬਿਲਕੁਲ ਯਿਸੂ ਵਰਗੇ ਕੰਮ ਕਰਨ ਲਈ ਢਾਲਣਾ ਚਾਹੀਦਾ ਹੈ।

**ਯੂਹੰਨਾ 14:12 "ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ।**

ਯਿਸੂ ਮਸੀਹ ਦੇ ਕੰਮ ਖ਼ਤਮ ਨਹੀਂ ਹੋਏ ਹਨ। ਯੂਹੰਨਾ ਨੇ ਕਿਹਾ ਕਿ ਜੇਕਰ ਉਸਦੇ ਸਾਰੇ ਕੰਮਾਂ ਨੂੰ ਕਿਤਾਬਾਂ ਵਿੱਚ ਲਿਖਿਆ ਜਾਂਦਾ ਤਾਂ ਉਹ ਸੰਸਾਰ ਵਿੱਚ ਵੀ ਨਾ ਸਮਾਉਂਦੀਆਂ।

**ਯੂਹੰਨਾ 21:25 ਅਤੇ ਹੋਰ ਵੀ ਢੇਰ ਸਾਰੇ ਕੰਮ ਹਨ ਜਿਹੜੇ ਯਿਸੂ ਨੇ ਕੀਤੇ। ਜੇ ਓਹ ਸੱਭੇ ਇੱਕ ਇੱਕ ਕਰਕੇ ਲਿਖੇ ਜਾਂਦੇ ਤਾਂ ਮੈਂ ਸਮਝਦਾ ਹਾਂ ਭਈ ਜਿਹੜੀਆਂ ਪੁਸਤਕਾਂ ਲਿਖੀਆਂ ਜਾਂਦੀਆਂ ਓਹ ਜਗਤ ਵਿੱਚ ਭੀ ਨਾ ਸਮਾਉਂਦੀਆਂ!**

## ਉਹੀ ਤਾਕਤ

ਉਹੀ ਤਾਕਤ, ਪਵਿੱਤਰ ਆਤਮਾ ਜੋ ਯਿਸੂ ਮਸੀਹ ਤੇ ਉਤਰਿਆ ਸੀ ਤਾਂ ਕਿ ਉਸਨੂੰ ਉਸਦੀ ਸੰਸਾਰੀ ਸੇਵਕਾਈ ਲਈ ਤਿਆਰ ਕਰੇ, ਅੱਜ ਵੀ ਵਿਸ਼ਵਾਸੀਆਂ ਨੂੰ ਤਕੜਾ ਕਰਨ ਲਈ ਮੌਜੂਦ ਹੈ।

**ਰਸੂਲਾਂ ਦੇ ਕਰਤੱਬ 1:8 ਪਰ ਜਾਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ।**

ਉਹ ਤਾਕਤ ਜੋ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਰਾਹੀਂ ਆਉਂਦੀ ਹੈ, ਉਹ ਯਿਸੂ ਮਸੀਹ ਦੀ ਗਵਾਹੀ ਦੇਣ ਦੀ ਤਾਕਤ ਹੈ। ਪਰਮੇਸ਼ੁਰ ਦੀ ਤਾਕਤ ਹਰ ਵਿਸ਼ਵਾਸੀ ਲਈ

ਦਿੱਤੀ ਗਈ ਹੈ ਜਿਸ ਨਾਲ ਚਮਤਕਾਰੀ ਸ਼ੁਭ-ਸਮਾਚਾਰ ਪ੍ਰਚਾਰ ਨੂੰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ।

## ਸ਼ਕਤੀਸ਼ਾਲੀ ਸ਼ੁੱਭ-ਸਮਾਚਾਰ ਪ੍ਰਚਾਰ

### ਦੈਵੀ ਲੜਾਈ :

ਅਧਰਮੀ ਦੁਸ਼ਟ ਆਤਮਾਵਾਂ ਦੀ ਤਾਕਤ ਨਾਲ ਦੈਵੀ ਪ੍ਰਦਰਸ਼ਣ ਕਰਦੇ ਹਨ। ਇਨ੍ਹਾਂ ਦੁਸ਼ਟ ਆਤਮਾਵਾਂ ਦੇ ਧਰਮਾਂ ਵਿੱਚ ਜਕੜੇ ਹੋਏ ਲੋਕਾਂ ਤੱਕ ਪਹੁੰਚਣ ਲਈ, ਇਹ ਜ਼ਰੂਰੀ ਹੈ ਕਿ ਵਿਸ਼ਵਾਸੀ, ਜੋ ਪਰਮੇਸ਼ੁਰ ਦੇ ਆਤਮਾ ਨਾਲ ਭਰਪੂਰ ਹਨ, ਉਸਦੀ ਅੱਤ ਮਹਾਨ ਸ਼ਕਤੀ ਨੂੰ ਚਿੰਨ੍ਹਾਂ ਅਤੇ ਚਮਤਕਾਰਾਂ ਦੁਆਰਾ ਪ੍ਰਦਰਸ਼ਿਤ ਕਰਨ। ਚਮਤਕਾਰ ਚਿੰਨ੍ਹ ਅਤੇ ਅਦਭੁੱਤ ਕੰਮ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਹਥਿਆਰ ਹਨ ਜੋ ਪਰਮੇਸ਼ੁਰ ਦੇ ਸਰੀਰ ਵਿੱਚ ਦਿੱਤੇ ਗਏ ਹਨ।

ਟੀ.ਐਲ. ਓਸਬੋਰਨ ਨੇ ਲਿਖਿਆ,

*ਇਹ ਰਾਜ ਦਾ ਸ਼ੁੱਭ-ਸਮਾਚਾਰ ਹੈ, ਜੋ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਪ੍ਰਚਾਰ ਕੀਤਾ ਜਾਂਦਾ ਹੈ, ਜੋ ਚਿੰਨ੍ਹਾਂ, ਚਮਤਕਾਰਾਂ ਅਤੇ ਅਨੇਕਾਂ ਚਮਤਕਾਰਾਂ ਦੁਆਰਾ ਦ੍ਰਿੜ ਕੀਤਾ ਜਾਂਦਾ ਹੈ, ਜੋ ਹਮੇਸ਼ਾਂ ਸਭ ਤੋਂ ਮਹਾਨ ਸ਼ੁੱਭ-ਸਮਾਚਾਰ ਪ੍ਰਚਾਰੀ ਜਿੱਤ ਨੂੰ ਕਿਸੇ ਵੀ ਯੁੱਗ ਵਿੱਚ ਪੈਦਾ ਕਰਦਾ ਹੈ।*

ਇਸ ਸੰਸਾਰ ਦੇ ਲੋਕਾਂ ਦਾ ਇੱਕ ਵਿਸ਼ਾਲ ਹਿੱਸਾ ਦੈਵੀ ਸ਼ਕਤੀਆਂ ਦੇ ਦੁਆਲੇ ਘੁੰਮਦਾ ਹੈ। ਉਹ ਚਾਹੁੰਦੇ, ਮੰਗਦੇ ਅਤੇ ਸਿਰਫ਼ ਅਜਿਹੇ ਸ਼ੁੱਭ-ਸਮਾਚਾਰ ਨੂੰ ਸਵੀਕਾਰ ਕਰਨਾ ਚਾਹੁੰਦੇ ਹਨ ਜੋ ਦੈਵੀ ਤਾਕਤ ਵਾਲਾ ਹੋਵੇ-ਇੱਕ ਅਜਿਹੀ ਸ਼ਕਤੀ ਜੋ ਉਨ੍ਹਾਂ ਦੀ ਸ਼ਕਤੀ ਤੋਂ ਵੱਧ ਹੋਵੇ।

ਇੱਕ ਸ਼ਕਤੀ ਦਾ ਯੁੱਧ ਦ੍ਰਿਸ਼, ਪ੍ਰਯੋਗਿਕ ਪ੍ਰਦਰਸ਼ਣ ਕਿ ਯਿਸੂ ਮਸੀਹ ਝੂਠੇ ਪਰਮੇਸ਼ੁਰਾਂ ਅਤੇ ਉਨ੍ਹਾਂ ਆਤਮਾਵਾਂ ਤੋਂ ਜਿਨ੍ਹਾਂ ਦੀ ਉਹ ਪੂਜਾ ਕਰਦੇ ਅਤੇ ਜਿਨ੍ਹਾਂ ਤੋਂ ਉਹ ਡਰਦੇ ਹਨ ਜ਼ਿਆਦਾ ਸ਼ਕਤੀਸ਼ਾਲੀ ਹੈ।

***ਜੌਨ ਵਿੰਬਰ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ, ਸ਼ਕਤੀਸ਼ਾਲੀ ਸ਼ੁੱਭ-ਸਮਾਚਾਰ ਪ੍ਰਚਾਰ, ਕੋਈ ਵੀ ਰੀਤੀ ਜਾਂ ਬਲ ਜੋ ਸੁੱਭ-ਸਮਾਚਾਰ ਤੇ ਵਿਸ਼ਵਾਸ ਕੀਤੇ ਜਾਣ ਲਈ ਜਿੱਤਿਆ ਜਾਂਦਾ ਹੈ ਉਹ ਸ਼ਕਤੀਸ਼ਾਲੀ ਯੁੱਧ ਦਾ ਨਤੀਜ਼ਾ ਹੈ।***

ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਦਾ ਗੁਆਚਿਆਂ ਹੋਇਆਂ ਕੋਲ ਜਾਣ ਲਈ ਕੀ ਮਹੱਤਵ ਹੈ, ਉਸਨੂੰ ਲਿਖਿਆ ਹੈ।

**ਇਬਰਾਨੀਆਂ 2:3,4 ... ਤਾਂ ਅਸੀਂ ਕਿੱਕੁਰ ਬਚ ਨਿਕਲਾਂਗੇ ਜੇ ਐਡੀ ਵੱਡੀ ਮੁਕਤੀ ਦੀ ਬੇਪਰਵਾਹੀ ਕਰੀਏ ਜੋ ਪਹਿਲਾਂ ਪ੍ਰਭੂ ਦੇ ਰਾਹੀਂ ਆਖੀ ਗਈ ਸੀ ਅਤੇ ਸੁਣਨ ਵਾਲਿਆਂ ਤੋਂ ਸਾਨੂੰ ਸਾਬਤ ਹੋਈ? ਪਰਮੇਸ਼ੁਰ ਵੀ ਨਿਸ਼ਾਨੀਆਂ ਅਤੇ ਅਚੰਭਿਆਂ ਅਤੇ ਨਾਨਾ ਪ੍ਰਕਾਰ ਦੀਆਂ ਕਰਾਮਾਤਾਂ ਅਤੇ ਪਵਿੱਤਰ ਆਤਮਾ ਦੀਆਂ ਵੰਡਾਂ ਦੇ ਵਸੀਲੇ ਆਪਣੀ ਇੱਛਿਆ ਦੇ ਅਨੁਸਾਰ ਉਨ੍ਹਾਂ ਦੇ ਨਾਲ ਸਾਖੀ ਦਿੰਦਾ ਰਿਹਾ।**

### ਚਮਤਕਾਰਾਂ ਦਾ ਪ੍ਰਮਾਣ

ਇੱਕ ਸ਼ੁੱਭ-ਸਮਾਚਾਰ ਜੋ ਚਿੰਨ੍ਹਾਂ ਅਤੇ ਚਮਤਕਾਰਾਂ ਨਾਲ ਦ੍ਰਿੜ ਕੀਤਾ ਜਾਂਦਾ ਹੈ ਉਹ ਅਸਧਾਰਨ ਨਤੀਜ਼ੇ ਪੈਦਾ ਕਰਦਾ ਹੈ। ਭਾਵੇਂ ਪਤਰਸ, ਫ਼ਿਲਿੱਪੁਸ ਜਾਂ ਪੌਲੁਸ ਹੋਣ ਪਰ ਨਤੀਜ਼ੇ ਹਮੇਸ਼ਾਂ ਇੱਕੋ ਜਿਹੇ ਹੁੰਦੇ ਹਨ:

- ਉਨ੍ਹਾਂ ਨੇ ਸ਼ੁੱਭ-ਸਮਾਚਾਰ ਦੀ ਘੋਸ਼ਣਾ ਕੀਤੀ
- ਚਮਤਕਾਰਾਂ ਦਾ ਪ੍ਰਮਾਣ
- ਭੀੜਾਂ ਨੇ ਵਿਸ਼ਵਾਸ ਕੀਤਾ।

ਪੌਲੁਸ ਨੇ ਕਿਹਾ ਕਿ ਸ਼ੁੱਭ-ਸਮਾਚਾਰ ਪਰਮੇਸ਼ੁਰ ਦੀ ਸ਼ਕਤੀ ਸੀ।

**ਰੋਮੀਆਂ 1:16 ਮੈਂ ਤਾਂ ਇੰਜ਼ੀਲ ਤੋਂ ਸ਼ਰਮਾਉਂਦਾ ਨਹੀਂ ਇਸ ਲਈ ਜੋ ਉਹ ਹਰੇਕ ਨਿਹਚਾਵਾਨ ਦੀ ਮੁਕਤੀ ਦੇ ਲਈ ਪਰਮੇਸ਼ੁਰ ਦੀ ਸ਼ਕਤੀ ਹੈ, ਪਹਿਲਾਂ ਯਹੂਦੀ ਫੇਰ ਯੂਨਾਨੀ ਦੇ ਲਈ।**

ਚਮਤਕਾਰ ਹਮੇਸ਼ਾਂ ਵਚਨ ਪ੍ਰਚਾਰ ਦੇ ਨਾਲ-ਨਾਲ ਚੱਲਦੇ ਹਨ।

**ਮਰਕੁਸ 16:20 ਅਤੇ ਉਨ੍ਹਾਂ ਨੇ ਬਾਹਰ ਜਾ ਕੇ ਹਰ ਥਾਂ ਪ੍ਰਚਾਰ ਕੀਤਾ ਅਤੇ ਪ੍ਰਭੂ ਉਨ੍ਹਾਂ ਦੇ ਨਾਲ ਹੋ ਕੇ ਕੰਮ ਕਰਦਾ ਸੀ ਅਰ ਬਚਨ ਨੂੰ ਉਨ੍ਹਾਂ ਨਿਸ਼ਾਨਿਆਂ ਦੀ ਰਾਹੀਂ ਜਿਹੜੇ ਨਾਲ ਨਾਲ ਹੁੰਦੇ ਸਨ ਸਾਬਤ ਕਰਦਾ ਸੀ।**

ਜਦੋਂ ਚਿੰਨ੍ਹ ਅਤੇ ਚਮਤਕਾਰ ਸ਼ੁੱਭ-ਸਮਾਚਾਰ ਨੂੰ ਦ੍ਰਿੜ ਕਰਦੇ ਹਨ, ਤਾਂ ਹਮੇਸ਼ਾ ਲੋਕ ਯਿਸੂ ਕੋਲ ਆਉਂਦੇ ਹਨ।

ਜਿਸ ਤਰ੍ਹਾਂ ਅਸੀਂ ਰਸੂਲਾਂ ਦੇ ਕਰਤੱਬ ਦਾ ਅਧਿਐਨ ਕੀਤਾ ਹੈ, ਅਸੀਂ ਇਹ ਪਤਾ ਲਗਾਇਆ ਹੈ ਕਿ ਹਰ ਵਾਰ ਜਦੋਂ ਲੋਕ ਪਵਿੱਤਰ ਆਤਮਾ ਨਾਲ ਭਰਦੇ ਹਨ, ਤਾਂ ਉਹ ਯਿਸੂ ਮਸੀਹ ਦੇ ਲਈ ਸ਼ਕਤੀਸ਼ਾਲੀ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰਕ ਬਣ ਜਾਂਦੇ ਹਨ।

## ਯਿਸੂ ਦੀ ਤਾਕਤ

ਯਿਸੂ ਨੇ ਕਿਹਾ ਕਿ ਉਸਨੂੰ ਪਵਿੱਤਰ ਆਤਮਾ ਦੁਆਰਾ ਮਸਹ ਕੀਤਾ ਗਿਆ, ਪ੍ਰਚਾਰ ਕਰਨ ਦੇ ਲਈ।

ਲੂਕਾ 4:18 **"ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ, ਇਸ ਲਈ ਜੋ ਉਹਨੇ ਮੈਨੂੰ ਮਸਹ ਕੀਤਾ ਭਈ ਗਰੀਬਾਂ ਨੂੰ ਖ਼ੁਸ਼ਖ਼ਬਰੀ ਸੁਣਾਵਾਂ। ਓਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪ੍ਰਚਾਰ ਕਰਾਂ, ਤੇ ਕੁਚਲਿਆਂ ਹੋਇਆਂ ਨੂੰ ਛੁਡਾਵਾਂ।"**

ਬਿਨ੍ਹਾਂ ਪਵਿੱਤਰ ਆਤਮਾ ਦੇ ਮਸਹ ਤੋਂ ਪ੍ਰਚਾਰ ਕਰਨਾ ਪ੍ਰਭਾਵ-ਰਹਿਤ ਹੁੰਦਾ ਹੈ।

ਸ਼ਕਤੀਸ਼ਾਲੀ ਮਸਹ ਹਮੇਸ਼ਾ ਨਤੀਜ਼ੇ ਪੈਦਾ ਕਰਦਾ ਹੈ।

## ਨਵੇਂ ਨਿਯਮ ਦਾ ਨਮੂਨਾ

- *ਸਾਮਰਿਯਾ ਵਿੱਚ ਫ਼ਿਲਿੱਪੁਸ*

ਫ਼ਿਲਿੱਪੁਸ ਨੇ ਨਵੇਂ ਨਿਯਮ ਦੇ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਦਾ ਨਮੂਨਾ ਦਿੱਤਾ ਹੈ।

**ਰਸੂਲਾਂ ਦੇ ਕਰਤੱਬ 8:5-8 ਅਤੇ ਫ਼ਿਲਿੱਪੁਸ ਨੇ ਸਾਮਰਿਯਾ ਦੇ ਨਗਰ ਵਿੱਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪ੍ਰਚਾਰ ਕੀਤਾ ਅਤੇ ਜਾਂ ਲੋਕਾਂ ਨੇ ਓਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ ਤਾਂ ਇੱਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ। ਕਿਉਂਕਿ ਭ੍ਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਨ੍ਹਾਂ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ। ਅਰ ਉਸ ਨਗਰ ਵਿੱਚ ਵੱਡੀ ਧੰਨ ਧੰਨ ਹੋਈ।**

ਸਾਮਰਿਯਾ ਦੇ ਲੋਕਾਂ ਨੇ ਉਨ੍ਹਾਂ ਗੱਲਾਂ ਨੂੰ ਸੁਣਿਆ ਜੋ ਉਸਨੇ ਕਹੀਆਂ ਸਨ ਅਤੇ ਉਨ੍ਹਾਂ ਚਮਤਕਾਰਾਂ ਨੂੰ ਵੇਖਿਆ ਜੋ ਉਸਨੇ ਕੀਤੇ ਸਨ।

➢ *ਫ਼ਿਲਿੱਪੁਸ ਅਤੇ ਇਥੋਪਿਆ ਵਾਸੀ*

ਫ਼ਿਲਿੱਪੁਸ ਸਿਰਫ਼ ਜਨ ਸਮੂਹ ਵਿੱਚ ਹੀ ਸ਼ੁੱਭ-ਸਮਾਚਾਰ ਪ੍ਰਚਾਰ ਦੇ ਕੰਮ ਨੂੰ ਆਗਿਆਕਾਰੀ ਅਤੇ ਵਿਸ਼ਵਾਸਯੋਗਤਾ ਨਾਲ ਨਹੀਂ ਕਰਦਾ ਸੀ, ਉਹ ਨਿੱਜੀ ਸ਼ੁੱਭ-ਸਮਾਚਾਰ ਵਿੱਚ ਵੀ ਪ੍ਰਭਾਵਸ਼ਾਲੀ ਅਤੇ ਆਗਿਆਕਾਰ ਸੀ।

**ਰਸੂਲਾਂ ਦੇ ਕਰਤੱਬ 8:26-31 ਪਰ ਪ੍ਰਭੂ ਦੇ ਇੱਕ ਦੂਤ ਨੇ ਫ਼ਿਲਿੱਪੁਸ ਨਾਲ ਬਚਨ ਕਰਕੇ ਆਖਿਆ ਕਿ ਉੱਠ ਅਤੇ ਦੱਖਣ ਵੱਲ ਉਸ ਰਸਤੇ ਉੱਤੇ ਜਾਹ ਜੋ ਯਰੂਸ਼ਲਮ ਤੋਂ ਗਾਜ਼ਾ ਨੂੰ ਜਾਂਦਾ ਹੈ, ਉਹ ਉਜਾੜ ਹੈ**

**ਤਾਂ ਉਹ ਉੱਠ ਕੇ ਤੁਰ ਪਿਆ ਅਰ ਵੇਖੋ ਕਿ ਹਬਸ਼ ਦੇਸ਼ ਦਾ ਇੱਕ ਮਨੁੱਖ ਸੀ ਜਿਹੜਾ ਖੋਜਾ ਅਰ ਹਬਸ਼ ਦੀ ਰਾਣੀ ਕੰਦਾਕੇ ਦਾ ਵੱਡਾ ਇਖ਼ਤਿਆਰ ਵਾਲਾ ਅਤੇ ਉਹਦੇ ਸਾਰੇ ਖਜ਼ਾਨੇ ਉੱਤੇ ਸੀ ਅਰ ਯਰੂਸ਼ਲਮ ਵਿੱਚ ਬੰਦਗੀ ਕਰਨ ਨੂੰ ਆਇਆ ਸੀ ਉਹ ਮੁੜਿਆ ਜਾਂਦਾ ਅਤੇ ਆਪਣੇ ਰਥ ਵਿੱਚ ਬੈਠਾ ਹੋਇਆ ਯਸਾਯਾਹ ਨਬੀ ਦੀ ਪੋਥੀ ਵਾਚ ਰਿਹਾ ਸੀ**

**ਤਾਂ ਆਤਮਾ ਨੇ ਫ਼ਿਲਿੱਪੁਸ ਨੂੰ ਕਿਹਾ "ਕਿ ਅਗਾਹਾਂ ਚੱਲ ਅਤੇ ਐਸ ਰਥ ਨਾਲ ਮਿਲ ਜਾਹ।"**

**ਸੋ ਫ਼ਿਲਿੱਪੁਸ ਨੇ ਉਸ ਵੱਲ ਦੌੜ ਕੇ ਉਸਨੂੰ ਯਸਾਯਾਹ ਨਬੀ ਦੀ ਪੋਥੀ ਨੂੰ ਵਾਚਦੇ ਸੁਣਿਆ ਅਤੇ ਕਿਹਾ, "ਜੋ ਕੁਝ ਤੁਸੀਂ ਵਾਚਦੇ ਹੋ ਸਮਝਦੇ ਭੀ ਹੋ?"**

**ਉਸਨੇ ਆਖਿਆ, "ਜਦ ਤਾਈਂ ਕੋਈ ਮੈਨੂੰ ਰਾਹ ਨਾ ਦੱਸੇ ਇਹ ਮੈਥੋਂ ਕਿੰਕੂ ਹੋ ਸਕੇ?" ਫੇਰ ਉਸਨੇ ਫ਼ਿਲਿੱਪੁਸ ਅੱਗੇ ਬੇਨਤੀ ਕੀਤੀ ਕਿ ਮੇਰੇ ਨਾਲ ਤੂੰ ਚੜ੍ਹ ਬੈਠ।**

ਇਹ ਕਹਿੰਦਾ ਹੈ ਕਿ ਫ਼ਿਲਿੱਪੁਸ ਨੇ ਯਿਸੂ ਬਾਰੇ "ਪ੍ਰਚਾਰ" ਕੀਤਾ

**ਰਸੂਲਾਂ ਦੇ ਕਰਤੱਬ 8:35 ਤਦ ਫ਼ਿਲਿੱਪੁਸ ਨੇ ਆਪਣਾ ਮੂੰਹ ਖੋਲ੍ਹਿਆ ਅਤੇ ਉਸ ਲਿਖਤ ਤੋਂ ਸ਼ੁਰੂ ਕਰਕੇ ਯਿਸੂ ਦੀ ਖੁਸ਼ਖ਼ਬਰੀ ਉਸਨੂੰ ਸੁਣਾਈ।**

ਜਦੋਂ ਬਹੁਤ ਸਾਰੇ ਲੋਕਾਂ ਨੇ ਮਹਾਨ ਆਗਿਆ ਨੂੰ ਸੁਣਿਆ, ਉਹ ਚੀਕਦੇ ਹਨ, "ਮੈਂ ਪ੍ਰਚਾਰ ਨਹੀਂ ਕਰ ਸਕਦਾ! ਮੈਂ ਲੋਕਾਂ ਦੇ ਵੱਡੇ ਇਕੱਠ ਦੇ ਸਾਹਮਣੇ ਖਲੋ ਕੇ ਕਦੀ ਵੀ ਬੋਲ ਨਹੀਂ ਸਕਦਾ। ਬੇਸ਼ੱਕ, ਯਿਸੂ ਨੇ ਲੋਕਾਂ ਨਾਲ ਮੇਰੇ ਵਾਂਗ ਗੱਲਾਂ ਨਹੀਂ ਕੀਤੀਆਂ। ਉਹ ਜ਼ਰੂਰ ਉਨ੍ਹਾਂ ਲੋਕਾਂ ਨਾਲ ਗੱਲਾਂ ਕਰਦਾ ਸੀ ਜਿਨ੍ਹਾਂ ਨੂੰ ਪ੍ਰਚਾਰਕ ਕਿਹਾ ਜਾਂਦਾ ਸੀ!"

ਮਰਕੁਸ ਲਗਾਤਾਰ :

**ਮਰਕੁਸ 16:15 ਉਸਨੇ ਉਨ੍ਹਾਂ ਨੂੰ ਆਖਿਆ, "ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸ੍ਰਿਸ਼ਟ ਦੇ ਸਾਹਮਣੇ ਖੁਸ਼ਖ਼ਬਰੀ ਦਾ ਪ੍ਰਚਾਰ ਕਰੋ।"**

**ਮਰਕੁਸ 16:17ੳ "ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ।"**

ਸਾਰੇ ਵਿਸ਼ਵਾਸੀਆਂ ਨੂੰ ਪ੍ਰਚਾਰ ਕਰਨਾ ਹੈ। ਜਦਕਿ, ਪ੍ਰਚਾਰ ਦਾ ਮਤਲਬ ਇਹ ਨਹੀਂ ਹੈ ਕਿ ਸਾਨੂੰ ਜ਼ਰੂਰ ਹੀ ਪਲੇਟ ਫਾਰਮ ਦੇ ਪਿੱਛੇ ਖੜ੍ਹੇ ਹੋਣਾ, ਅਤੇ ਲੋਕਾਂ ਦੇ ਸਮੂਹ ਨੂੰ ਪ੍ਰਚਾਰ ਕਰਨਾ ਹੈ। ਫ਼ਿਲਿੱਪੁਸ ਅਤੇ ਇਥੋਪੀਆ ਵਾਸੀ ਦੀ ਉਦਾਹਰਨ ਵਿੱਚ, ਅਸੀਂ ਵੇਖਦੇ ਹਾਂ ਫ਼ਿਲਿੱਪੁਸ ਉਸਨੂੰ ਇੱਕੋ ਆਧਾਰ ਤੇ ਬੈਠ ਕੇ ਪ੍ਰਚਾਰ ਕਰ ਰਿਹਾ ਹੈ।

"ਪ੍ਰਚਾਰ ਕਰਨਾ" ਇਸਦਾ ਅਰਥ ਹੈ ਘੋਸ਼ਣਾ ਜਾਂ ਸਧਾਰਨ ਰੂਪ ਵਿੱਚ ਯਿਸੂ ਮਸੀਹ ਦੇ ਸ਼ੁੱਭ-ਸਮਾਚਾਰ ਨੂੰ ਹਰ ਜਗ੍ਹਾ ਜਿੱਥੇ ਵੀ ਅਸੀਂ ਜਾਈਏ ਉੱਥੇ ਵੰਡਣਾ।

**ਰਸੂਲਾਂ ਦੇ ਕਰਤੱਬ 8:36-38 ਅਤੇ ਓਹ ਰਾਹ ਤੇ ਜਾਂਦੇ ਜਾਂਦੇ ਇੱਕ ਪਾਣੀ ਦੇ ਕੋਲ ਅੱਪੜੇ। ਤਾਂ ਉਸ ਖੋਜੇ ਨੇ ਕਿਹਾ ਕਿ ਵੇਖ, ਪਾਣੀ ਹੈਗਾ। "ਹੁਣ ਮੈਨੂੰ ਬਪਤਿਸਮਾ ਲੈਣ ਤੋਂ ਕਿਹੜੀ ਚੀਜ਼ ਰੋਕਦੀ ਹੈ?"**

**ਫ਼ਿਲਿੱਪੁਸ ਨੇ ਆਖਿਆ, "ਜੇਕਰ ਤੂੰ ਪੂਰੇ ਮਨ ਨਾਲ ਵਿਸ਼ਵਾਸ ਕਰਦਾ ਹੈ ਤਾਂ ਲੈ ਸਕਦਾ ਹੈ।" ਉਹ ਨੇ ਉੱਤਰ ਦਿੱਤਾ, "ਮੈਂ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ।"**

**ਤਦ ਉਸਨੇ ਰਥ ਖੜਾ ਕਰਨ ਦਾ ਹੁਕਮ ਕੀਤਾ ਅਤੇ ਫ਼ਿਲਿੱਪੁਸ ਅਤੇ ਖੋਜ ਦੋਵੇਂ ਪਾਣੀ ਵਿੱਚ ਉਤਰੇ ਅਤੇ ਉਹਨੇ ਉਸ ਨੂੰ ਬਪਤਿਸਮਾ ਦਿੱਤਾ।**

- *ਪੌਲੁਸ ਦੀ ਧਾਰਨਾ*

ਪੌਲੁਸ ਨੇ ਕਿਹਾ ਸੀ ਕਿ ਉਸਨੇ "ਪੂਰਾ ਪੂਰਾ ਸ਼ੁੱਭ-ਸਮਾਚਾਰ ਦਾ ਪ੍ਰਚਾਰ ਕੀਤਾ ਹੈ:

**ਰੋਮੀਆਂ 15:18-21 ਕਿਉਂ ਜੋ ਮੇਰਾ ਹਿਆਉ ਨਹੀਂ ਪੈਂਦਾ ਜੋ ਮੈਂ ਹੋਰਨਾਂ ਕੰਮਾਂ ਦੀ ਗੱਲ ਕਰਾਂ ਬਿਨ੍ਹਾਂ ਉਨ੍ਹਾਂ ਦੇ ਜਿਹੜੇ ਮਸੀਹ ਨੇ ਪਰਾਈਆਂ ਕੌਮਾਂ ਨੂੰ ਆਗਿਆਕਾਰ ਕਰਨ ਲਈ ਬਚਨ ਅਤੇ ਕਰਨੀ ਤੋਂ ਨਿਸ਼ਾਨੀਆਂ ਅਤੇ ਕਰਾਮਾਤਾਂ ਦੀ ਸ਼ਕਤੀ ਨਾਲ ਅਤੇ ਪਵਿੱਤਰ ਆਤਮਾ ਦੀ ਸਮਰੱਥਾ ਨਾਲ ਮੇਰੇ ਹੱਥੀਂ ਕੀਤੇ ਹਨ, ਇੱਥੋਂ ਤੋੜੀ ਜੋ ਮੈਂ ਯਰੂਸ਼ਲਮ ਤੋਂ ਲੈ ਕੇ ਚਾਰ ਚੁਫ਼ੇਰੇ ਇੱਲੁਰਿਕੁਨ ਤੀਕ ਮਸੀਹ ਦੀ ਖੁਸ਼ਖ਼ਬਰੀ ਦਾ ਪੂਰਾ ਪ੍ਰਚਾਰ ਕੀਤਾ**

**ਹਾਂ, ਮੈਂ ਇਹ ਚਾਹ ਕੀਤੀ ਭਈ ਜਿੱਥੇ ਮਸੀਹ ਦਾ ਨਾਮ ਨਹੀਂ ਲਿਆ ਗਿਆ ਉੱਥੇ ਖੁਸ਼ਖ਼ਬਰੀ ਸੁਣਾਵਾਂ ਤਾਂ ਐਉਂ ਨਾ ਹੋਵੇ ਜੋ ਮੈਂ ਕਿਸੇ ਹੋਰ ਦੀ ਨੀਂਹ ਉੱਤੇ ਉਸਾਰੀ ਕਰਾਂ ਸਗੋਂ ਜਿਵੇਂ ਲਿਖਿਆ ਹੋਇਆ ਹੈ,**

**ਜਿਨ੍ਹਾਂ ਨੂੰ ਉਹਦੀ ਖ਼ਬਰ ਨਹੀਂ ਹੋਈ, ਓਹ ਵੇਖਣਗੇ, ਅਤੇ ਜਿਨ੍ਹਾਂ ਨਹੀਂ ਸੁਣਿਆ, ਓਹ ਸਮਝਣਗੇ।**

ਪੌਲੁਸ ਸੀਮਾਬੱਧ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਲਈ ਵਚਨਬੱਧ ਸੀ ਨੋਟ ਕਰੋ ਕਿ ਉਹ ਲੋਕ ਜਿਨ੍ਹਾਂ ਨੇ ਕਦੀ ਨਹੀਂ ਸੁਣਿਆ ਵੇਖਿਆ ਅਤੇ ਸਮਝਿਆ ਸੀ। ਉਨ੍ਹਾਂ ਨੇ ਕੀ ਵੇਖਿਆ? ਮਹਾਨ ਚਿੰਨ੍ਹ ਅਤੇ ਚਮਤਕਾਰ।

ਸ਼ੁੱਭ-ਸਮਾਚਾਰ ਪ੍ਰਚਾਰ ਲਈ ਤਿੰਨ ਐਵੀਨਿਊ ਹਨ :

- ਵਚਨ
- ਕੰਮ
- ਚਿੰਨ੍ਹ ਅਤੇ ਚਮਤਕਾਰ।

ਇੱਕ ਧਿਆਨ ਯੋਗ, ਆਤਮਿਕ-ਪਰਮੇਸ਼ੁਰ ਦੇ ਵਚਨ, ਕੰਮਾਂ ਅਤੇ ਚਮਤਕਾਰਾਂ ਦਾ ਮਿਸ਼ਰਨ ਬਾਈਬਲ ਦੀ ਰਣ-ਨੀਤੀ ਹੈ ਪ੍ਰਭੂ ਯਿਸੂ ਲਈ ਰਾਸ਼ਟਰਾਂ ਤੱਕ ਪਹੁੰਚਣ ਲਈ।

**1 ਕੁਰਿੰਥੀਆਂ 2:1-5 ਹੇ ਭਰਾਵੋ, ਜਾਂ ਮੈਂ ਤੁਹਾਨੂੰ ਪਰਮੇਸ਼ੁਰ ਦੀ ਸਾਖੀ ਦੀ ਖ਼ਬਰ ਦਿੰਦਾ ਹੋਇਆ ਤੁਹਾਡੇ ਕੋਲ ਆਇਆ ਤਾਂ ਬਚਨ ਜਾਂ ਗਿਆਨ ਦੀ ਉੱਤਮਤਾਈ ਨਾਲ ਨਹੀਂ ਆਇਆ ਕਿਉਂ ਜੋ ਮੈਂ ਇਹ ਠਾਣ ਲਿਆ ਭਈ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨ੍ਹਾਂ ਤੁਹਾਡੇ ਵਿੱਚ ਕਿਸੇ ਹੋਰ ਗੱਲ ਨੂੰ ਨਾ ਜਾਣਾਂ ਅਤੇ ਮੈਂ**

**ਦੁਰਬਲਤਾਈ ਅਤੇ ਭੈ ਅਤੇ ਵੱਡੇ ਕਾਂਬੇ ਨਾਲ ਤੁਹਾਡੇ ਕੋਲ ਰਹਿੰਦਾ ਸਾਂ ਅਤੇ ਮੇਰਾ ਬਚਨ ਅਤੇ ਮੇਰਾ ਪ੍ਰਚਾਰ ਗਿਆਨ ਦੀਆਂ ਮਨਾਉਣ ਵਾਲੀਆਂ ਗੱਲਾਂ ਦੇ ਨਾਲ ਨਹੀਂ ਸਗੋਂ ਆਤਮਾ ਅਤੇ ਸਮਰੱਥਾ ਦੇ ਪ੍ਰਮਾਣ ਨਾਲ ਸੀ ਤਾਂ ਜੋ ਤੁਹਾਡੀ ਨਿਹਚਾ ਮਨੁੱਖਾਂ ਦੀ ਬੁੱਧ ਉੱਤੇ ਨਹੀਂ ਸਗੋਂ ਪਰਮੇਸ਼ੁਰ ਦੀ ਸਮਰੱਥਾ ਉੱਤੇ ਠਹਿਰੇ।**

## ਲੜਾਕੂ ਮਸੀਹਅਤ

ਕਿਸੇ ਵੀ ਸੰਸਕ੍ਰਿਤੀ ਵਿੱਚ ਪ੍ਰਭਾਵਸ਼ਾਲੀ ਸ਼ੁੱਭ-ਸਮਾਚਾਰ ਪ੍ਰਚਾਰਕ ਬਣਨ ਲਈ, ਸਾਨੂੰ ਚਾਰ ਸੱਚਾਈਆਂ ਨੂੰ ਸਮਝਣਾ ਬਹੁਤ ਹੀ ਜ਼ਰੂਰੀ ਹੈ। ਉਹ ਹਨ :

- ਸ਼ੁੱਭ-ਸਮਾਚਾਰ ਵਿੱਚ ਤਾਕਤ
- ਪਰਮੇਸ਼ੁਰ ਦੇ ਵਚਨ ਦੀ ਤਾਕਤ
- ਯਿਸੂ ਮਸੀਹ ਦੇ ਨਾਮ ਵਿੱਚ ਸ਼ਕਤੀ

ਸ਼ੁੱਭ-ਸਮਾਚਾਰ ਪ੍ਰਚਾਰ ਨੂੰ ਸ਼ਕਤੀ ਵਿੱਚ ਪੂਰਾ ਕਰਨਾ ਬੜਾ ਜ਼ਰੂਰੀ ਹੈ।

ਰਸੂਲਾਂ ਦੀ ਪੁਸਤਕ ਵਿੱਚ ਮਸੀਹਤ ਹਮਲਾ ਕਰਨ ਵਾਲੇ, ਲੜਾਕੂ ਸ਼ਕਤੀ ਵਾਲੇ ਸ਼ੁੱਭ-ਸਮਾਚਾਰ ਦੁਆਰਾ ਫੈਲੀ।

ਸਾਡੀ ਲਵਾਈ ਮਾਸ ਅਤੇ ਲਹੂ, ਜਾਂ ਮਨੁੱਖਾਂ ਨਾਲ ਨਹੀਂ ਹੈ, ਪਰ ਅੰਧਘੋਰ ਦੀਆਂ ਤਾਕਤਾਂ ਨਾਲ ਹੈ।

ਪਰਮੇਸ਼ੁਰ ਦਾ ਰਾਜ ਸ਼ਕਤੀਸ਼ਾਲੀ ਤਰੀਕੇ ਨਾਲ ਸ਼ੈਤਾਨ ਦੇ ਇਸ ਧਰਤੀ ਉੱਤੇ ਸਥਾਪਿਤ ਰਾਜ ਦੇ ਵਿਰੁੱਧ ਵਧਣ ਦੇ ਰਾਹੀਂ ਫੈਲਿਆ। ਪ੍ਰਭਾਵਸ਼ਾਲੀ ਸ਼ੁੱਭ-ਸਮਾਚਾਰ ਵਿੱਚ ਹਮਲਾ ਕਰਨ ਵਾਲੇ ਯੁੱਧ ਅਤੇ ਪਰਮੇਸ਼ੁਰ ਦੀ ਸ਼ਕਤੀ ਨੂੰ ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਸ਼ਾਮਲ ਹੁੰਦਾ ਹੈ।

ਮੱਤੀ 11:12 **"ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਤੋਂ ਹੁਣ ਤੋੜੀ ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ ਅਤੇ ਜ਼ੋਰ ਮਾਰਨ ਵਾਲੇ ਉਸਨੂੰ ਖੋਹ ਲੈਂਦੇ ਹਨ।"**

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਸ਼ਕਤੀ ਦੀ ਲੜਾਈ ਕੀ ਹੈ ਅਤੇ ਇਹ ਕਦੋਂ ਜ਼ਰੂਰੀ ਹੁੰਦੀ ਹੈ?

2. ਕਿਉਂ ਸਾਮਰਿਯਾ ਵਿੱਚ ਭੀੜ ਨੇ ਫ਼ਿਲਿੱਪੁਸ ਦੇ ਪ੍ਰਚਾਰ ਤੇ ਧਿਆਨ ਦਿੱਤਾ ਸੀ?

3. ਕਿਹੜੇ ਚਾਰ ਸੱਚ ਜਾਨਣੇ ਬੜੇ ਜ਼ਰੂਰੀ ਹਨ, ਕਿਸੇ ਵੀ ਸੰਸਕ੍ਰਿਤੀ ਵਿੱਚ ਪ੍ਰਭਾਵਸ਼ਾਲੀ ਸ਼ੁੱਭ-ਸਮਾਚਾਰ ਪ੍ਰਚਾਰਕ ਬਣਨ ਲਈ?

## ਅਧਿਆਇ ਨੌਂ

# *ਮਸਹ ਦੁਆਰਾ ਸੇਵਕਾਈ ਕਰਨਾ*

ਮਸਹ ਪਰਮੇਸ਼ੁਰ ਦੁਆਰਾ ਛੂਹ ਸਕਣ ਯੋਗ ਜ਼ਰੂਰੀ ਹੈ। ਇਹ ਉਸਦੀ ਯੋਗਤਾ ਨੂੰ ਮੌਜ਼ੂਦਾ, ਦਿੱਤੇ ਹੋਏ ਪਾਤਰ ਉੱਤੇ ਖੋਲਣਾ ਹੈ ਤਾਂ ਕਿ ਉਹ ਉਸਦੀ ਇੱਛਾ ਅਤੇ ਕੰਮ ਨੂੰ ਆਪਣੇ ਵਿੱਚ ਰੱਖ ਸਕੇ। ਜੋ ਪਰਮੇਸ਼ੁਰ ਕਰ ਰਿਹਾ ਹੈ ਉਸ ਵਿੱਚ ਵਹਿਣਾ, ਸਿੱਖਣਾ, ਆਦਾਜ਼ ਕਰਨ ਦੀ ਕੁੰਜੀ ਵੀ ਹੈ। ਮਸਹ ਨੂੰ ਜਮ੍ਹਾ ਕੀਤਾ, ਇੱਕ ਤੋਂ ਦੂਜੇ ਵਿੱਚ ਭੇਜਿਆ ਅਤੇ ਹੱਥ ਰੱਖਣ ਦੁਆਰਾ ਦਿੱਤਾ ਜਾ ਸਕਦਾ ਹੈ।

ਅਸੀਂ ਸਿੱਖਾਂਗੇ ਕਿ ਕਿਵੇਂ ਯਿਸੂ ਮਸੀਹ ਨੂੰ ਪਵਿੱਤਰ ਆਤਮਾ ਦੇ ਮਸਹ ਦੀ ਲੋੜ ਸੀ। ਯਿਸੂ ਮਸੀਹ ਨੇ ਇਸ ਧਰਤੀ ਤੇ ਰਹਿ ਕੇ ਜੋ ਕੁਝ ਵੀ ਕੀਤਾ ਉਹ ਸਭ ਮਸਹ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਦੁਆਰਾ ਹੀ ਕੀਤਾ। ਇਸ ਤੋਂ ਪਹਿਲਾਂ ਕਿ ਉਹ ਮੌਖਿਕ ਅਤੇ ਸ਼ਕਤੀ ਦੇ ਵਰਦਾਨਾਂ ਵੱਲ ਮੁੜਦਾ। ਉਸਨੇ ਆਤਮਾ ਦੇ ਰਾਜ (ਖੇਤਰ) ਨੂੰ ਪ੍ਰਕਾਸ਼ਨ ਦੇ ਵਰਦਾਨਾਂ ਦੇ ਰਾਹੀਂ ਸੁਣਿਆ ਅਤੇ ਵੇਖਿਆ, ਇਸ ਲਈ, ਹਰ ਇੱਕ ਜੋ ਯਿਸੂ ਮਸੀਹ ਦੇ ਕੰਮਾਂ ਵਰਗੇ ਕੰਮ ਕਰਨਾ ਚਾਹੁੰਦਾ ਹੈ, ਉਸਨੂੰ ਇਹ ਸਿੱਖਣ ਦੀ ਲੋੜ ਹੈ ਕਿ ਮਸਹ ਦੇ ਦੁਆਰਾ ਕਿਵੇਂ ਸੇਵਕਾਈ ਕਰਨੀ ਹੈ।

ਪ੍ਰਾਥਮਿਕ ਤਰੀਕਾ ਜੋ ਪਰਮੇਸ਼ੁਰ ਆਪਣੇ ਲੋਕਾਂ ਨੂੰ ਦਿਖਾਉਂਦਾ ਹੈ ਉਹ ਪਵਿੱਤਰ ਆਤਮਾ ਦੁਆਰਾ ਮਸਹ ਕੀਤਾ ਜਾਣਾ ਹੈ। ਸਾਰੇ ਦਰਸ਼ਨਾਂ, ਪ੍ਰਕਾਸ਼ਨਾਂ, ਪ੍ਰਦਰਸ਼ਨਾਂ ਅਤੇ ਪ੍ਰਦਰਸ਼ਨਾਂ ਦੀ ਮਸੀਹ ਦੁਆਰਾ ਜਾਂਚ ਕੀਤੀ ਜਾਣੀ ਜ਼ਰੂਰੀ ਹੈ। ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ, ਸਾਰੇ ਪ੍ਰਭਾਵ ਨੂੰ ਸਾਡੀ ਅੰਦਰੂਨੀ ਗਵਾਹੀ ਨੂੰ ਪੁਸ਼ਟੀ ਦੇ ਰੂਪ ਵਿੱਚ ਜ਼ਰੂਰ ਲੈਣੇ ਹਨ। ਜਦੋਂ ਅਸੀਂ ਕਦਮ ਵਧਾਉਂਦੇ ਅਤੇ ਮੌਖਿਕ ਅਤੇ ਸ਼ਕਤੀ ਦੇ ਵਰਦਾਨਾਂ ਨੂੰ ਵਰਤਦੇ ਹਾਂ, ਅਸੀਂ ਚਮਤਕਾਰਾਂ ਨੂੰ ਹੁੰਦੇ ਹੋਏ ਅਤੇ ਲੋਕਾਂ ਨੂੰ ਸ਼ੁੱਭਸਮਾਚਾਰ ਦੇ ਪ੍ਰਤੀ ਪ੍ਰਤੀਕ੍ਰਿਆ ਕਰਦੇ ਵੇਖਦੇ ਹਾਂ।

## ਪਵਿੱਤਰ ਆਤਮਾ ਦਾ ਵਾਇਦਾ

### ਪੁਰਾਣੇ ਨਿਯਮ ਵਿੱਚ ਕੀਤਾ ਗਿਆ ਵਾਇਦਾ

ਪਵਿੱਤਰ ਆਤਮਾ ਦੇ ਮਸਹ ਦਾ ਵਾਇਦਾ ਪੁਰਾਣੇ ਨਿਯਮ ਵਿੱਚ ਕੀਤਾ ਗਿਆ ਹੈ।

**ਯੋਏਲ 2:29,29 "ਏਹ ਦੇ ਮਗਰੋਂ ਐਉਂ ਹੋਵੇਗਾ, ਕਿ ਮੈਂ ਆਪਣਾ ਆਤਮਾ ਸਾਰੇ ਸਰੀਰਾਂ ਉੱਤੇ ਵਹਾਵਾਂਗਾ, ਅਤੇ ਤੁਹਾਡੇ ਪੁੱਤਰ ਅਰ ਤੁਹਾਡੀਆਂ ਧੀਆਂ ਅਗੰਮ ਵਾਕ ਕਰਨਗੇ, ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ, ਤੁਹਾਡੇ ਜੁਆਨ ਦਰਸ਼ਨ ਵੇਖਣਗੇ ਨਾਲੇ ਮੈਂ ਦਾਸਾਂ ਅਰ ਦਾਸੀਆਂ ਉੱਤੇ, ਉਨੀਂ ਦਿਨੀਂ ਆਪਣਾ ਆਤਮਾ ਵਹਾਵਾਂਗਾ।"**

### ਨਵੇਂ ਨਿਯਮ ਵਿੱਚ ਵਾਇਦਾ

ਪਵਿੱਤਰ ਆਤਮਾ ਨਾਲ ਭਰਨ ਦਾ ਵਾਇਦਾ ਨਵੇਂ ਨਿਯਮ ਵਿੱਚ ਕੀਤਾ ਗਿਆ ਹੈ।

**ਲੂਕਾ 24:49 "ਅਤੇ ਵੇਖੋ ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਦਾ ਹਾਂ ਪਰ ਜਦ ਤੀਕੁਰ ਤੁਸੀਂ ਉੱਪਰੋਂ ਸ਼ਕਤੀ ਨਾ ਪਾਓ ਸ਼ਹਿਰ ਵਿੱਚ ਰਹੋ।"**

**ਯੂਹੰਨਾ 7:37-39 ਪਿਛਲੇ ਦਿਨ ਜਿਹੜਾ ਤਿਉਹਾਰ ਦਾ ਵੱਡਾ ਦਿਨ ਸੀ ਯਿਸੂ ਖੜਾ ਹੋਇਆ ਅਤੇ ਇਹ ਕਹਿ ਕੇ ਉੱਚੀ ਬੋਲਿਆ ਭਈ ਜੇ ਕੋਈ ਤਿਹਾਇਆ ਹੋਵੇ ਤਾਂ**

**ਮੇਰੇ ਕੋਲ ਆਵੇ ਅਤੇ ਪੀਵੇ। ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ।**

**ਪਰ ਉਹਨੇ ਇਹ ਗੱਲ ਆਤਮਾ ਦੇ ਵਿਖੇ ਆਖੀ ਜਿਹੜਾ ਉਨ੍ਹਾਂ ਨੂੰ ਪ੍ਰਾਪਤ ਹੋਣਾ ਸੀ ਜਿਨ੍ਹਾਂ ਉਸ ਉੱਤੇ ਨਿਹਚਾ ਕੀਤੀ ਕਿਉਂਕਿ ਆਤਮਾ ਅਜੇ ਦਿੱਤਾ ਨਾ ਗਿਆ ਸੀ ਇਸ ਲਈ ਜੋ ਯਿਸੂ ਦਾ ਤੇਜ ਅਜੇ ਪਰਕਾਸ਼ ਨਹੀਂ ਸੀ ਹੋਇਆ।"**

**ਰਸੂਲਾਂ ਦੇ ਕਰਤੱਬ 2:38,39 ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, "ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ। ਕਿਉਂਕਿ ਇਹ ਕਰਾਰ ਤੁਹਾਡੇ ਅਰ ਤੁਹਾਡੇ ਬਾਲਕਾਂ ਦੇ ਨਾਲ ਹੈ ਅਤੇ ਓਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੂ ਸਾਡਾ ਪਰਮੇਸ਼ੁਰ ਆਪਣੇ ਕੋਲ ਬੁਲਾਵੇ।"**

## ਵਾਇਦਾ ਪ੍ਰਾਪਤ ਕੀਤਾ

ਪੰਤੇਕੁਸਤ ਦੇ ਦਿਨ, ਪਵਿੱਤਰ ਆਤਮਾ ਠੀਕ ਉਸੇ ਤਰ੍ਹਾਂ ਆਇਆ ਜਿਸ ਤਰ੍ਹਾਂ ਯਿਸੂ ਨੇ ਵਾਇਦਾ ਕੀਤਾ ਸੀ।

**ਰਸੂਲਾਂ ਦੇ ਕਰਤੱਬ 2:1-4 ਜਾਂ ਪੰਤੇਕੁਸਤ ਦਾ ਦਿਨ ਆਇਆ ਓਹ ਸਭ ਇੱਕ ਥਾਂ ਇਕੱਠੇ ਸਨ ਅਰ ਅਚਾਨਕ ਅਕਾਸ਼ ਤੋਂ ਇੱਕ ਗੂੰਜ ਆਈ ਜਿਹੀ ਵੱਡੀ ਭਾਰੀ ਅਨ੍ਹੇਰੀ ਦੇ ਵਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਉਹ ਬੈਠੇ ਸਨ ਭਰ ਗਿਆ ਅਰ ਉਨ੍ਹਾਂ ਨੂੰ ਅੱਗ ਜਿਹੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਵਿਖਾਈ ਦਿੱਤੀਆਂ ਅਤੇ ਉਹ ਉਨ੍ਹਾਂ ਵਿੱਚੋਂ ਹਰੇਕ ਉੱਤੇ ਠਹਿਰੀਆਂ ਤਦ ਉਹ ਸੱਭੇ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਹੋਰ ਬੋਲੀਆਂ ਬੋਲਣ ਲੱਗ ਪਏ ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ।**

ਪਵਿੱਤਰ ਆਤਮਾ ਦੇ ਵਰਦਾਨ ਨੂੰ ਗ੍ਰਹਿਣ ਕਰਨਾ, ਅਸੀਂ ਸਧਾਰਨ ਤੌਰ ਤੇ ਇਸ ਲਈ ਆਖ ਸਕਦੇ ਹਾਂ ਅਤੇ ਵਿਸ਼ਵਾਸ ਦੇ ਰਾਹੀਂ ਇਸਨੂੰ ਗ੍ਰਹਿਣ ਕਰ ਸਕਦੇ ਹਾਂ।

**ਲੂਕਾ 11:11-13 ਪਰ ਤੁਹਾਡੇ ਵਿੱਚੋਂ ਉਹ ਕਿਹੜਾ ਪਿਉ ਹੈ ਕਿ ਜੇ ਉਹਦਾ ਪੁੱਤਰ ਮੱਛੀ ਮੰਗੇ ਤਾਂ ਉਹਨੂੰ ਮੱਛੀ ਦੇ ਥਾਂ ਸੱਪ ਦੇਵੇਗਾ? ਜਾਂ ਜੇ ਆਂਡਾ ਮੰਗੇ ਤਾਂ ਉਹਨੂੰ ਬਿੱਛੂ ਦੇਵੇਗਾ? ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ।**

ਪਵਿੱਤਰ ਆਤਮਾ ਨਾਲ ਭਰਪੂਰ ਹੋਣਾ ਪਵਿੱਤਰ ਆਤਮਾ ਦਾ ਇੱਕ ਚੰਗਾ ਵਰਦਾਨ ਹੈ। ਉਸ ਦੀ ਇੱਛਾ ਹੈ ਕਿ ਉਹ ਤੁਹਾਨੂੰ ਇਹ ਦੇਵੇ।

## ਯਿਸੂ ਮਸੀਹ-ਸਾਡੀ ਉਦਾਹਰਨ

ਜਦੋਂ ਯਿਸੂ ਮਸੀਹ ਇਸ ਧਰਤੀ ਤੇ ਸੀ ਉਸਨੇ ਇੱਕ ਮਨੁੱਖ ਵਾਂਗ ਕੰਮ ਕੀਤੇ ਸਨ। ਵਚਨ ਦੱਸਦਾ ਹੈ ਕਿ ਪਰਮੇਸ਼ੁਰ ਨੇ ਉਸਨੂੰ ਪਵਿੱਤਰ ਆਤਮਾ ਅਤੇ ਸ਼ਕਤੀ ਨਾਲ ਮਸਹ ਕੀਤਾ।

**ਰਸੂਲਾਂ ਦੇ ਕਰਤੱਬ 10:38 ... ਅਰਥਾਤ ਯਿਸੂ ਨਾਸਰੀ ਭਈ ਪਰਮੇਸ਼ੁਰ ਨੇ ਕਿਸ ਬਿਧ ਨਾਲ ਉਹਨੂੰ ਪਵਿੱਤਰ ਆਤਮਾ ਅਤੇ ਸਮਰੱਥਾ ਨਾਲ ਮਸਹ ਕੀਤਾ ਜੋ ਉਹ ਭਲਾ ਕਰਦਾ ਅਤੇ ਸਭਨਾਂ ਨੂੰ ਜੋ ਸ਼ੈਤਾਨ ਦੇ ਕਾਬੂ ਕੀਤੇ ਹੋਏ ਸਨ ਚੰਗਾ ਕਰਦਾ ਫਿਰਿਆ ਕਿਉਂ ਜੋ ਪਰਮੇਸ਼ੁਰ ਉਹਦੇ ਨਾਲ ਸੀ।**

**ਲੂਕਾ 3:21,22 ਜਾਂ ਸਾਰੇ ਲੋਕ ਬਪਤਿਸਮਾ ਲੈ ਹਟੇ ਅਰ ਯਿਸੂ ਵੀ ਬਪਤਿਸਮਾ ਲੈ ਕੇ ਪ੍ਰਾਰਥਨਾ ਕਰ ਰਿਹਾ ਸੀ ਤਾਂ ਐਉਂ ਹੋਇਆ ਜੋ ਅਕਾਸ਼ ਖੁੱਲ੍ਹ ਗਿਆ ਅਤੇ ਪਵਿੱਤਰ ਆਤਮਾ ਦੇਹ ਦਾ ਰੂਪ ਧਾਰ ਕੇ ਕਬੂਤਰ ਦੀ ਨਿਆਈਂ ਉਸ ਉੱਤੇ ਉਤਰਿਆ ਅਤੇ ਇੱਕ ਸੁਰਗੀ ਬਾਣੀ ਆਈ, "ਤੂੰ ਮੇਰਾ ਪਿਆਰਾ ਪੁਤੱਰ ਹੈਂ, ਤੈਥੋਂ ਮੈਂ ਪ੍ਰਸੰਨ ਹਾਂ।"**

ਯਿਸੂ ਨੇ ਕਿਹਾ ਕਿ ਉਸਨੂੰ ਸ਼ੁੱਭ-ਸਮਾਚਾਰ ਪ੍ਰਚਾਰ ਕਰਨ ਲਈ ਮਸਹ ਕੀਤਾ ਗਿਆ ਹੈ।

**ਲੂਕਾ 4:18 "ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ, ਇਸ ਲਈ ਜੋ ਉਹਨੇ ਮੈਨੂੰ ਮਸਹ ਕੀਤਾ, ਭਈ ਗਰੀਬਾਂ ਨੂੰ ਖੁਸ਼ਖ਼ਬਰੀ ਸੁਣਾਵਾਂ। ਉਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪ੍ਰਚਾਰ ਕਰਾਂ, ਤੇ ਕੁਚਲਿਆਂ ਹੋਇਆਂ ਨੂੰ ਛੁਡਾਵਾਂ।"**

ਜੇਕਰ ਯਿਸੂ ਮਸੀਹ ਨੇ ਪਰਮੇਸ਼ੁਰ ਦੇ ਪੁੱਤਰ ਦੀ ਤਰ੍ਹਾਂ ਸੇਵਕਾਈ ਕੀਤੀ ਸੀ, ਤਾਂ ਉਸਨੂੰ ਪਵਿੱਤਰ ਆਤਮਾ ਦੇ ਮਸਹ ਦੀ ਲੋੜ ਨਹੀਂ ਸੀ। ਉਸਨੇ ਆਖਰੀ ਆਦਮ ਦੀ ਤਰ੍ਹਾਂ ਸੇਵਕਾਈ ਕੀਤੀ, ਇੱਕ ਮਨੁੱਖ ਦੀ ਤਰ੍ਹਾਂ ਪਰਮੇਸ਼ੁਰ ਮਾਸ ਵਿੱਚ ਦਿਖਾਈ ਦਿੱਤਾ, ਅਤੇ ਉਸਨੇ ਪਵਿੱਤਰ ਆਤਮਾ ਦੇ ਮਸਹ ਰਾਹੀਂ ਕੰਮ ਕੀਤਾ ਬਿਲਕੁਲ ਜਿਸ ਤਰ੍ਹਾਂ ਅੱਜ ਵਿਸ਼ਵਾਸੀ ਕਰ ਰਹੇ ਹਨ।

## ਮਸਹ

---

### ਬਿਲਕੁਲ ਯਿਸੂ ਵਰਗਾ

ਉਹ ਕੰਮ ਕਰਨ ਲਈ ਜੋ ਯਿਸੂ ਨੇ ਕੀਤੇ ਸਨ, ਸਾਨੂੰ ਵੀ ਬਿਲਕੁਲ ਉਸੇ ਮਸਹ ਦੀ ਲੋੜ ਹੈ ਜੋ ਉਸ ਉੱਤੇ ਸੀ। ਯਿਸੂ ਮਸੀਹ ਉਨ੍ਹਾਂ ਸਾਰੇ ਵਿਸ਼ਵਾਸੀਆਂ ਨਾਲ ਗੱਲਾਂ ਕਰ ਰਿਹਾ ਸੀ ਜੋ ਉਸਦੇ ਕੰਮ ਕਰਦੇ ਹਨ। ਉਹ ਕੇਵਲ ਰਸੂਲਾਂ ਨਾਲ ਹੀ, ਜਾਂ ਸਿਰਫ਼ ਪੰਜ ਤਰ੍ਹਾਂ ਸੇਵਕਾਈ ਕਰਨ ਵਾਲਿਆਂ ਨਾਲ ਹੀ ਨਹੀਂ ਬੋਲ ਰਿਹਾ ਸੀ। ਉਸਨੇ ਸਾਰੇ ਵਿਸ਼ਵਾਸੀਆਂ ਨੂੰ ਸਿੱਖਿਆ ਦਿੱਤੀ ਕਿ ਉਸਦੇ ਕੰਮਾਂ ਨੂੰ ਕਰਨ ਲਈ, ਉਸੇ ਵਰਗਾ ਮਸਹ ਗ੍ਰਹਿਣ ਕਰਨ।

**ਯੂਹੰਨਾ 14:12 "ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ।"**

### ਮਸਹ ਵਿੱਚ

ਹਰ ਵਿਸ਼ਵਾਸੀ ਦੇ ਜੀਵਨ ਦਾ ਮਸਹ ਪਵਿੱਤਰ ਆਤਮਾ ਦੇ ਦੈਵੀ ਵਰਦਾਨਾਂ ਨੂੰ ਵਰਤਣ ਦੇ ਰਾਹੀਂ ਆਤਮਾ ਦੇ ਰਾਜ ਵਿੱਚ ਕੰਮ ਕਰਦਾ ਹੈ। ਇਹ ਦੇ ਵਾਧੇ ਦੇ ਵਿੱਚ, ਪਰਮੇਸ਼ੁਰ ਵਿਸ਼ਵਾਸੀਆਂ ਨੂੰ ਖਾਸ ਮਸਹ ਦਿੰਦਾ ਹੈ ਜਦੋਂ ਉਨ੍ਹਾਂ ਨੂੰ ਮਹੱਤਵਪੂਰਨ ਕੰਮ ਜਾਂ ਸੇਵਕਾਈ ਦੇ ਲਈ ਚੁਣਦਾ ਹੈ।

ਵਿਸ਼ਵਾਸੀ ਦੇ ਜੀਵਨ ਵਿੱਚ ਮਸਹ ਕਰਨਾ ਪਵਿੱਤਰ ਆਤਮਾ ਦੇ ਅਦਭੁੱਤ ਵਰਦਾਨਾਂ ਨੂੰ ਇਸਤੇਮਾਲ ਕਰਦੇ ਹੋਏ ਆਤਮਾ ਦੀ ਬਾਦਸ਼ਾਹਤ ਵਿੱਚ ਕੰਮ ਕਰਨਾ ਹੈ।

**ਯੂਹੰਨਾ 2:27 ਉਹ ਮਸਹ ਜੋ ਤੁਸਾਂ ਉਹਦੀ ਵੱਲੋਂ ਪਾਇਆ ਸੋ ਤੁਹਾਡੇ ਵਿੱਚ ਕਾਇਮ ਰਹਿੰਦਾ ਹੈ ਅਤੇ ਤੁਹਾਨੂੰ ਕੁਝ ਲੋੜ ਨਹੀਂ ਭਈ ਕੋਈ ਤੁਹਾਨੂੰ ਸਿੱਖਿਆ ਦੇਵੇ ਸਗੋਂ ਜਿਵੇਂ ਉਹਦਾ ਮਸਹ ਤੁਹਾਨੂੰ ਸਭਨਾਂ ਗੱਲਾਂ ਦੇ ਵਿਖੇ ਸਿੱਖਿਆ ਦਿੰਦਾ ਹੈ ਅਤੇ ਸਤ ਹੈ,**

**ਝੂਠ ਨਹੀਂ ਅਤੇ ਜਿਵੇਂ ਉਹਨੇ ਤੁਹਾਨੂੰ ਸਿੱਖਿਆ ਦਿੱਤੀ ਤਿਵੇਂ ਤੁਸੀਂ ਉਹਦੇ ਵਿੱਚ ਕਾਇਮ ਰਹੋ।**

ਪੁਰਾਣੇ ਨਿਯਮਾਂ ਵਿੱਚ, ਵਿਸ਼ਵਾਸੀਆਂ ਵਿੱਚ ਪਵਿੱਤਰ ਆਤਮਾ ਦੀ ਹਜ਼ੂਰੀ ਸਥਾਈ ਨਹੀਂ ਸੀ ਜਿਸ ਤਰ੍ਹਾਂ ਸਾਡੇ ਵਿੱਚ ਪੰਤੇਕੁਸਤ ਦੇ ਦਿਨ ਤੋਂ ਲੈ ਕੇ ਹੈ। ਇਸ ਦੀ ਬਜਾਏ, ਪਵਿੱਤਰ ਆਤਮਾ ਇੱਕ ਨਬੀ, ਯਾਜਕ ਜਾਂ ਰਾਜੇ ਤੇ ਉਤਰਦਾ ਸੀ ਤਾਂ ਕਿ ਉਨ੍ਹਾਂ ਨੂੰ ਨਿਸ਼ਚਿਤ ਕੰਮ ਕਰਨ ਲਈ ਅਧਿਕਾਰ ਦੇਵੇ।

**ਸਮੂਏਲ 10:6,7 ਤਦ ਯਹੋਵਾਹ ਦਾ ਆਤਮਾ ਤੇਰੇ ਉੱਤੇ ਆਵੇਗਾ ਅਤੇ ਤੂੰ ਵੀ ਉਨ੍ਹਾਂ ਦੇ ਨਾਲ ਅਗੰਮ ਵਾਚੇਂਗਾ ਸਗੋਂ ਤੂੰ ਹੋਰ ਡੌਲ ਦਾ ਮਨੁੱਖ ਬਣ ਜਾਵੇਂਗਾ ਅਤੇ ਅਜਿਹਾ ਹੋਵੇਗਾ ਜਾਂ ਇਹ ਨਿਸ਼ਾਨੀਆਂ ਤੇਰੇ ਉੱਤੇ ਪ੍ਰਗਟ ਹੋਣ ਤਾਂ ਫੇਰ ਜਿਹਾ ਤੇਰੇ ਹੱਥ ਆਵੇ ਤੇਹਾ ਵਰਤ ਕਿਉਂ ਜੋ ਪਰਮੇਸ਼ੁਰ ਤੇਰੇ ਸੰਗ ਹੈ।**

## ਮਸਹ ਕਰਨ ਦੇ ਕਾਰਨ

### ਯਿਸੂ ਦੇ ਕੰਮ

ਪਵਿੱਤਰ ਆਤਮਾ ਦਾ ਮਸਹ ਬਹੁਤ ਹੀ ਜ਼ਰੂਰੀ ਹੈ ਜੇਕਰ ਅਸੀਂ ਉਹ ਕੰਮ ਕਰਨਾ ਚਾਹੁੰਦੇ ਹਾਂ ਜੋ ਯਿਸੂ ਮਸੀਹ ਨੇ ਕੀਤੇ ਸਨ।

**ਮਰਕੁਸ 16:17,18 "ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਇਹ ਨਿਸ਼ਾਨ ਹੋਣਗੇ ਜੋ ਉਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ ਉਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਹਨਾਂ ਦਾ ਕੁਝ ਨਹੀਂ ਵਿਚਲੇਗਾ। ਉਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ।"**

**ਮੱਤੀ 28:16-20 ਫੇਰ ਉਹ ਗਿਆਰਾਂ ਚੇਲੇ ਗਲੀਲ ਵਿੱਚ ਉਸ ਪਹਾੜ ਉੱਤੇ ਗਏ ਜਿੱਥੇ ਯਿਸੂ ਉਨ੍ਹਾਂ ਨਾਲ ਠਹਿਰਿਆ ਹੋਇਆ ਸੀ ਅਤੇ ਉਨ੍ਹਾਂ ਉਸਨੂੰ ਵੇਖ ਕੇ ਮੱਥਾ ਟੇਕਿਆ ਪਰ ਕਈਆਂ ਨੇ ਭਰਮ ਕੀਤਾ।**

**ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਆਖਿਆ, "ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।"**

### ਫਲ ਲਿਆਉਣਾ

ਪਵਿੱਤਰ ਆਤਮਾ ਦੇ ਮਸਹ ਦੇ ਦੁਆਰਾ ਹੀ ਵਿਸ਼ਵਾਸੀ ਫਲ ਲਿਆ ਸਕਦੇ ਹਨ।

**ਯੂਹੰਨਾ 15:7,8,16 "ਜੇ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ ਮੇਰੇ ਪਿਤਾ ਦੀ ਵਡਿਆਈ ਇਸੇ ਤੋਂ ਹੁੰਦੀ ਹੈ ਜੋ ਤੁਸੀਂ ਬਹੁਤਾ ਫਲ ਦਿਓ ਅਰ ਇਉਂ ਤੁਸੀਂ ਮੇਰੇ ਚੇਲੇ ਹੋਵੋਗੇ। ਤੁਸਾਂ ਮੈਨੂੰ ਨਹੀਂ ਚੁਣਿਆ ਪਰ ਮੈਂ ਤੁਹਾਨੂੰ ਚੁਣਿਆ ਅਤੇ ਤੁਹਾਨੂੰ ਠਹਿਰਾਇਆ ਸੀ ਜੋ ਤੁਸੀਂ ਜਾ ਕੇ ਫਲਦਾਰ ਹੋਵੋ ਅਤੇ ਤੁਹਾਡਾ ਫਲ ਕਾਇਮ ਰਹੇ ਤਾਂ ਜੋ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਪਿਤਾ ਤੋਂ ਮੰਗੋ ਸੋ ਉਹ ਤੁਹਾਨੂੰ ਦੇਵੇ"।**

## ਮੇਲ ਮਿਲਾਪ ਕਰਨਾ

ਯਿਸੂ ਮਸੀਹ ਦੇ ਦੁਆਰਾ ਹੀ ਅਸੀਂ ਪਰਮੇਸ਼ੁਰ ਨਾਲ ਮੇਲ-ਮਿਲਾਪ ਕਰ ਸਕਦੇ ਹਾਂ। ਹੁਣ ਸਾਨੂੰ ਸੰਸਾਰ ਦਾ ਪਰਮੇਸ਼ੁਰ ਨਾਲ ਮੇਲ-ਮਿਲਾਪ ਕਰਵਾਉਣਾ ਹੈ।

**2 ਕੁਰਿੰਥੀਆਂ 5:17-21 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ,ਵੇਖੋ, ਓਹ ਨਵੀਆਂ ਹੋ ਗਈਆਂ ਹਨ ਪਰ ਸਾਰੀਆਂ ਗੱਲਾਂ ਪਰਮੇਸ਼ੁਰ ਤੋਂ ਹਨ ਜਿਹਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ ਅਰਥਾਤ ਪਰਮੇਸ਼ੁਰ ਮਸੀਹ ਵਿੱਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸਨੇ ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ।**

**ਅਸੀਂ ਮਸੀਹ ਦੇ ਏਲਚੀ ਹਾਂ ਭਈ ਜਾਣੋ ਪਰਮੇਸ਼ੁਰ ਸਾਡੇ ਰਾਹੀਂ ਮਿੰਨਤ ਕਰਦਾ ਹੈ, ਸੋ ਅਸੀਂ ਮਸੀਹ ਵੱਲੋਂ ਬੇਨਤੀ ਕਰਦੇ ਹਾਂ ਜੋ ਤੁਸੀਂ ਪਰਮੇਸ਼ੁਰ ਨਾਲ ਮੇਲ ਮਿਲਾਪ ਕਰ ਲਓ। ਉਹਨੇ ਉਸਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ।**

## ਯਿਸੂ ਮਸੀਹ ਵਰਗਾ ਢੰਗ

ਸਾਨੂੰ ਯਿਸੂ ਮਸੀਹ ਵਰਗਾ ਢੰਗ ਅਤੇ ਆਕਾਰ ਬਣਾਉਣਾ ਹੈ।

**2 ਕੁਰਿੰਥੀਆਂ 3:18 ਪਰ ਅਸੀਂ ਸਭ ਅਣੱਕਜੇ ਮੁਖ ਨਾਲ ਪ੍ਰਭੂ ਦੇ ਤੇਜ ਦਾ ਸਾਨੋ ਸ਼ੀਸ਼ੇ ਵਿੱਚੋਂ ਪ੍ਰਤਿਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ।**

## ਸਿੱਖਿਆ

ਪਰਮੇਸ਼ੁਰ ਦਾ ਮਸਹ ਸਭ ਚੀਜ਼ਾਂ ਨੂੰ ਸਿਖਾਉਂਦਾ ਅਤੇ ਦ੍ਰਿੜ ਕਰਦਾ ਹੈ।

**1 ਯੂਹੰਨਾ 2:20,27 ਤੁਸੀਂ ਉਹਦੀਂ ਵੱਲੋਂ ਜਿਹੜਾ ਪਵਿੱਤਰ ਹੈ ਮਸਹ ਕੀਤੇ ਹੋਏ ਹੋ ਅਤੇ ਸੱਭੋ ਕੁਝ ਜਾਣਦੇ ਹੋ।**

**ਉਹ ਮਸਹ ਜੋ ਤੁਸਾਂ ਉਹਦੀ ਵੱਲੋਂ ਪਾਇਆ ਸੋ ਤੁਹਾਡੇ ਵਿੱਚ ਕਾਇਮ ਰਹਿੰਦਾ ਹੈ ਅਤੇ ਤੁਹਾਨੂੰ ਕੁਝ ਲੋੜ ਨਹੀਂ ਭਈ ਕੋਈ ਤੁਹਾਨੂੰ ਸਿੱਖਿਆ ਦੇਵੇ ਸਗੋਂ ਜਿਵੇਂ ਉਹਦਾ ਮਸਹ ਤੁਹਾਨੂੰ ਸਭਨਾਂ ਗੱਲਾਂ ਦੇ ਵਿਖੇ ਸਿੱਖਿਆ ਦਿੰਦਾ ਹੈ ਅਤੇ ਸਤ ਹੈ, ਝੂਠ ਨਹੀਂ, ਅਤੇ ਜਿਵੇਂ0 ਉਹਨੇ ਤੁਹਾਨੂੰ ਸਿੱਖਿਆ ਦਿੱਤੀ ਤਿਵੇਂ ਤੁਸੀਂ ਉਹਦੇ ਵਿੱਚ ਕਾਇਮ ਰਹੋ।**

## ਬੁਲਾਹਟ ਦੀ ਪਹਿਚਾਣ

ਸਾਨੂੰ ਚੱਲਣ ਅਤੇ ਉਸ ਕੰਮ ਨੂੰ ਪਹਿਚਾਨਣ ਲਈ ਜਿਸ ਲਈ ਪਰਮੇਸ਼ੁਰ ਨੇ ਸਾਨੂੰ ਬੁਲਾਇਆ ਹੈ। ਪਵਿੱਤਰ ਆਤਮਾ ਦਾ ਇੰਤਜ਼ਾਰ ਕਰਨਾ ਸਿੱਖਣਾ ਬਹੁਤ ਹੀ ਜ਼ਰੂਰੀ ਹੈ।

**ਰਸੂਲਾਂ 10:38 ਅਰਥਾਤ ਯਿਸੂ ਨਾਸਰੀ ਭਈ ਪਰਮੇਸ਼ੁਰ ਨੇ ਕਿਸ ਬਿਧ ਨਾਲ ਉਹਨੂੰ ਪਵਿੱਤਰ ਆਤਮਾ ਅਤੇ ਸਮਰੱਥਾ ਨਾਲ ਮਸਹ ਕੀਤਾ ਜੋ ਉਹ ਭਲਾ ਕਰਦਾ ਅਤੇ ਸਭਨਾਂ ਜੋ ਸ਼ੈਤਾਨ ਦੇ ਕਾਬੂ ਕੀਤੇ ਹੋਏ ਸਨ ਚੰਗਾ ਕਰਦਾ ਫਿਰਿਆ ਕਿਉਂ ਜੋ ਪਰਮੇਸ਼ੁਰ ਉਹਦੇ ਨਾਲ ਸੀ।**

ਸਾਨੂੰ ਇਹ ਵਿਸ਼ਵਾਸ ਕਰਨਾ ਬਹੁਤ ਹੀ ਜ਼ਰੂਰੀ ਹੈ ਕਿ ਪਰਮੇਸ਼ੁਰ ਦਾ ਆਤਮਾ ਸਾਡੇ ਉੱਤੇ ਹੈ।

ਲੋਕਾਂ ਨੂੰ ਵੇਖਣ, ਵਿਸ਼ਵਾਸ ਕਰਨ ਅਤੇ ਮਸਹ ਦਾ ਆਦਰ ਕਰਨ ਦੀ ਲੋੜ ਹੈ।

**ਮੱਤੀ 20:30-34 ਅਤੇ ਵੇਖੋ ਕਿ ਦੋ ਅੰਨ੍ਹੇ ਜਿਹੜੇ ਸੜਕ ਦੇ ਕੰਢੇ ਬੈਠੇ ਸਨ ਜਾਂ ਇਹ ਸੁਣਿਆ ਜੋ ਯਿਸੂ ਲਘਿਆ ਜਾਂਦਾ ਹੈ ਉੱਚੀ ਦੇ ਕੇ ਬੋਲੇ, ਹੇ ਪ੍ਰਭੂ, ਦਾਊਦ ਦੇ ਪੁੱਤਰ, ਸਾਡੇ ਉੱਤੇ ਦਯਾ ਕਰ।"**

**ਅਤੇ ਭੀੜ ਨੇ ਉਨ੍ਹਾਂ ਨੂੰ ਝਿੜਕਿਆ ਭਈ ਚੁੱਪ ਕਰ ਜਾਣ ਪਰ ਓਹ ਹੋਰ ਵੀ ਉੱਚੀ ਦੇ ਕੇ ਬੋਲੇ, ਹੇ ਪ੍ਰਭੂ, ਦਾਊਦ ਦੇ ਪੁੱਤਰ, ਸਾਡੇ ਉੱਤੇ ਦਯਾ ਕਰ।" ਤਦ ਯਿਸੂ ਨੇ ਖੜਾ ਹੋ ਕੇ ਉਨ੍ਹਾਂ ਨੂੰ ਸੱਦਿਆ ਅਤੇ ਕਿਹਾ, ਤੁਸੀਂ ਕੀ ਚਾਹੁਦੇ ਹੋ ਜੋ ਮੈਂ ਤੁਹਾਡੇ ਲਈ ਕਰਾਂ?"**

**ਉਨ੍ਹਾਂ ਉਸਨੂੰ ਆਖਿਆ, "ਪ੍ਰਭੂ ਜੀ, ਸਾਡੀਆਂ ਅੱਖਾਂ ਖੁੱਲ੍ਹ ਜਾਣ!" ਅਤੇ ਯਿਸੂ ਨੇ ਤਰਸ ਖਾ ਕੇ ਉਨ੍ਹਾਂ ਦੀਆਂ ਅੱਖਾਂ ਨੂੰ ਛੋਹਿਆ ਅਰ ਓਹ ਝੱਟ ਸੁਜਾਖੇ ਹੋ ਗਏ ਅਤੇ ਉਹਦੇ ਮਗਰ ਤੁਰ ਪਏ।**

ਭੀੜ ਨੇ ਉਸ ਮਸਹ ਨੂੰ ਵੇਖਿਆ ਜੋ ਯਿਸੂ ਮਸੀਹ ਉੱਤੇ ਸੀ। ਉਨ੍ਹਾਂ ਨੇ ਅੰਨ੍ਹੇ ਆਦਮੀਆਂ ਨੂੰ ਵੇਖਿਆ, ਅਤੇ ਉਨ੍ਹਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ। ਫਿਰ ਉਨ੍ਹਾਂ ਨੇ ਮਸਹ ਨੂੰ ਕੰਮ ਕਰਦੇ ਵੇਖਿਆ ਜਦੋਂ ਅੰਨ੍ਹਿਆਂ ਆਦਮੀਆਂ ਨੇ ਆਪਣੀ ਨਜ਼ਰ ਵਾਪਸ ਪ੍ਰਾਪਤ ਕੀਤੀ।

## ਸੇਵਾ ਕਰਨਾ ਸਿੱਖਣਾ

ਜਦੋਂ ਅਸੀਂ ਪਵਿੱਤਰ ਆਤਮਾ ਦੇ ਨਾਲ ਚੱਲਣਾ ਸਿੱਖ ਜਾਂਦੇ ਹਾਂ ਤਾਂ ਉੱਥੇ

- ਜਾਣਕਾਰੀ
- ਸਮਝਦਾਰੀ
- ਪ੍ਰਾਪਤੀ
- ਹਾਂ-ਵਾਚਕ ਵਿਚਾਰ
- ਆਗਿਆਕਾਰੀ ਹੁੰਦੇ ਹਨ।

ਸਾਨੂੰ ਚਾਹੀਦਾ ਹੈ :

- ਸਮਝਣਾ
- ਸਹਿਯੋਗ ਦੇਣਾ
- ਪਵਿੱਤਰ ਆਤਮਾ ਦੀ ਅਧੀਨਗੀ ਵਿੱਚ ਕੰਮ ਕਰਨਾ।

ਸਾਨੂੰ ਪਵਿੱਤਰ ਆਤਮਾ ਦੀ ਅਗਵਾਈ ਵਿੱਚ ਚੱਲਣਾ ਸਿੱਖਣਾ ਬਹੁਤ ਹੀ ਜ਼ਰੂਰੀ ਹੈ। ਪਰਮੇਸ਼ੁਰ ਦੇ ਕੰਮਾਂ ਦੇ ਵਹਾਉ ਦੇ ਅਨੁਸਾਰ ਚੱਲਣਾ, ਪ੍ਰਭਾਵਸ਼ਾਲੀ ਸੇਵਕਾਈ ਦੀ ਕੁੰਜੀ ਹੈ।

**ਰੋਮੀਆਂ 8:14 ਜਿੰਨੇ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤਰ ਹਨ।**

**ਕਹਾਉਤਾਂ 20:27 ਮਨੁੱਖ ਦਾ ਆਤਮਾ ਯਹੋਵਾਹ ਦਾ ਦੀਵਾ ਹੈ, ਜਿਹੜਾ ਸਾਰੇ ਅੰਦਰਲੇ ਹਿੱਸਿਆਂ ਨੂੰ ਖੋਜਦਾ ਹੈ।**

## ਅੰਦਰੂਨੀ ਗਵਾਹੀ

ਜਦੋਂ ਅਸੀਂ ਪਵਿੱਤਰ ਆਤਮਾ ਦੇ ਮਸਹ ਦੇ ਵਿੱਚ ਕੰਮ ਕਰਦੇ ਹਾਂ ਤਾਂ ਸਾਡੀਆਂ ਆਤਮਾਵਾਂ ਵਿੱਚ ਇੱਕ ਅੰਦਰੂਨੀ ਗਵਾਹੀ ਹੁੰਦੀ ਹੈ।

**ਰੋਮੀਆਂ 8:16 ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ...**

**ਯੂਹੰਨਾ 14:20 "ਉਸ ਦਿਨ ਤੁਸੀਂ ਜਾਣੋਗੇ ਭਈ ਮੈਂ ਆਪਣੇ ਪਿਤਾ ਵਿੱਚ ਅਰ ਤੁਸੀਂ ਮੇਰੇ ਵਿੱਚ ਅਤੇ ਮੈਂ ਤੁਹਾਡੇ ਵਿੱਚ ਹਾਂ।"**

## ਅੰਦਰੂਨੀ ਅਵਾਜ਼

ਸਾਡਾ ਜ਼ਮੀਰ ਉਸ ਪਵਿੱਤਰ ਆਤਮਾ ਦੀ ਅਵਾਜ਼ ਜਾਂ ਗਵਾਹੀ ਹੈ ਜੋ ਸਾਡੇ ਅੰਦਰ ਹੈ।

**ਰੋਮੀਆਂ 9:1 ਮੈਂ ਮਸੀਹ ਵਿੱਚ ਸਤ ਆਖਦਾ ਹਾਂ, ਝੂਠ ਨਹੀਂ ਕਹਿੰਦਾ ਅਤੇ ਮੇਰਾ ਅੰਤਹਕਰਨ ਪਵਿੱਤਰ ਆਤਮਾ ਵਿੱਚ ਮੇਰਾ ਗਵਾਹ ਹੈ।**

**1 ਯੂਹੰਨਾ 3:20,21 ਇਸ ਲਈ ਜੋ ਪਰਮੇਸ਼ੁਰ ਸਾਡੇ ਮਨ ਨਾਲੋਂ ਵੱਡਾ ਹੈ ਅਤੇ ਜਾਣੀਜਾਣ ਹੈ ਹੇ ਪਿਆਰਿਓ, ਜੇ ਸਾਡਾ ਮਨ ਸਾਨੂੰ ਦੋਸ਼ ਨਾ ਲਾਵੇ ਤਾਂ ਪਰਮੇਸ਼ੁਰ ਦੇ ਅੱਗੇ ਸਾਨੂੰ ਦਿਲੇਰੀ ਹੈ।**

## ਆਗਿਆਕਾਰੀ

ਜਦੋਂ ਅਸੀਂ ਪ੍ਰਕਾਸ਼ ਦੇ ਵਰਦਾਨਾਂ ਦੇ ਰਾਹੀਂ ਪਰਮੇਸ਼ੁਰ ਦੀ ਅਵਾਜ਼ ਨੂੰ ਸੁਣ ਕੇ ਉਸ ਦੇ ਆਗਿਆਕਾਰੀ ਹੁੰਦੇ ਹਾਂ, ਤਾਂ ਅਸੀਂ ਫ਼ਿਲਿੱਪੁਸ ਵਾਂਗ ਹੀ ਪ੍ਰਭਾਵਸ਼ਾਲੀ ਹੁੰਦੇ ਹਾਂ।

**ਰਸੂਲਾਂ ਦੇ ਕਰਤੱਬ 8:26–31 ਪਰ ਪ੍ਰਭੂ ਦੇ ਇੱਕ ਦੂਤ ਨੇ ਫ਼ਿਲਿੱਪੁਸ ਨਾਲ ਬਚਨ ਕਰਕੇ ਆਖਿਆ "ਕਿ ਉੱਠ ਅਤੇ ਦੱਖਣ ਵੱਲ ਉਸ ਰਸਤੇ ਉੱਤੇ ਜਾਹ ਜੋ ਯਰੁਸ਼ਲਮ ਤੋਂ ਗਾਜ਼ਾ ਨੂੰ ਜਾਂਦਾ ਹੈ", ਉਹ ਉਜਾੜ ਹੈ ਤਾਂ ਉਹ ਉੱਠ ਕੇ ਤੁਰ ਪਿਆ ਅਰ ਵੇਖੋ ਕਿ ਹਬਸ਼ ਦੇਸ਼ ਦਾ ਇੱਕ ਮਨੁੱਖ ਸੀ ਜਿਹੜਾ ਖੋਜਾ ਅਰ ਹਬਸ਼ ਦੀ ਰਾਣੀ ਕੰਦਾਕੇ ਦਾ ਵੱਡਾ ਇਖ਼ਤਿਆਰ ਵਾਲਾ ਅਤੇ ਉਹਦੇ ਸਾਰੇ ਖ਼ਜ਼ਾਨੇ ਉੱਤੇ ਸੀ ਅਰ ਯਰੂਸ਼ਲਮ ਵਿੱਚ ਬੰਦਗੀ ਕਰਨ ਨੂੰ ਆਇਆ ਸੀ ਉਹ ਮੁੜਿਆ ਜਾਂਦਾ ਅਤੇ ਆਪਣੇ ਰਥ ਵਿੱਚ ਬੈਠਾ ਹੋਇਆ ਯਸਾਯਾਹ ਨਬੀ ਦੀ ਪੋਥੀ ਵਾਚ ਰਿਹਾ ਸੀ।**

**ਤਾਂ ਆਤਮਾ ਨੇ ਫ਼ਿਲਿੱਪੁਸ ਨੂੰ ਕਿਹਾ "ਕਿ ਅਗਾਹਾਂ ਚੱਲ ਅਤੇ ਐਸ ਰਥ ਨਾਲ ਮਿਲ ਜਾਹ।"**

**ਸੋ ਫ਼ਿਲਿੱਪੁਸ ਨੇ ਉਸ ਵੱਲ ਦੌੜ ਕੇ ਉਸਨੂੰ ਯਸਾਯਾਹ ਨਬੀ ਦੀ ਪੋਥੀ ਨੂੰ ਵਾਚਦੇ ਸੁਣਿਆ ਅਤੇ ਕਿਹਾ, "ਜੋ ਕੁਝ ਤੁਸੀਂ ਵਾਚਦੇ ਹੋ ਸਮਝਦੇ ਭੀ ਹੋ?"**

**ਉਸਨੇ ਆਖਿਆ, "ਜਦ ਤਾਈਂ ਕੋਈ ਮੈਨੂੰ ਰਾਹ ਨਾ ਦੱਸੇ ਇਹ ਮੈਥੋਂ ਕਿੰਕੂ ਹੋ ਸਕੇ?" ਫੇਰ ਉਸਨੇ ਫ਼ਿਲਿੱਪੁਸ ਅੱਗੇ ਬੇਨਤੀ ਕੀਤੀ ਕਿ ਮੇਰੇ ਨਾਲ ਤੂੰ ਚੜ੍ਹ ਬੈਠ।**

## ਮਸਹ ਦੇ ਦੁਆਰਾ ਸੇਵਕਾਈ

ਹਰ ਵਿਸ਼ਵਾਸੀ ਲਈ ਇਹ ਬੜਾ ਜ਼ਰੂਰੀ ਹੈ ਕਿ ਉਹ ਆਤਮਾ ਵਿੱਚ ਚੱਲੇ ਅਤੇ ਉਸਦੇ ਅਨੁਸਾਰ ਕੰਮ ਕਰੇ। ਵਿਸ਼ਵਾਸੀ ਦਲੇਰੀ ਨਾਲ ਯਿਸੂ ਮਸੀਹ ਵਰਗੇ ਕੰਮ ਕਰਨ ਲਈ ਉਸ ਮਸਹ ਨੂੰ ਵਰਤ ਸਕਦੇ ਹਨ ਜੋ ਪਰਮੇਸ਼ੁਰ ਨੇ ਉਨ੍ਹਾਂ ਉੱਤੇ ਬਖ਼ਸ਼ਿਆ ਹੈ।

## ਯਿਸੂ – ਸਾਮਰੀ ਔਰਤ

ਸਾਡੇ ਕੋਲ ਯਿਸੂ ਮਸੀਹ ਦੇ ਰਾਹੀਂ ਪਵਿੱਤਰ ਆਤਮਾ ਦੇ ਦਿੱਤੇ ਹੋਏ ਪ੍ਰਕਾਸ਼ਨ ਦੇ ਵਰਦਾਨਾਂ ਨੂੰ ਵਰਤਣ ਦੀ ਇੱਕ ਬਹੁਤ ਸੁੰਦਰ ਉਦਾਹਰਨ ਹੈ। ਜਦੋਂ ਉਹ ਖੂਹ ਉੱਤੇ ਉਸ ਔਰਤ ਦੀ ਸੇਵਕਾਈ ਕਰ ਰਹੇ ਸਨ। ਯਿਸੂ ਮਸੀਹ ਉਸ ਦੈਵੀ ਪ੍ਰਕਾਸ਼ਨ ਨੂੰ ਵਰਤ ਰਹੇ ਸਨ ਜੋ ਉਨ੍ਹਾਂ ਨੂੰ ਪਵਿੱਤਰ ਆਤਮਾ ਕੋਲੋਂ ਪ੍ਰਾਪਤ ਹੋਇਆ ਸੀ।

**ਯੂਹੰਨਾ 4:16–18, 29, 30, 39 ਯਿਸੂ ਨੇ ਉਹਨੂੰ ਆਖਿਆ, ਜਾਹ ਆਪਣੇ ਪਤੀ ਨੂੰ ਐੱਥੇ ਸੱਦ ਲਿਆ।"**

**ਤੀਵੀਂ ਨੇ ਉਸ ਨੂੰ ਉੱਤਰ ਦਿੱਤਾ "ਕਿ ਮੇਰਾ ਪਤੀ ਹੈ ਨਹੀਂ।"**

**ਯਿਸੂ ਨੇ ਉਸਨੂੰ ਆਖਿਆ, ਤੈਂ ਠੀਕ ਆਖਿਆ ਜੋ ਮੇਰਾ ਪਤੀ ਹੈ ਨਹੀਂ।" ਕਿਉਂਕਿ ਤੂੰ ਪੰਜ ਪਤੀ ਕਰ ਚੁੱਕੀ ਹੈਂ ਅਤੇ ਜਿਹੜਾ ਹੁਣ ਤੇਰੇ ਕੋਲ ਹੈ ਸੋ ਤੇਰਾ ਪਤੀ ਨਹੀ, ਤੈਂ ਇਹ ਸੱਤ ਆਖਿਆ ਹੈ।"**

**ਚਲੋ, ਇਕ ਮਨੁੱਖ ਨੂੰ ਵੇਖੋ ਜਿਹਨੇ ਜੋ ਕੁਝ ਮੈਂ ਕੀਤਾ ਹੈ ਸੱਭੋ ਮੈਨੂੰ ਦੱਸ ਦਿਤਾ! ਇਹ ਕਿਤੇ ਮਸੀਹ ਤਾਂ ਨਹੀਂ?**

**ਤਾਂ ਓਹ ਨਗਰੋਂ ਨਿੱਕਲ ਕੇ ਉਸਦੇ ਕੋਲ ਆਉਣ ਲੱਗੇ।**

**ਉਸ ਨਗਰ ਦੇ ਸਾਮਰੀਆਂ ਵਿੱਚੋਂ ਬਹੁਤਿਆਂ ਨੇ ਉਸ ਤੀਵੀਂ ਦੇ ਕਹਿਣ ਕਰਕੇ ਉਸ ਉੱਤੇ ਨਿਹਚਾ ਕੀਤੀ ਕਿ ਉਹਨੇ ਸਾਖੀ ਦਿੱਤੀ ਸੀ ਭਈ ਜੋ ਕੁਝ ਮੈਂ ਕੀਤਾ ਹੈ ਉਸਨੇ ਸੱਭੋ ਮੈਨੂੰ ਦੱਸ ਦਿੱਤਾ।**

## ਪੌਲੁਸ–ਪਰਮੇਸ਼ੁਰਤਵ ਦਾ ਆਤਮਾ

ਪੌਲੁਸ ਨੂੰ ਉਸ ਅਭਿਸ਼ੇਕ ਦੇ ਰਾਹੀਂ ਜੋ ਉਸ ਉੱਤੇ ਸੀ ਵਿੱਚ ਹੈ ਆਤਮਾਵਾਂ ਦੀ ਸਮਝ ਵਾਲੇ ਆਤਮਿਕ ਵਰਦਾਨ ਵਿੱਚ ਚਲਾਇਆ ਗਿਆ ਸੀ

**ਰਸੂਲਾਂ ਦੇ ਕਰਤੱਬ 16:16–18 ਇਉਂ ਹੋਇਆ ਕਿ ਜਦ ਅਸੀਂ ਬੰਦਗੀ ਕਰਨ ਦੇ ਅਸਥਾਨ ਨੂੰ ਜਾਂਦੇ ਸਾਂ ਤਾਂ ਇੱਕ ਗੋੱਲੀ ਸਾਨੂੰ ਮਿਲੀ ਜਿਹਦੇ ਵਿੱਚ ਭੇਤ ਬੁੱਝਣ ਦੀ ਰੂਹ ਸੀ ਅਤੇ ਟੇਵੇ ਲਾ ਕੇ ਉਹ ਆਪਣੇ ਮਾਲਕਾਂ ਲਈ ਬਹੁਤ ਕੁਝ ਕਮਾ ਲਿਆਉਂਦੀ ਸੀ ਸੋ ਪੌਲੁਸ ਦੇ ਅਤੇ ਸਾਡੇ ਮਗਰ ਆਣ ਕੇ ਹਾਕਾਂ ਮਾਰਦੀ ਅਤੇ ਕਹਿੰਦੀ ਸੀ ਜੋ ਏਹ ਲੋਕ ਅੱਤ ਮਹਾਂ ਪਰਮੇਸ਼ੁਰ ਦੇ ਦਾਸ ਹਨ ਜਿਹੜੇ ਤੁਹਾਨੂੰ ਮੁਕਤੀ ਦਾ ਰਾਹ ਦੱਸਦੇ ਹਨ।**

**ਉਹ ਬਹੁਤ ਦਿਨਾਂ ਤੀਕੁਰ ਇਹ ਕਰਦੀ ਰਹੀ ਪਰ ਪੌਲੁਸ ਅੱਕ ਗਿਆ ਅਤੇ ਮੁੜ ਕੇ ਉਸ ਰੂਹ ਨੂੰ ਕਿਹਾ, "ਮੈਂ ਤੈਨੂੰ ਯਿਸੂ ਮਸੀਹ ਦੇ ਨਾਮ ਨਾਲ ਹੁਕਮ ਕਰਦਾ ਹਾਂ ਜੋ ਇਹਦੇ ਵਿੱਚੋਂ ਨਿੱਕਲ ਜਾਹ! ਅਤੇ ਉਹ ਉਸੇ ਘੜੀ ਨਿੱਕਲ ਗਈ।"**

## ਪਤਰਸ / ਯੂਹੰਨਾ–ਲੰਙੇ ਮਨੁੱਖ ਨੂੰ ਚੰਗਾ ਕਰਨਾ

ਪਤਰਸ ਅਤੇ ਯੂਹੰਨਾ ਪਰਮੇਸ਼ੁਰ ਦੇ ਅਭਿਸ਼ੇਕ ਦੁਆਰਾ ਉਸ ਸਮੇਂ ਸੇਵਕਾਈ ਕਰ ਰਹੇ ਸਨ ਜਦੋਂ ਉਨ੍ਹਾਂ ਨੇ ਲੰਙੇ ਮਨੁੱਖ ਨੂੰ ਮੰਦਰ ਦੇ ਦਰਵਾਜ਼ੇ ਦੇ ਸਾਹਮਣੇ ਚੰਗਾ ਕੀਤਾ।

**ਰਸੂਲਾਂ ਦੇ ਕਰਤੱਬ 3:1–9 ਪਤਰਸ ਅਤੇ ਯੂਹੰਨਾ ਪ੍ਰਾਰਥਨਾ ਕਰਨ ਦੇ ਵੇਲੇ ਤੀਏ ਪਹਿਰ ਹੈਕਲ ਨੂੰ ਚਲੇ ਜਾਂਦੇ ਸਨ ਅਤੇ ਲੋਕ ਇੱਕ ਜਮਾਂਦਰੂ ਲੰਙੇ ਨੂੰ ਚੁੱਕੀ ਲਈ ਜਾਂਦੇ ਸਨ ਜਿਹਨੂੰ ਰੋਜ਼ ਹੈਕਲ ਦੇ ਫਾਟਕ ਕੋਲ ਜਿਹੜਾ ਸੋਹਣਾ ਸੱਦੀਦਾ ਹੈ ਬਹਾਲ ਦਿੰਦੇ ਸਨ ਭਈ ਉਹ ਹੈਕਲ ਵਿੱਚ ਜਾਣ ਵਾਲਿਆਂ ਤੋਂ ਭਿੱਛਿਆ ਮੰਗੇ ਜਾਂ ਉਹਨੇ ਪਤਰਸ ਅਤੇ ਯੂਹੰਨਾ ਨੂੰ ਹੈਕਲ ਵਿੱਚ ਜਾਂਦਿਆਂ ਵੇਖਿਆ ਤਾਂ ਉਨ੍ਹਾ ਤੋਂ ਭਿੱਛਿਆ ਮੰਗੀ।**

**ਤਦੋਂ ਪਤਰਸ ਨੇ ਯੂਹੰਨਾ ਦੇ ਨਾਲ ਉਹਨੂੰ ਧਿਆਨ ਨਾਲ ਵੇਖ ਕੇ ਆਖਿਆ ਕਿ ਸਾਡੀ ਵੱਲ ਵੇਖ! "ਤਾਂ ਉਹਨੇ ਉਨ੍ਹਾਂ ਕੋਲੋਂ ਕੁਝ ਲੱਭਣ ਦੀ ਆਸਾ ਕਰਕੇ ਉਨ੍ਹਾਂ ਵੱਲ ਧਿਆਨ ਕੀਤਾ।"**

**ਪਰ ਪਤਰਸ ਨੇ ਆਖਿਆ, "ਸੋਨਾ ਚਾਂਦੀ ਤਾਂ ਮੇਰੇ ਕੋਲ ਨਹੀਂ ਪਰ ਜੋ ਮੇਰੇ ਕੋਲ ਹੈ ਸੋ ਤੈਨੂੰ ਦਿੰਦਾ ਹਾਂ। ਯਿਸੂ ਮਸੀਹ ਨਾਸਰੀ ਦੇ ਨਾਮ ਨਾਲ ਤੁਰ ਫਿਰ!" ਤਾਂ ਉਸਨੇ ਉਹਦਾ ਸੱਜਾ ਹੱਥ ਫੜ ਕੇ ਉਹਨੂੰ ਉਠਾਲਿਆ। ਓਸੇ ਵੇਲੇ ਉਹਦੇ ਪੈਰ ਅਰ ਗਿੱਟੇ ਤਕੜੇ ਹੋ ਗਏ ਅਤੇ ਉਹ ਕੁੱਦ ਕੇ ਉੱਠ ਖੜਾ ਹੋਇਆ ਅਰ ਤੁਰਨ ਲੱਗਾ ਅਰ ਤੁਰਦਾ ਅਤੇ ਛਾਲਾਂ ਮਾਰਦਾ ਅਤੇ ਪਰਮੇਸ਼ੁਰ ਦੀ ਉਸਤਤ ਕਰਦਾ ਹੋਇਆ ਉਨ੍ਹਾਂ ਨਾਲ ਹੈਕਲ ਵਿੱਚ ਗਿਆ। ਸਭਨਾਂ ਲੋਕਾ ਨੇ ਉਹਨੂੰ ਤੁਰਦਾ ਅਤੇ ਪਰਮੇਸ਼ੁਰ ਦੀ ਉਸਤਤ ਕਰਦਾ ਵੇਖਿਆ।**

ਚਮਤਕਾਰੀ ਪ੍ਰਚਾਰ ਵਿੱਚ ਸਾਨੂੰ ਪਵਿੱਤਰ ਆਤਮਾ ਦੀ ਅਗਵਾਈ ਬਾਰੇ ਸਾਵਧਾਨ ਹੋਣਾ ਚਾਹੀਦਾ ਹੈ। ਸਾਨੂੰ ਲੋੜ ਹੁੰਦੀ ਹੈ ਕਿ ਅਸੀਂ ਪਰਮੇਸ਼ੁਰ ਨੂੰ ਪ੍ਰਕਾਸ਼ਨ ਦੇ ਦੁਆਰਾ ਅਸਲੀ ਸਮੱਸਿਆ ਨੂੰ ਦਰਸਾਉਣ ਦੇਈਏ-ਜਾਣਕਾਰੀ ਦੇ ਦੁਆਰਾ। ਸਾਨੂੰ ਲੋੜ ਹੁੰਦੀ ਹੈ ਦਲੇਰੀ ਨਾਲ ਬੋਲਣ ਅਤੇ ਪਰਮੇਸ਼ੁਰ ਦੀ ਸ਼ਕਤੀ ਨੂੰ ਅਤੇ ਅਭਿਸ਼ੇਕ ਨੂੰ ਛੱਡਣ ਦੀ, ਜੋ ਸਾਡੇ ਉੱਪਰ ਹੁੰਦਾ ਹੈ।

ਖਾਸ ਦਯਾ ਅਤੇ ਖਾਸ ਅਭਿਸ਼ੇਕ ਉਨ੍ਹਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ ਜੋ ਪੰਜ ਤਰ੍ਹਾਂ ਦੀ ਸੇਵਕਾਈ ਕਰਦੇ ਹਨ ਪਰਮੇਸ਼ੁਰ ਦੀ ਈਸ਼ਵਰੀ ਤਾਕਤ ਦਾ ਪ੍ਰਦਰਸ਼ਨ ਕਰਨ ਲਈ। ਇਸੇ ਤਰ੍ਹਾਂ ਉਨ੍ਹਾਂ ਸਾਰੇ ਵਿਸ਼ਵਾਸੀਆਂ ਲਈ ਅਭਿਸ਼ੇਕ ਅਤੇ ਸ਼ਕਤੀ ਹੈ ਜੋ ਪ੍ਰਭੂ ਯਿਸੂ ਦਾ ਕੰਮ ਕਰਦੇ ਹਨ।

ਸਾਰੇ ਵਿਸ਼ਵਾਸੀਆਂ ਨੂੰ ਚਮਤਕਾਰੀ ਪ੍ਰਚਾਰ ਲਈ ਮਸਹ ਕੀਤਾ ਗਿਆ ਹੈ। ਉਨ੍ਹਾਂ ਵਿੱਚ ਮਸਹ ਮੌਜੂਦ ਹੈ ਜੇਕਰ ਉਹ ਵਫ਼ਾਦਾਰ ਹੋਣ।

## ਫ਼ਿਲਿੱਪੁਸ ਸਾਮਰਿਯਾ ਵਿੱਚ

ਫ਼ਿਲਿੱਪੁਸ ਇੱਕ ਅਜਿਹੇ ਵਿਸ਼ਵਾਸੀ ਲਈ ਜੋ-ਪਵਿੱਤਰ ਆਤਮਾ ਮਸਹ ਦੇ ਅਧੀਨ ਚਲਾਇਆ ਜਾਂਦਾ ਹੈ ਇੱਕ ਵਧੀਆ ਉਦਾਹਰਨ ਹੈ। ਬਾਅਦ ਵਿੱਚ ਰਸੂਲਾਂ ਦੇ ਕਰਤੱਬ ਵਿੱਚ, ਅਸੀਂ ਵੇਖਦੇ ਹਾਂ ਕਿ ਫ਼ਿਲਿੱਪੁਸ ਪਵਿੱਤਰ ਆਤਮਾ ਪੰਜ ਤਰ੍ਹਾਂ ਸੇਵਕਾਈ ਵਿੱਚ ਕੰਮ ਕਰ ਰਿਹਾ ਹੈ ਜਿਸ ਨੂੰ ਪ੍ਰਚਾਰਕ ਦਾ ਵਰਦਾਨ ਮਿਲਿਆ ਹੈ। ਇਸ ਤਰ੍ਹਾਂ, ਜਦੋਂ ਉਹ ਯਿਸੂ ਮਸੀਹ ਦੇ ਵਚਨ ਦਾ ਪਾਲਨ ਕਰਦੇ ਹੋਏ ਸਾਮਰਿਯਾ ਵਿੱਚ ਉਸਦਾ ਗਵਾਹ ਬਣਿਆ, ਉਹ ਇੱਕ ਆਮ ਵਿਸ਼ਵਾਸੀ ਦੀ ਤਰ੍ਹਾਂ ਕੰਮ ਕਰ ਰਿਹਾ ਸੀ,

**ਰਸੂਲਾਂ ਦੇ ਕਰਤੱਬ 8:4-8, 12,13 ਸੋ ਜਿਹੜੇ ਖਿੰਡ ਗਏ ਸਨ ਬਚਨ ਦੀ ਖੁਸ਼ਖ਼ਬਰੀ ਸੁਣਾਉਂਦੇ ਫਿਰੇ**

**ਅਤੇ ਫ਼ਿਲਿੱਪੁਸ ਨੇ ਸਾਮਰਿਯਾ ਦੇ ਨਗਰ ਵਿੱਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪ੍ਰਚਾਰ ਕੀਤਾ ਅਤੇ ਜਾਂ ਲੋਕਾਂ ਨੇ ਓਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ ਤਾਂ ਇੱਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ ਕਿਉਂਕਿ ਭ੍ਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਨ੍ਹਾਂ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ ਅਰ ਉਸ ਨਗਰ ਵਿੱਚ ਵੱਡੀ ਧੰਨ ਧੰਨ ਹੋਈ।**

**ਪਰ ਜਾਂ ਉਨ੍ਹਾਂ ਨੇ ਫ਼ਿਲਿੱਪੁਸ ਦੀ ਪਰਤੀਤ ਕੀਤੀ ਜੋ ਪਰਮੇਸ਼ੁਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ ਦੀ ਖੁਸ਼ਖ਼ਬਰੀ ਸੁਣਾਉਂਦਾ ਸੀ ਤਾਂ ਮਨੁੱਖ ਨਾਲੇ ਤੀਵੀਆਂ ਬਪਤਿਸਮਾ ਲੈਣ ਲੱਗੇ।**

**ਨਾਲੇ ਸ਼ਮਊਨ ਨੇ ਆਪ ਵੀ ਪਰਤੀਤੀ ਕੀਤੀ ਅਤੇ ਬਪਤਿਸਮਾ ਲੈ ਕੇ ਫ਼ਿਲਿੱਪੁਸ ਦੇ ਨਾਲ ਹੀ ਰਿਹਾ ਅਤੇ ਨਿਸ਼ਾਨੀਆਂ ਅਤੇ ਵੱਡੀਆਂ ਕਰਾਮਾਤਾਂ ਜੋ ਪ੍ਰਗਟ ਹੋਈਆਂ ਸਨ ਵੇਖ ਕੇ ਦੰਗ ਹੋਇਆ।**

ਸਾਰੇ ਵਿਸ਼ਵਾਸੀਆਂ ਵਿੱਚ ਗੁਆਚੇ ਹੋਏ ਲੋਕਾਂ ਨੂੰ ਜਿੱਤਣ ਲਈ ਮਸਹ ਹੁੰਦਾ ਹੈ। ਉਹ ਵਿਸ਼ਵਾਸੀ ਜਿਨ੍ਹਾਂ ਨੇ ਪਵਿੱਤਰ ਆਤਮਾ ਦਾ ਬਪਤਿਸਮਾ ਗ੍ਰਹਿਣ ਕੀਤਾ ਹੁੰਦਾ ਹੈ, ਅਤੇ ਜਿਹੜੇ ਯਿਸੂ ਮਸੀਹ ਦੇ ਆਗਿਆਕਾਰੀ ਹੁੰਦੇ ਹਨ ਦਲੇਰੀ ਨਾਲ ਗਵਾਹੀ ਦੇਣ ਲਈ, ਉਹ ਲੋਕ ਪਵਿੱਤਰ ਆਤਮਾ ਆਪਣੇ ਉੱਤੇ ਉਤਰਨ ਦੇ ਮਹਾਨ ਮਸਹ ਦਾ ਅਨੁਭਵ ਕਰਨਗੇ-ਇੱਕ ਸਮਰੱਥੀ ਚਮਤਕਾਰੀ ਪ੍ਰਚਾਰ ਦਾ ਮਸਹ। ਉਹ ਫ਼ਿਲਿੱਪੁਸ ਵਾਂਗ ਦਲੇਰੀ ਨਾਲ ਪਵਿੱਤਰ ਆਤਮਾ ਦੇ ਪੂਰੇ ਵਰਦਾਨਾਂ ਦੀ ਸੇਵਕਾਈ ਕਰਨਗੇ। ਉਹ ਫ਼ਿਲਿੱਪੁਸ ਵਾਂਗ, ਉਸੇ ਪ੍ਰਕਾਰ ਦੇ ਮਸਹ ਦਾ ਅਨੁਭਵ ਕਰਨਗੇ ਜੋ ਯਿਸੂ ਮਸੀਹ ਉੱਤੇ ਸੀ ਜਦੋਂ ਉਹ ਕਹਿੰਦਾ ਹੈ, "ਪਰਮੇਸ਼ੁਰ ਦਾ ਆਤਮਾ ਮੇਰੇ ਉੱਤੇ ਹੈ, ਕਿਉਂਕਿ ਉਸ ਨੇ ਮੈਨੂੰ ਮਸਹ ਕੀਤਾ ਹੈ ਤਾਂ ਕਿ ਪ੍ਰਚਾਰ ਕਰਾਂ..."

### ਆਪਣੇ ਸ਼ਹਿਰਾਂ ਵਿੱਚ ਪਹੁੰਚਦੇ ਹੋਏ

ਜੋ ਕਲੀਸਿਯਾ ਆਪਣੇ ਸ਼ਹਿਰ ਦੇ ਹਰ ਵਿਸ਼ਵਾਸ਼ੀ ਨੂੰ ਜੋ ਪਵਿੱਤਰ ਆਤਮਾ ਦੇ ਮਸਹ ਨਾਲ ਸੇਵਕਾਈ ਕਰ ਰਿਹਾ ਹੈ ਜ਼ਰੂਰੀ ਸਮੱਗਰੀ ਮੁਹੱਈਆ ਕਰਵਾਉਣ ਦੀ ਖੋਜ ਕਰਦੀ ਹੈ।

**ਯਸਾਯਾਹ 10:27 ਅਤੇ ਉਸ ਦਿਨ ਐਉਂ ਹੋਵੇਗਾ ਕਿ ਉਹ ਦਾ ਭਾਰ ਤੇਰੇ ਮੋਢਿਆਂ ਤੋਂ ਅਤੇ ਉਹਦਾ ਜੂਲਾ ਤੇਰੀ ਗਰਦਨ ਤੋਂ ਲਾਹ ਦਿੱਤਾ ਜਾਵੇਗਾ ਅਤੇ ਉਹ ਜੂਲਾ ਚਰਬੀ ਦੇ ਕਾਰਨ ਤੋੜਿਆ ਜਾਵੇਗਾ।**

ਜਿਸ ਤਰ੍ਹਾਂ ਵਿਸ਼ਵਾਸੀ ਸਿੱਖਦੇ ਹਨ ਕਿਵੇਂ ਗ੍ਰਹਿਣ ਕਰਨਾ ਹੈ ਉਸਦੇ ਨਾਲ ਵਹਿਣਾ ਅਤੇ ਪਰਮੇਸ਼ੁਰ ਦੇ ਮਸਹ ਵਿੱਚ ਸੇਵਕਾਈ ਕਰਨੀ ਹੈ, ਉਹ ਸਮਰੱਥੀ, ਚਮਤਕਾਰੀ ਯਿਸੂ ਮਸੀਹ ਲਈ ਆਤਮਾਵਾਂ ਨੂੰ ਜਿੱਤਣ ਵਾਲੇ ਬਣ ਜਾਂਦੇ ਹਨ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਮਸਹ ਕੀ ਹੈ?

2. ਮਸਹ ਕਿਸ ਦੇ ਲਈ ਹੈ?

3. ਕਿਹੜੀਆਂ ਵਿਸ਼ੇਸ਼ਤਾਵਾਂ ਮੌਜੂਦ ਹੁੰਦੀਆਂ ਹਨ ਜਦੋਂ ਅਸੀਂ ਆਪਣੇ ਮਸਹ ਵਿੱਚ ਪਵਿੱਤਰ ਆਤਮਾ ਦੇ ਵਹਾ ਨਾਲ ਚੱਲਦੇ ਹਨ?

# ਅਧਿਆਇ ਦੱਸ

## *ਆਤਮਾ ਦੇ ਵਰਦਾਨ*

### ਸੇਵਕਾਈ ਲਈ ਦਿੱਤੇ ਗਏ ਹਨ

ਹਰ ਵਿਸ਼ਵਾਸੀ ਜੋ ਚਮਤਕਾਰੀ ਪ੍ਰਚਾਰ ਦੁਆਰਾ ਪ੍ਰਭਾਵਿਤ ਹੁੰਦਾ ਹੈ ਉਸ ਲਈ ਪਵਿੱਤਰ ਆਤਮਾ ਦੇ ਵਰਦਾਨਾਂ ਨੂੰ ਵਰਤਣ ਦੀ ਸਿੱਖਿਆ ਲੈਣੀ ਬਹੁਤ ਹੀ ਜ਼ਰੂਰੀ ਹੈ।

ਜਦੋਂ ਅਸੀਂ ਬਾਹਰ ਗੁਆਚਿਆਂ ਹੋਇਆਂ ਕੋਲ ਸ਼ੱਭ-ਸਮਾਚਾਰ ਦੇ ਨਾਲ ਪਹੁੰਚਦੇ ਹਾਂ, ਸਾਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਯਿਸੂ ਮਸੀਹ ਕੋਲ ਹਰ ਇੱਕ ਲਈ ਇੱਕ ਖਾਸ ਵਰਦਾਨ ਹੈ। ਇਹ ਵਰਦਾਨ ਇੱਕ ਈਸ਼ਵਰੀ ਚਿੰਨ੍ਹ ਹੈ ਅਤੇ ਇਹ ਸਾਨੂੰ ਸ਼ੁੱਭ-ਸਮਾਚਾਰ ਲਈ ਇੱਕ ਖੁੱਲ੍ਹਾ ਦਰਵਾਜ਼ਾ ਪ੍ਰਦਾਨ ਕਰਦਾ ਹੈ।

ਆਪਣੇ ਜੀਵਨ ਵਿੱਚ ਹਰ ਮਨੁੱਖ ਦੀਆਂ ਖਾਸ ਜ਼ਰੂਰਤਾਂ ਹੁੰਦੀਆਂ ਹਨ। ਇਹ ਕਮਜ਼ੋਰੀ, ਅੰਦਰੂਨੀ ਦੁੱਖ, ਤਿਆਗਿਆ ਜਾਣਾ, ਜਾਂ ਦੁਸ਼ਟ ਆਤਮਾਵਾਂ ਦੁਆਰਾ ਸਤਾਇਆ ਜਾਣਾ ਹੋ ਸਕਦਾ ਹੈ। ਪਰਮੇਸ਼ੁਰ ਉਨ੍ਹਾਂ ਦੇ ਜੀਵਨ ਦੀ ਇਸ ਜ਼ਰੂਰਤ ਦੇ ਰਾਹੀਂ ਆਪਣੇ ਵਚਨ ਨੂੰ ਪ੍ਰਗਟ ਕਰਨਾ ਅਤੇ ਉਨ੍ਹਾਂ ਦੇ ਮਨਾਂ ਨੂੰ ਖੋਲਣਾ ਚਾਹੁੰਦਾ ਹੈ ਤਾਂ ਕਿ ਉਹ ਉਸਨੂੰ ਆਪਣਾ ਨਿੱਜੀ ਮੁਕਤੀਦਾਤਾ ਸਵੀਕਾਰ ਕਰ ਲੈਣ। ਪਰਮੇਸ਼ੁਰ "ਡਾਕੀਆ" ਦੀ ਭਾਲ ਕਰਦਾ ਹੈ ਜੋ ਉਸਦੇ ਇਨ੍ਹਾਂ ਵਰਦਾਨਾਂ ਨੂੰ ਪਹੁੰਚਾ ਸਕਣ।

ਇਹ ਨਹੀਂ ਹੈ ਕਿ ਵਿਸ਼ਵਾਸੀ ਕੋਲ ਇਹ ਵਰਦਾਨ ਹੈ ਜਾਂ ਉਹ, ਤਾਂ ਵੀ ਇੱਕ ਵਿਸ਼ਵਾਸੀ ਕਿਸੇ ਨਿਸ਼ਚਿਤ ਵਰਦਾਨ ਨੂੰ ਦੂਜਿਆਂ ਨਾਲੋਂ ਜ਼ਿਆਦਾ ਅਜ਼ਾਦੀ ਨਾਲ ਵਰਤ ਸਕਦਾ ਹੋਵੇਗਾ। ਇਸ ਤੋਂ ਇਲਾਵਾ, ਇਹ ਉਹ ਵਿਅਕਤੀ ਹੈ ਜਿਸਦੀ ਲੋੜ ਹੈ, ਜੋ ਪਵਿੱਤਰ ਆਤਮਾ ਦੇ ਇਨ੍ਹਾਂ ਨੌਂ ਵਰਦਾਨਾਂ ਵਿੱਚ ਇਹ ਜਾਂ ਉਹ ਵਰਦਾਨ ਹਾਸਿਲ ਕਰਦਾ ਹੈ।

- ਉਹ ਲੋਕ ਜੋ ਬੀਮਾਰ ਹਨ ਚੰਗਿਆਈ ਦਾ ਵਰਦਾਨ ਚਾਹੁੰਦੇ ਹਨ।
- ਉਹ ਲੋਕ ਜੋ ਅੰਦਰੂਨੀ ਤੌਰ ਤੇ ਬਹੁਤੇ ਦੁਖੀ ਹਨ ਉਹ ਸ਼ਾਇਦ ਗਿਆਨ ਦਾ ਵਚਨ ਚਾਹੁੰਦੇ ਹਨ।
- ਉਹ ਜੋ ਦੁਸ਼ਟ-ਆਤਮਾਵਾਂ ਦੇ ਜਕੜੇ ਹਨ, ਉਨ੍ਹਾਂ ਨੂੰ ਆਤਮਾਵਾਂ ਦੀ ਸਮਝ ਵਾਲਾ ਵਰਦਾਨ ਚਾਹੀਦਾ ਹੈ ਤਾਂ ਕਿ ਉਹ ਆਪਣੀਆਂ ਜ਼ਿੰਦਗੀਆਂ ਚੋਂ ਸ਼ੈਤਾਨ ਦੇ ਦ੍ਰਿੜ, ਕਿਲ੍ਹਿਆਂ ਨੂੰ ਤੋੜ ਸਕਣ।
- ਲੋਕ ਚਮਤਕਾਰੀ ਕੰਮਾਂ ਦੇ ਰਾਹੀਂ ਸ਼ੁੱਭ-ਸਮਾਚਾਰ ਦੀ ਤਾਕਤ ਨੂੰ ਆਪਣੀਆਂ ਜ਼ਿੰਦਗੀਆਂ ਬਦਲਣ ਲਈ ਦੇਖਣਾ ਚਾਹੁੰਦੇ ਹੋ ਸਕਦੇ ਹਨ।

ਪੌਲੁਸ ਨੇ ਕਿਹਾ ਹੈ ਇਹ ਵਰਦਾਨ ਹਰ ਇੱਕ ਨੂੰ ਦਿੱਤੇ ਗਏ ਹਨ।

**1 ਕੁਰਿੰਥੀਆਂ 12:7 ਪਰ ਆਤਮਾ ਦਾ ਪਰਕਾਸ਼ ਜੋ ਸਭਨਾਂ ਦੇ ਲਾਭ ਲਈ ਹੈ ਇੱਕ ਇੱਕ ਨੂੰ ਦਿੱਤਾ ਜਾਂਦਾ ਹੈ...**

Awqmw nwl BrpUr ivSvwSIAW ƒ piv`qr Awqmw dy nOvW vrdwnW ƒ vrqxw Awauxw zrUrI hY qW ik auh cmqkwrI pRcwr iv`c Asrdwr ho skx[ ieh vrdwn drvwzy Kolxgy qW ik lok prmySur dy sB qoN mhwn

vrdwn-mukqI ƒ ivSvws dy duAwrw, ausdy pu`qr iXsU mslh dy duAwrw pRwpq kr skx[

## ਤਿੰਨ ਕਦਮ

ਤਿੰਨ ਕਦਮ ਹਨ ਪਵਿੱਤਰ ਆਤਮਾ ਦੇ ਵਰਦਾਨਾਂ ਦੁਆਰਾ ਅਸਰਦਾਰ ਸੇਵਕਾਈ ਕਰਨ ਵਾਸਤੇ।

- ਜਾਨਣਾ – ਪਹਿਲਾ, ਸਾਨੂੰ ਪ੍ਰਕਾਸ਼ਨ ਦੇ ਵਰਦਾਨਾਂ ਦੀ ਲੋੜ ਹੈ ਤਾਂ ਕਿ ਅਸੀਂ ਜਾਣ ਸਕੀਏ ਕਿ ਪਰਮੇਸ਼ੁਰ ਸਾਡੇ ਤੋਂ ਕੀ ਕਰਵਾਉਣਾ ਚਾਹੁੰਦਾ ਹੈ।
- ਬੋਲਣਾ – ਦੂਸਰਾ, ਸਾਨੂੰ ਮੌਖਿਕ ਵਰਦਾਨਾਂ ਦੀ ਲੋੜ ਹੁੰਦੀ ਹੈ ਤਾਂ ਕਿ ਅਸੀਂ ਦੱਸ ਸਕੀਏ ਕਿ ਇੱਕ ਵਿਅਕਤੀ ਨੂੰ ਲੋਕਾਂ ਨੂੰ ਜਾਂ ਸਾਨੂੰ ਪਰਮੇਸ਼ੁਰ ਕੀ ਕਰਨ ਲਈ ਕਹਿੰਦਾ ਹੈ
- ਤੀਜਾ ਸਾਨੂੰ ਵਰਦਾਨਾਂਦੀ ਸ਼ਕਤੀ ਚਾਹੀਦੀ ਹੈ ਤਾਂ ਜੋ ਅਸੀਂ ਉਹ ਕਰ ਸਕੀਏ ਜੋ ਪਰਮੇਸ਼ੁਰ ਸਾਥੋਂ ਚਾਹੁੰਦਾ ਹੈ।

## ਨੌਂ ਵਰਦਾਨ

ਪੌਲੁਸ ਰਸੂਲ ਨੇ ਪਵਿੱਤਰ ਆਤਮਾ ਦੇ ਵਰਦਾਨਾਂ ਦੀ ਸੂਚੀ ਬਣਾਈ।

**1 ਕੁਰਿੰਥੀਆਂ 12:8–10 ... ਇੱਕ ਨੂੰ ਆਤਮਾ ਦੇ ਰਾਹੀਂ ਗਿਆਨ ਦੀ ਗੱਲ ਪਰਾਪਤ ਹੁੰਦੀ ਹੈ ਅਤੇ ਦੂਏ ਨੂੰ ਓਸੇ ਆਤਮਾ ਦੇ ਅਨੁਸਾਰ ਵਿੱਦਿਆ ਦੀ ਗੱਲ ਅਤੇ ਹੋਰ ਕਿਸੇ ਨੂੰ ਓਸੇ ਇੱਕੋ ਆਤਮਾ ਤੋਂ ਨਿਹਚਾ ਅਤੇ ਹੋਰ ਕਿਸੇ ਨੂੰ ਉਸੇ ਇੱਕੋ ਆਤਮਾ ਤੋਂ ਨਰੋਇਆ ਕਰਨ ਦੀਆਂ ਦਾਤਾਂ ਅਤੇ ਹੋਰ ਕਿਸੇ ਨੂੰ ਕਰਾਮਾਤਾਂ ਵਿਖਾਉਣ ਦੀ ਸਮਰੱਥਾ ਅਤੇ ਹੋਰ ਕਿਸੇ ਨੂੰ ਅਗੰਮ ਵਾਕ ਅਤੇ ਹੋਰ ਕਿਸੇ ਨੂੰ ਆਤਮਿਆਂ ਦੀ ਪਛਾਣ ਅਤੇ ਹੋਰ ਨੂੰ ਅਨੇਕ ਪਰਕਾਰ ਦੀਆਂ ਭਾਸ਼ਾਂ ਅਤੇ ਹੋਰ ਕਿਸੇ ਨੂੰ ਭਾਸ਼ਾਂ ਦਾ ਅਰਥ ਕਰਨਾ।**

## ਪ੍ਰਕਾਸ਼ਨ ਦੇ ਵਰਦਾਨ – ਜਾਨਣਾ

ਪ੍ਰਕਾਸ਼ਨ ਦੇ ਵਰਦਾਨ ਪਰਮੇਸ਼ੁਰ ਦੇ ਜ਼ਾਹਿਰ ਕਰਨ ਵਾਲੇ ਆਤਮੇ ਹਨ, ਗਿਆਨ, ਜਾਂ ਬੁੱਧੀ ਕਿਸੇ ਖਾਸ ਹਾਲਤ ਵਿੱਚ। ਇਹ ਵਰਦਾਨ ਸਾਨੂੰ ਗ਼ੈਰ ਜ਼ੁਬਾਨਾਂ ਅਤੇ ਅਰਥ ਦੱਸਣਾ ਜਾਂ ਭਵਿੱਖਵਾਣੀ ਦੇ ਵਰਦਾਨ ਦੇ ਰੂਪ ਵਿੱਚ ਸਾਨੂੰ ਦਿੱਤੇ ਜਾਂਦੇ ਹਨ। ਇਹ ਦਰਸ਼ਨਾਂ, ਸੁਪਨਿਆਂ ਅਤੇ ਅੰਦਰੂਨੀ ਜਾਣਕਾਰੀ ਦੇ ਦੁਆਰਾ ਵੀ ਆਉਂਦੇ ਹਨ।

## ਆਤਮਾਵਾਂ ਨੂੰ ਸਮਝਣਾ

- *ਪਰਿਭਾਸ਼ਾ*

ਆਤਮਾ ਦੀ ਸਮਝ ਇੱਕ ਈਸ਼ਵਰੀ ਦ੍ਰਿਸ਼ਟੀ ਹੈ ਆਤਮਾ ਦੇ ਜਗਤ ਦੇ ਖੇਤਰ ਵਿੱਚ। ਇਹ ਆਤਮਾ ਦੀਆਂ ਕਿਸਮਾਂ ਜਾਂ ਇੱਕ ਵਿਅਕਤੀ ਦੇ ਪਿੱਛੇ ਵਾਲੀਆਂ ਆਤਮਾਵਾਂ, ਸਥਿਤੀ ਇੱਕ ਕੰਮ ਜਾਂ ਸੰਦੇਸ਼ ਨੂੰ ਪ੍ਰਗਟ ਕਰਦੀ ਹੈ। ਇਹ ਆਤਮਾ ਵਿੱਚ ਈਸ਼ਵਰੀ ਪ੍ਰਕਾਸ਼ਨ ਦੇ ਦੁਆਰਾ ਸੋਤੇ, ਸੁਭਾਓ ਅਤੇ ਕਿਸੇ ਵੀ ਆਤਮਾ ਦੇ ਕੰਮ ਨੂੰ ਜਾਨਣ ਸੰਬੰਧੀ ਹੈ।

- *ਤਿੰਨ ਖੇਤਰ*

ਆਤਮਾ ਦੇ ਕਾਰਜ ਲਈ ਤਿੰਨ ਖੇਤਰ ਹਨ

- ਪਰਮੇਸ਼ੁਰ ਦਾ ਆਤਮਾ

- ਮਨੁੱਖ ਦਾ ਆਤਮਾ
- ਸ਼ੈਤਾਨ ਦਾ ਰਾਜ

ਪਰਮੇਸ਼ੁਰ ਦੇ ਆਤਮਾ ਨੂੰ ਪ੍ਰਗਟ ਕਰਨ ਅਤੇ ਉਸਦੇ ਪ੍ਰਭਾਵ ਰਾਹੀਂ ਮਹਿਸੂਸ ਕੀਤਾ ਜਾਂਦਾ ਹੈ ਅਤੇ ਸਵਰਗੀ ਦੂਤਾਂ ਦੀ ਉਪਸਥਿਤੀ ਜਿਨ੍ਹਾਂ ਨੂੰ ਸਾਡੇ ਲਈ ਯੁੱਧ ਕਰਨ ਲਈ ਅਤੇ ਉਸਦਾ ਸੰਦੇਸ਼ ਦੇਣ ਲਈ ਭੇਜਿਆ ਜਾਂਦਾ ਹੈ।

ਇਹ ਮਨੁੱਖ ਦਾ ਆਤਮਾ ਹੈ ਜੋ ਪਵਿੱਤਰ ਆਤਮਾ ਅਤੇ ਸ਼ੈਤਾਨੀ ਆਤਮਾਵਾਂ ਵਿੱਚ ਹੈ, ਚੰਗੇ ਜਾਂ ਬੁਰੇ ਵਿੱਚ, ਚੋਣ ਕਰਦਾ ਹੈ, ਇਹ ਈਸ਼ਵਰੀ ਸੁਭਾਅ ਜਾਂ ਇੱਕ ਸੰਸਾਰੀ ਸੁਭਾਅ ਵੀ ਹੋ ਸਕਦਾ ਹੈ।

ਤੀਜਾ ਖੇਤਰ ਜੋ ਪ੍ਰਗਟ ਹੁੰਦਾ ਹੈ ਉਹ ਸ਼ੈਤਾਨ ਦੀ ਦੁਸ਼ਟ ਹਾਜ਼ਰੀ ਜੋ ਉਸਦੀਆਂ ਬਦਰੂਹਾਂ ਹਨ।

- *ਯਿਸੂ ਦੀ ਸੇਵਕਾਈ*

ਜਦੋਂ ਪਤਰਸ ਨੇ ਯਿਸੂ ਨੂੰ ਉੱਤਰ ਦਿੱਤਾ ਅਤੇ ਕਿਹਾ "ਤੂੰ ਮਸੀਹ ਹੈਂ, ਜੀਉਂਦੇ ਪਰਮੇਸ਼ੁਰ ਦਾ ਪੁੱਤਰ" ਯਿਸੂ ਜਾਣਦੇ ਸਨ ਕਿ ਉਸਦੀ ਗੱਲ ਮਨੁੱਖੀ ਸਮਝ ਤੋਂ ਨਹੀਂ ਬਣੀ, ਪਰ ਪਿਤਾ ਦੇ ਰਾਹੀਂ ਪ੍ਰਗਟ ਹੋਈ ਸੀ।

**ਮੱਤੀ 16;16,17 ਸ਼ਮਊਨ ਪਤਰਸ ਨੇ ਉੱਤਰ ਦਿੱਤਾ, "ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ!"**

**ਯਿਸੂ ਨੇ ਉਹ ਨੂੰ ਉੱਤਰ ਦਿੱਤਾ, "ਧੰਨ ਹੈਂ ਤੂੰ ਸ਼ਮਊਨ ਬਰ-ਯੋਨਾਹ ਕਿਉਂ ਜੋ ਸਰੀਰ ਅਤੇ ਲਹੂ ਨੇ ਨਹੀਂ ਸਗੋਂ ਮੇਰੇ ਪਿਤਾ ਨੇ ਜਿਹੜਾ ਸੁਰਗ ਵਿੱਚ ਹੈ ਇਹ ਗੱਲ ਤੇਰੇ ਉੱਤੇ ਪਰਗਟ ਕੀਤੀ।"**

ਕੁਝ ਸਮੇਂ ਬਾਅਦ ਯਿਸੂ ਵੇਖਦਾ ਹੈ ਕਿ ਪਤਰਸ ਦੁਆਰਾ ਬੋਲੇ ਗਏ ਵਾਕ ਪਿੱਛੇ ਸ਼ੈਤਾਨੀ ਆਤਮਾ ਹੈ।

**ਮੱਤੀ 16:22,23 ਤਦ ਪਤਰਸ ਉਹ ਨੂੰ ਇੱਕ ਪਾਸੇ ਕਰਕੇ ਝਿੜਕਣ ਲੱਗਾ ਅਤੇ ਉਹ ਨੂੰ ਕਿਹਾ, "ਪ੍ਰਭੂ ਜੀ ਪਰਮੇਸ਼ੁਰ ਏਹ ਨਾ ਕਰੇ! ਤੇਰੇ ਲਈ ਇਹ ਕਦੇ ਨਾ ਹੋਵੇਗਾ।"**

**ਪਰ ਉਹਨੇ ਮੁੜ ਕੇ ਪਤਰਸ ਨੂੰ ਆਖਿਆ, "ਹੇ ਸ਼ੈਤਾਨ ਮੈਥੋਂ ਪਿੱਛੇ ਹਟ! ਤੂੰ ਮੇਰੇ ਲਈ ਠੋਕਰ ਹੈਂ ਕਿਉਂ ਜੋ ਤੂੰ ਪਰਮੇਸ਼ੁਰ ਦੀਆਂ ਨਹੀਂ ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ।"**

**ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ**

ਆਤਮਾਵਾਂ ਚਮਤਕਾਰੀ ਪ੍ਰਚਾਰ ਵਿੱਚ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਜ਼ਿਆਦਾਤਰ ਗੁਲਾਮਾਂ ਨੂੰ ਅਜ਼ਾਦ ਕਰਵਾਉਣ ਲਈ ਆਤਮਿਕ ਯੁੱਧ ਕਰਨਾ ਜ਼ਰੂਰੀ ਹੁੰਦਾ ਹੈ, ਸਾਨੂੰ ਲੋੜ ਹੁੰਦੀ ਹੈ:

- ਸਹੀ ਅਤੇ ਗਲਤ ਆਤਮਾਵਾਂ ਦੀ ਪਹਿਚਾਣ ਕਰਨਾ -
- ਇਹ ਜਾਨਣਾ ਕਿ ਉਹਨਾਂ ਨੇ ਆਪਣੇ ਆਪ ਨੂੰ ਕਿਵੇਂ ਜੋੜਿਆ ਹੈ।
- ਇਹ ਜਾਨਣਾ ਕਿ ਉਹ ਵਿਅਕਤੀ ਦੇ ਜੀਵਨ ਵਿੱਚ ਕਿਵੇਂ ਕੰਮ ਕਰ ਰਹੀਆਂ ਸਨ।

ਉਦਾਹਰਨ ਲਈ ਜਦੋਂ ਅਸੀਂ ਕਿਸੇ ਵਿਅਕਤੀ ਨੂੰ ਗਵਾਹੀ ਦੇ ਰਹੇ ਹਾਂ ਉੱਥੇ ਲਾਲਸਾ, ਜਲਣ, ਘਮੰਡ, ਵਿਦਰੋਹ, ਜਾਦੂਗਰੀ, ਜਾਣਕਾਰ ਜਾਂ ਇਹ ਇਕੱਠੀਆਂ ਮਿਲਕੇ ਅਤੇ ਹੋਰ ਬਦਰੂਹਾਂ ਵੀ ਹੋ ਸਕਦੀਆਂ ਹਨ। ਸਾਨੂੰ ਇਹ ਜਾਨਣਾ ਜ਼ਰੂਰੀ ਹੈ ਕਿ ਅਸੀਂ ਕਿਹੜੀਆਂ ਆਤਮਾਵਾਂ ਨਾਲ ਵਰਤ ਰਹੇ ਹਾਂ ਅਤੇ ਫਿਰ ਸਾਨੂੰ ਇਹ ਜਾਨਣ ਦੀ ਲੋੜ ਹੁੰਦੀ ਹੈ ਕਿ ਇਹ ਆਤਮਾਵਾਂ ਉਸ ਵਿਅਕਤੀ ਦੇ ਜੀਵਨ ਵਿੱਚ ਆਈਆਂ ਹਨ ਤਾਂ ਕਿ ਉਹ ਅਜ਼ਾਦ ਹੋ ਸਕਣ।

ਹਰ ਦੁਸ਼ਟ ਆਤਮਾ ਨੂੰ ਜਾਨਣਾ, ਬੰਨ੍ਹਣਾ ਅਤੇ ਬਾਹਰ ਕੱਢਣਾ ਜ਼ਰੂਰੀ ਹੈ। ਸਾਨੂੰ ਕਦਮ ਚੁੱਕਣਾ ਚਾਹੀਦਾ ਹੈ।

**ਲੂਕਾ 10:19,20 "ਵੇਖੋ ਮੈਂ ਤੁਹਾਨੂੰ ਸੱਪਾਂ ਅਤੇ ਠੂੰਹਿਆਂ ਦੇ ਲਿਤਾੜਨ ਦਾ ਅਰ ਵੈਰੀ ਦੀ ਸਾਰੀ ਸ਼ਕਤੀ ਉੱਤੇ ਇਖ਼ਤਿਆਰ ਦਿੱਤਾ ਹੈ ਅਤੇ ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ। ਪਰ ਇਸਤੋਂ ਅਨੰਦ ਨਾ ਹੋਵੋ ਕਿ ਰੂਹਾਂ ਤੁਹਾਡੇ ਵੱਸ ਵਿੱਚ ਹਨ ਪਰ ਇਸ ਤੋਂ ਅਨੰਦ ਹੋਵੋ ਭਈ ਤੁਹਾਡੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ।"**

## ਗਿਆਨ ਦਾ ਵਚਨ

- *ਪਰਿਭਾਸ਼ਾ*

ਗਿਆਨ ਦਾ ਵਚਨ ਪਵਿੱਤਰ ਆਤਮਾ ਦੁਆਰਾ ਨਿਸ਼ਚਿਤ ਸੱਚਾਈਆਂ ਲਈ ਇੱਕ ਈਸ਼ਵਰੀ ਪ੍ਰਕਾਸ਼ਨ ਹੈ, ਵਰਤਮਾਨ ਸਮੇਂ ਵਿੱਚ ਜਾਂ ਭੂਤਕਾਲ ਵਿੱਚ, ਵਿਅਕਤੀ ਦੇ ਬਾਰੇ, ਜਾਂ ਉਸ ਸਥਿਤੀ ਦੁਆਰਾ ਜੋ ਕੁਦਰਤੀ ਦਿਮਾਗ ਨਾਲ ਨਹੀਂ ਸਮਝੀ ਜਾ ਸਕਦੀ।

ਇਹ ਕਿਸੇ ਵੀ ਦਿੱਤੀ ਹੋਈ ਸਥਿਤੀ ਦੇ ਪੂਰੇ ਗਿਆਨ ਦਾ ਇੱਕ ਛੋਟਾ ਹਿੱਸਾ ਹੈ। ਸਿਰਫ਼ ਪਰਮੇਸ਼ੁਰ ਹੀ ਬਾਕੀ ਹਿੱਸੇ ਦਾ ਗਿਆਨ ਵੰਡਦਾ ਹੈ।

- *ਯਿਸੂ ਮਸੀਹ ਦੀ ਸੇਵਕਾਈ ਵਿੱਚ*

ਜਦੋਂ ਯਿਸੂ ਮਸੀਹ ਖੂਹ ਉੱਤੇ ਇੱਕ ਔਰਤ ਨਾਲ ਗੱਲ ਕਰਦਾ ਸੀ, ਇਹ ਇੱਕ ਸਪੱਸ਼ਟ ਜਾਣਕਾਰੀ ਦੇ ਸ਼ਬਦ ਨੇ ਹਿਲਾ ਦਿੱਤਾ ਅਤੇ ਸਾਮਰਿਯਾ ਵਿੱਚ ਇੱਕ ਬੇਦਾਰੀ ਦਾ ਕਾਰਨ ਹੋ ਗਿਆ ਹੈ।

**ਯੂਹੰਨਾ 4:16,18,39,41,42 ਯਸੂ ਨੇ ਉਹ ਨੂੰ ਆਖਿਆ, "ਜਾਹ ਆਪਣੇ ਪਤੀ ਨੂੰ ਐੱਥੇ ਸੱਦ ਲਿਆ।"**

**"ਕਿਉਂਕਿ ਤੂੰ ਪੰਜ ਪਤੀ ਕਰ ਚੁੱਕੀ ਹੈਂ ਅਤੇ ਜਿਹੜਾ ਹੁਣ ਤੇਰੇ ਕੋਲ ਹੈ ਸੋ ਤੇਰਾ ਪਤੀ ਨਹੀਂ ਹੈ, ਤੈਂ ਇਹ ਸੱਤ ਆਖਿਆ ਹੈ।"**

**ਉਸ ਨਗਰ ਦੇ ਸਾਮਰੀਆਂ ਵਿੱਚੋਂ ਬਹੁਤਿਆਂ ਨੇ ਉਸ ਤੀਵੀਂ ਦੇ ਕਹਿਣੇ ਕਰਕੇ ਉਸ ਉੱਤੇ ਨਿਹਚਾ ਕੀਤੀ ਕਿ ਉਹਨੇ ਸਾਖੀ ਦਿੱਤੀ ਸੀ "ਭਈ ਜੋ ਕੁਝ ਮੈਂ ਕੀਤਾ ਹੈ ਉਸਨੇ ਸੱਭੋ ਮੈਨੂੰ ਦੱਸ ਦਿੱਤਾ।"**

**ਅਰ ਉਸਦੇ ਬਚਨ ਦੇ ਕਾਰਨ ਹੋਰ ਬਹੁਤਿਆਂ ਨੇ ਨਿਹਚਾ ਕੀਤੀ।**

**ਅਤੇ ਉਸ ਤੀਵੀਂ ਨੂੰ ਕਿਹਾ, "ਹੁਣ ਜੋ ਅਸੀਂ ਨਿਹਚਾ ਕਰਦੇ ਹਾਂ ਸੋ ਤੇਰੇ ਕਹਿਣੇ ਕਰਕੇ ਨਹੀਂ ਕਿਉਂਕਿ ਅਸਾਂ ਆਪ ਸੁਣਿਆ ਹੈ ਅਤੇ ਜਾਣਦੇ ਹਾਂ ਜੋ ਇਹ ਠੀਕ ਜਗਤ ਦਾ ਤਾਰਨਹਾਰਾ ਹੈ।"**

- *ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ*

ਗਿਆਨ ਦੇ ਵਚਨ ਦੇ ਵਰਦਾਨ ਦੇ ਦੁਆਰਾ, ਅਸੀਂ ਕੁਝ ਈਸ਼ਵਰੀ ਸੱਚਾਈਆਂ ਨੂੰ ਈਸ਼ਵਰੀ ਤੌਰ ਤੇ ਸਿੱਖ ਜਾਂਦੇ ਹਾਂ। ਇਹ ਜਾਣਕਾਰੀ ਉਸ ਵਿਅਕਤੀ ਦੀਆਂ ਜ਼ਰੂਰਤਾਂ ਨੂੰ ਬੜੀ ਮਹਾਨ ਦਲੇਰੀ ਨਾਲ ਪੂਰਾ ਕਰਨ ਵਿੱਚ ਮਦਦ ਕਰਦੀ ਹੈ।

ਗਿਆਨ ਦਾ ਵਚਨ ਸਮਝਣ ਵਾਲੀ ਆਤਮਾ ਦੇ ਨਾਲ ਮਿਲ ਕੇ ਸੱਚਾਈਆਂ ਨੂੰ ਜ਼ਾਹਿਰ ਕਰਦਾ ਹੈ, ਵਰਤਮਾਨ ਜਾਂ ਭੂਤਕਾਲ ਵਿੱਚ, ਇੱਕ ਵਿਅਕਤੀ ਜਾਂ ਸਥਿਤੀ ਬਾਰੇ

ਗਿਆਨ ਦਾ ਵਚਨ ਦਿਖਾ ਸਕਦਾ ਹੈ :

- ਬੀਮਾਰੀਆਂ ਦੇ ਨਾਮ
- ਲੋਕਾਂ ਦੇ ਨਾਮ ਜਾਂ ਰਿਸ਼ਤਿਆਂ ਦੇ ਨਾਮ
- ਇੱਕ ਵਿਅਕਤੀ ਬਾਰੇ ਜਿਸ ਨੂੰ ਅਸੀਂ ਬੁਲਾ ਜਾਂ ਮਿਲ ਸਕਦੇ ਹਾਂ
- ਬੀਤੇ ਸਮੇਂ ਦੀਆਂ ਘਟਨਾਵਾਂ ਜਾਂ ਸਥਿਤੀਆਂ ਬਾਰੇ ਜੋ ਸਿਰਫ਼ ਈਸ਼ਵਰੀ ਪ੍ਰਕਾਸ਼ਨ ਦੇ ਦੁਆਰਾ ਹੀ ਜਾਣੀਆਂ ਜਾ ਸਕਦੀਆਂ ਹਨ।

ਅਸੀਂ ਸ਼ਾਇਦ :

- ਆਤਮਾ ਵਿੱਚ ਇੱਕ ਵਿਅਕਤੀ ਜਾਂ ਜਗ੍ਹਾ ਦੇ ਆਲੇ-ਦੁਆਲੇ ਕੁਝ ਵੇਖ ਸਕਦੇ ਹਾਂ
- ਆਤਮਾ ਵਿੱਚ ਇੱਕ ਸ਼ਬਦ ਜਾਂ ਵਾਕ ਸੁਣ ਸਕਦੇ ਹਾਂ
- ਆਪਣੇ ਸਰੀਰ ਉੱਤੇ ਕਿਸੇ ਚੀਜ਼ ਨੂੰ ਸਪੱਸ਼ਟ ਮਹਿਸੂਸ ਕਰ ਸਕਦੇ ਹਾਂ ਜਿਸਦਾ ਦੂਜੇ ਵਿਅਕਤੀ ਨਾਲ ਸੰਬੰਧ ਹੋਵੇ

## ਗਿਆਨ ਦਾ ਵਚਨ

- *ਪਰਿਭਾਸ਼ਾ*

ਗਿਆਨ ਦਾ ਵਚਨ ਇੱਕ ਈਸ਼ਵਰੀ ਪ੍ਰਕਾਸ਼ਨ ਹੁੰਦਾ ਹੈ ਜੋ ਵਿਸ਼ਵਾਸੀ ਨੂੰ ਦਿੱਤਾ ਜਾਂਦਾ ਹੈ। ਇਹ ਪਰਮੇਸ਼ੁਰ ਦੀ ਬੁੱਧੀ ਹੈ ਜੋ ਕੰਮ ਦੀ ਗਤੀ ਨੂੰ ਜ਼ਾਰੀ ਰੱਖਣ ਲਈ ਕੁਦਰਤੀ ਜਾਂ ਈਸ਼ਵਰੀ ਗਿਆਨ ਤੇ ਅਧਾਰਿਤ ਹੁੰਦੀ ਹੈ। ਇਹ ਪਰਮੇਸ਼ੁਰ ਦੀ ਯੋਜਨਾ ਅਤੇ ਉਦੇਸ਼ ਨੂੰ ਜ਼ਾਹਿਰ ਕਰਦੀ ਹੈ:

- ਸਾਡੀਆਂ ਜ਼ਿੰਦਗੀਆਂ ਅਤੇ ਸੇਵਕਾਈਆਂ ਲਈ
- ਜਲਦੀ ਨਾਲ ਹੋ ਜਾਣ ਲਈ ਜਾਂ ਭਵਿੱਖ ਵਿੱਚ ਹੋਣ ਲਈ
- ਕਿਸ ਤਰ੍ਹਾਂ ਇਕੱਲਾ ਜਾਂ ਸੰਗਠਨ ਪਰਮੇਸ਼ੁਰ ਦੀ ਇੱਛਾ ਵਿੱਚ ਵੱਧ ਸਕਦਾ ਹੈ

- *ਬਹੁਤ ਸਾਰੇ ਰੂਪ*

ਗਿਆਨ ਦਾ ਵਚਨ ਕਈ ਰੂਪਾਂ ਵਿੱਚ ਆਉਂਦਾ ਹੈ: -

- ਇੱਕ ਅੰਦਰੂਨੀ ਅਵਾਜ਼ ਦੇ ਰੂਪ ਵਿੱਚ
- ਇੱਕ ਦਰਸ਼ਨ ਦੇ ਦੁਆਰਾ ਜਦ ਜਾਗ ਰਹੇ ਹੁੰਦੇ ਹਨ
- ਸੁਪਨਿਆਂ ਦੁਆਰਾ ਜਦ ਸੌਂ ਰਹੇ ਹੁੰਦੇ ਹਾਂ
- ਮੌਖਿਕ ਵਰਦਾਨਾਂ ਨੂੰ ਵਰਤਣ ਦੁਆਰਾ

*ਯਿਸੂ ਮਸੀਹ ਦੀ ਸੇਵਕਾਈ ਵਿੱਚ*

ਯਿਸੂ ਮਸੀਹ ਨੇ ਗਿਆਨ ਦੇ ਵਚਨ ਨੂੰ ਵਰਤਿਆ ਜਦੋਂ ਉਨ੍ਹਾਂ ਨੇ ਅਮੀਰ ਜਵਾਨ ਸ਼ਾਸਕ ਨਾਲ ਗੱਲਾਂ ਕੀਤੀਆਂ।

**ਮੱਤੀ 19:16, 17,21 ਤਾਂ ਵੇਖੋ ਇੱਕ ਜਣੇ ਨੇ ਉਹਦੇ ਕੋਲ ਆਣ ਕੇ ਕਿਹਾ, "ਗੁਰੂ ਜੀ ਮੈਂ ਕਿਹੜਾ ਭਲਾ ਕੰਮ ਕਰਾਂ ਜੋ ਮੈਨੂੰ ਸਦੀਪਕ ਜੀਉਣ ਮਿਲੇ?"**

**ਉਸਨੇ ਉਹਨੂੰ ਆਖਿਆ, "ਤੂੰ ਭਲਿਆਈ ਦੇ ਵਿਖੇ ਮੈਨੂੰ ਕਿਉਂ ਪੁੱਛਦਾ ਹੈਂ? ਭਲਾ ਤਾਂ ਇੱਕੋ ਹੀ ਹੈ। ਪਰ ਜੇ ਤੂੰ ਜੀਉਣ ਵਿੱਚ ਵੜਨਾ ਚਾਹੁੰਦਾ ਹੈਂ ਤਾਂ ਹੁਕਮਾਂ ਨੂੰ ਮੰਨ" ਯਿਸੂ ਨੇ ਉਹਨੂੰ ਕਿਹਾ, "ਜੇ ਤੂੰ ਪੂਰਾ ਬਣਨਾ ਚਾਹੁੰਦਾ ਹੈਂ ਤਾਂ ਜਾ ਕੇ ਆਪਣਾ ਮਾਲ ਵੇਚ ਅਤੇ ਕੰਗਾਲਾਂ ਨੂੰ ਦੇ ਦਿਹ ਤਾਂ ਤੈਨੂੰ ਸੁਰਗ ਵਿੱਚ ਖ਼ਜ਼ਾਨਾ ਮਿਲੇਗਾ ਅਤੇ ਆ, ਮੇਰੇ ਮਗਰ ਹੋ ਤੁਰ।"**

- *ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ*

ਪਰਮੇਸ਼ੁਰ ਕਿਸੇ ਵਿਅਕਤੀ ਬਾਰੇ ਗਿਆਨ ਦੇ ਵਚਨ ਦੁਆਰਾ ਕੁਝ ਕਹਿੰਦਾ ਹੈ ਜਦ ਕਿ ਉਹ ਵਿਅਕਤੀ ਪੂਰੀ ਤੌਰ ਤੇ ਅਜਨਬੀ ਹੈ। ਫਿਰ ਉਹ ਉਸ ਬਾਰੇ ਦੈਵੀ ਬੁੱਧੀ ਦਿੰਦਾ ਹੈ ਕਿ ਕਿਵੇਂ ਅੱਗੇ ਵੱਧਣਾ ਹੈ।

ਜੇਕਰ ਅਸੀਂ ਆਤਮਾ ਦੇ ਵਰਦਾਨਾਂ ਦੇ ਵਹਾ ਵਿੱਚ ਚੱਲੀਏ, ਪਰਮੇਸ਼ੁਰ ਉਨ੍ਹਾਂ ਵਰਦਾਨਾਂ ਨੂੰ ਅਵਿਸ਼ਵਾਸੀਆਂ ਨੂੰ ਇਸ ਲਈ ਕਾਇਲ ਕਰਨ ਲਈ ਕਿ ਉਹ ਹੀ ਪਰਮੇਸ਼ੁਰ ਹੈ ਇਸਤੇਮਾਲ ਕਰੇਗਾ – ਕਿ ਉਹ ਉਨ੍ਹਾਂ ਦੀ ਪਰਵਾਹ ਕਰਦਾ ਹੈ – ਕਿ ਉਹ ਮੁਕਤੀ ਪਾ ਸਕਦੇ ਹਨ।

ਗਿਆਨ ਦੀਆਂ ਆਤਮਾਵਾਂ ਨੂੰ ਪਰਖਣ ਦੇ ਵਰਦਾਨ ਅਤੇ ਜਾਣਕਾਰੀ ਦੇ ਵਚਨ ਦੇ ਬਹੁਤ ਨਜ਼ਦੀਕ ਹੋ ਕੇ ਕੰਮ ਕਰਦਾ ਹੈ ਤਾਂ ਕਿ ਅਸੀਂ ਲੋਕਾਂ ਦੀ ਸੇਵਾ ਕਰ ਸਕੀਏ।

ਇਸ ਦਾ ਪ੍ਰਕਾਸ਼ਨ ਕਿ ਕਿਸੇ ਖਾਸ ਜ਼ਰੂਰਤ ਦੀ ਸੇਵਕਾਈ ਕਿਵੇਂ ਕਰਨੀ ਹੈ। ਬੁੱਧੀ ਦਾ ਵਚਨ ਦਲੇਰੀ ਨਾਲ ਸੇਵਕਾਈ ਕਰਨ ਲਈ ਵਿਸ਼ਵਾਸ ਨੂੰ ਪੈਦਾ ਕਰਦਾ ਹੈ।

ਬੁੱਧੀ ਦਾ ਵਚਨ ਦੇਖਭਾਲ ਅਤੇ ਚੇਤਾਵਨੀ ਅਤੇ ਆਮ ਤੌਰ ਤੇ ਸਾਡੇ ਤੇ ਇਹ ਖੋਲ੍ਹਦਾ ਹੈ ਕਿ ਕਿਵੇਂ ਜਾਣਕਾਰੀ ਦੇ ਵਚਨ ਨਾਲ ਜਾਣਕਾਰੀ ਨੂੰ ਪ੍ਰਗਟ ਕਰਨਾ ਹੈ। ਪ੍ਰਾਰਥਨਾ ਕਰਨ ਦੀ ਅੰਤਰ ਦ੍ਰਿਸ਼ਟੀ ਵੀ ਦੇ ਸਕਦਾ ਹੈ।

ਗਿਆਨ ਦਾ ਵਚਨ ਸਾਨੂੰ ਚੇਤਾਵਨੀ ਵੀ ਦੇ ਸਕਦਾ ਹੈ :

- ਕਿਸੇ ਵਿਅਕਤੀ ਤੇ ਹੱਥ ਰੱਖੋ
- ਕੁਝ ਵਚਨ ਬੋਲੋ
- ਇੱਕ ਸਿਰਜਨਾਤਮਕ ਚਮਤਕਾਰ ਕਰੋ
- ਬਦਰੂਹ ਨੂੰ ਬਾਹਰ ਕੱਢੋ

ਗਿਆਨ ਦਾ ਵਚਨ ਸਾਨੂੰ ਅਸਰਦਾਰ ਤਰੀਕੇ ਨਾਲ ਹਰ ਹਾਲਤ ਵਿੱਚ ਸ਼ੁੱਭ-ਸਮਾਚਾਰ ਸੁਣਾਉਣ ਦੀ ਬੁੱਧੀ ਵੀ ਦਿੰਦਾ ਹੈ।

## ਕੀ ਬੋਲਣਾ ਹੈ – ਮੌਖਿਕ ਵਰਦਾਨ

ਜਦੋਂ ਅਸੀਂ ਕਿਸੇ ਵਿਅਕਤੀ ਦੇ ਬਾਰੇ ਜਾਂ ਕਿਸੇ ਸਥਿਤੀ ਦੇ ਬਾਰੇ ਗਿਆਨ ਦਾ ਵਚਨ ਪ੍ਰਾਪਤ ਕਰਦੇ ਹਾਂ, ਇਹ ਗ਼ੈਰ ਜ਼ੁਬਾਨਾਂ ਦੇ ਦੁਆਰਾ ਗ਼ੈਰ ਭਾਸ਼ਾਵਾਂ ਦੇ ਅਨੁਵਾਦ ਦੁਆਰਾ ਜਾਂ ਭਵਿੱਖਬਾਣੀ ਦੁਆਰਾ ਕਿਹਾ ਜਾ ਸਕਦਾ ਹੈ। ਜਦੋਂ ਅਸੀਂ ਇੱਕ ਪ੍ਰਕਾਸ਼ਨ ਪ੍ਰਾਪਤ ਕਰਦੇ ਹਾਂ ਜਦੋਂ ਆਪਣੀ ਆਤਮਾ ਨੂੰ ਖੋਲ੍ਹਣ ਦੀ ਲੋੜ ਹੁੰਦੀ ਹੈ, ਤਾਂ ਕਿ ਅਸੀਂ ਆਪਣੀ ਅੰਦਰੂਨੀ ਗਵਾਹੀ ਦੀ ਜਾਂਚ ਕਰ ਸਕੀਏ, ਤਾਂ ਕਿ ਅਸੀਂ ਪ੍ਰਕਾਸ਼ਨ ਦੇ ਅਨੁਸਾਰ ਬੋਲ ਜਾਂ ਪ੍ਰਾਰਥਨਾ ਕਰ ਸਕੀਏ-ਬਹੁਤ ਵਾਰ ਮੌਖਿਕ ਵਰਦਾਨਾਂ ਦੇ ਦੁਆਰਾ ਅਸੀਂ ਉਸ ਮਨੁੱਖ ਬਾਰੇ ਜਾਣਕਾਰੀ ਹਾਸਿਲ ਕਰਦੇ ਹਾਂ ਜਿਸ ਦੀ ਅਸੀਂ ਸੇਵਾ ਕਰ ਰਹੇ ਹੁੰਦੇ ਹਾਂ। ਇਹ ਦੈਵੀ ਜਾਣਕਾਰੀ ਹੈ ਤਾਂ ਕਿ ਉਹ ਵਿਅਕਤੀ ਪ੍ਰਾਪਤ ਕਰ ਸਕੇ। "ਪਰਮੇਸ਼ੁਰ ਮੈਨੂੰ ਦਿਖਾ ਕਿ ਤੂੰ ਹੈ ...

- ਵਿਅਕਤੀ ਦੇ ਭੂਤਕਾਲ ਬਾਰੇ ਠੀਕ-ਠੀਕ ਜਾਣਕਾਰੀ
- ਵਰਤਮਾਨ ਹਾਲਤ ਜਾਂ ਘਟਨਾਵਾਂ ਬਾਰੇ ਠੀਕ-ਠੀਕ ਜਾਣਕਾਰੀ।"

ਠੀਕ-ਠੀਕ ਪ੍ਰਕਾਸ਼ਨ ਉਸ ਆਦਮੀ ਲਈ ਜੋ ਸੇਵਾ ਕਰ ਰਿਹਾ ਹੈ ਤੇ ਜਿਸਦੀ ਸੇਵਾ ਕੀਤੀ ਜਾ ਰਹੀ ਹੁੰਦੀ ਹੈ ਵਿਸ਼ਵਾਸ ਨੂੰ ਪੈਦਾ ਕਰਦਾ ਹੈ।

### ਪਰਾਈ ਭਾਸ਼ਾ ਦਾ ਵਰਦਾਨ

- *ਪਰਿਭਾਸ਼ਾ*

ਭਾਸ਼ਾਵਾਂ ਦਾ ਵਰਦਾਨ ਇੱਕ ਦੈਵੀ ਭਾਵ ਜਾਂ ਪ੍ਰੇਰਨਾ ਹੈ ਜੋ ਸਾਡੇ ਸਰੀਰਕ ਅਵਾਜ਼ ਦੇ ਅੰਗਾਂ ਨੂੰ ਵਰਤ ਰਿਹਾ ਹੁੰਦਾ ਹੈ। ਇਹ ਇੱਕ ਅਜਿਹੀ ਭਾਸ਼ਾ ਹੁੰਦੀ ਹੈ ਜੋ ਬੋਲਣ ਵਾਲੇ ਦੁਆਰਾ ਕਦੀ ਵੀ ਸਿੱਖੀ ਨਹੀਂ ਗਈ ਹੁੰਦੀ, ਨਾ ਹੀ ਬੋਲਣ ਵਾਲਾ ਆਪਣੇ ਦਿਮਾਗ ਨਾਲ ਇਸਨੂੰ ਸਮਝਦਾ ਹੈ। ਬੋਲਿਆ ਜਾਣ ਵਾਲਾ ਸੰਦੇਸ਼ ਇੱਕ ਸਵਰਗੀ ਭਾਸ਼ਾ ਵੀ ਹੋ ਸਕਦੀ ਹੈ ਜੋ ਸਵਰਗਦੂਤਾਂ ਰਾਹੀਂ ਵਰਤੀ ਜਾਂਦੀ ਹੈ, ਜਾਂ ਕੋਈ ਮਨੁੱਖੀ ਭਾਸ਼ਾ ਵੀ ਹੋ ਸਕਦੀ ਹੈ। ਗ਼ੈਰ ਭਾਸ਼ਾ ਦਾ ਵਰਦਾਨ ਉਹ ਭਾਸ਼ਾ ਵੀ ਹੋ ਸਕਦੀ ਹੈ ਜਿਸਨੂੰ ਸੁਣਨ ਵਾਲਾ ਸਮਝ ਸਕਦਾ ਹੋਵੇ।

- ਚਮਤਕਾਰੀ ਸ਼ੁੱਭ ਸਮਾਚਾਰ ਪ੍ਰਚਾਰ ਵਿੱਚ

ਗ਼ੈਰ ਭਾਸ਼ਾਵਾਂ ਦਾ ਵਰਦਾਨ ਇੱਕ ਅਜਿਹਾ ਵਰਦਾਨ ਹੈ ਜਿਸਨੂੰ ਲੋਕ ਛੁਪਾਉਣਾ ਚਾਹੁੰਦੇ ਹਨ। ਪਰ ਪੌਲੁਸ ਰਸੂਲ ਨੇ ਦੱਸਿਆ ਹੈ ਕਿ ਇਹ ਅਵਿਸ਼ਵਾਸੀਆਂ ਲਈ ਇੱਕ ਚਿੰਨ੍ਹ ਹੈ।

**1 ਕੁਰਿੰਥੀਆਂ 14:22 ਸੋ ਪਰਾਈਆਂ ਭਾਖਿਆਂ ਨਿਹਚਾਵਾਨਾਂ ਲਈ ਨਹੀਂ ਸਗੋਂ ਨਿਹਚਾਹੀਣਾਂ ਲਈ ਇੱਕ ਨਿਸ਼ਾਨੀ ਦੇ ਲਈ ਹਨ ਪਰ ਅਗੰਮ ਵਾਕ ਨਿਹਚਾਹੀਣਾਂ ਲਈ ਨਹੀਂ ਸਗੋਂ ਨਿਹਚਾਵਾਨਾਂ ਲਈ ਹੈ।**

ਪੰਤੇਕੁਸਤ ਦੇ ਦਿਨ ਗ਼ੈਰ ਭਾਸ਼ਾਵਾਂ ਦਾ ਵਰਦਾਨ ਹਜ਼ਾਰਾਂ ਲੋਕਾਂ ਨੂੰ ਯਿਸੂ ਕੋਲ ਲਿਆਉਣ ਦਾ ਸਾਧਨ ਬਣਿਆ ਸੀ ਗ਼ੈਰ ਭਾਸ਼ਾਵਾਂ ਦਾ ਵਰਦਾਨ ਪਹਿਲੇ ਪ੍ਰਚਾਰ ਦੀ ਕੋਸ਼ਿਸ਼ ਦਾ ਇੱਕ ਹਿੱਸਾ ਸੀ।

**ਰਸੂਲਾਂ ਦੇ ਕਰਤੱਬ 2:6 ਸੋ ਜਾਂ ਇਹ ਅਵਾਜ਼ ਆਈ ਤਾਂ ਭੀੜ ਲੱਗ ਗਈ ਅਤੇ ਲੋਕ ਹੱਕੇ ਬੱਕੇ ਰਹਿ ਗਏ ਕਿਉਂ ਜੋ ਹਰੇਕ ਨੇ ਉਨ੍ਹਾਂ ਨੂੰ ਆਪਣੀ ਆਪਣੀ ਬੋਲੀ ਬੋਲਦੇ ਸੁਣਿਆ।**

### ਗ਼ੈਰ ਭਾਸ਼ਾਵਾਂ ਦਾ ਅਨੁਵਾਦ ਕਰਨਾ

➢ *ਪਰਿਭਾਸ਼ਾ*

ਗ਼ੈਰ ਭਾਸ਼ਾਵਾਂ ਦਾ ਅਨੁਵਾਦ ਕਰਨ ਦਾ ਵਰਦਾਨ ਵਿਆਖਿਆ ਦੀ ਆਤਮਾ ਦੁਆਰਾ ਅਗੇਤਾ ਹੀ ਦੈਵੀ ਪ੍ਰਦਰਸ਼ਨ ਹੈ, ਜਾਂ ਆਖ ਦੱਸਣਾ ਹੈ, ਸੁਣਨ ਵਾਲੇ ਦੀ ਆਪਣੀ ਭਾਸ਼ਾ ਵਿੱਚ ਇੱਕ ਸੰਦੇਸ਼ ਦੇ ਦੂਜੀ ਭਾਸ਼ਾ ਵਿੱਚ ਮੌਖਿਕ ਹਾਵ-ਭਾਵ। ਇਹ ਕੋਈ ਕੋਈ ਕੰਮ ਜਾਂ ਮਨ ਦਾ ਸਮਝਣਾ ਹੈ। ਇਹ ਪਰਮੇਸ਼ੁਰ ਦੇ ਆਤਮਾ ਤੋਂ ਆਉਂਦਾ ਹੈ- ਅਨੁਵਾਦ ਕਰਨ ਦਾ ਅਰਥ ਹੈ ਵਿਆਖਿਆ ਕਰਨਾ, ਵਿਸਤਾਰ ਨਾਲ ਸਮਝਾਉਣਾ, ਜਾਂ ਖੋਲ੍ਹ ਕੇ ਦੱਸਣਾ। ਇਹ ਆਮ ਤੌਰ ਤੇ ਸ਼ਾਬਦਿਕ, ਸ਼ਬਦ ਤੋਂ ਸ਼ਬਦ ਅਨੁਵਾਦ ਨਹੀਂ ਹੁੰਦਾ ਹੈ।

➢ *ਚਮਤਕਾਰੀ ਸ਼ੁੱਭ ਸਮਾਚਾਰ ਪ੍ਰਚਾਰ ਵਿੱਚ*

ਅਨੁਵਾਦ ਕਰਨ ਦਾ ਵਰਦਾਨ ਗ਼ੈਰ ਭਾਸ਼ਾਵਾਂ ਦੇ ਵਰਦਾਨ ਦੇ ਨਾਲ ਨਾਲ ਚੱਲਦਾ ਹੈ। ਜੇਕਰ ਪਰਮੇਸ਼ੁਰ ਤੁਹਾਨੂੰ ਇੱਕ ਅਵਿਸ਼ਵਾਸੀ ਨਾਲ (ਗ਼ੈਰ ਭਾਸ਼ਾ ਵਿੱਚ) ਪ੍ਰਾਰਥਨਾ ਕਰਨ ਲਈ ਅਗਵਾਈ ਕਰੇ, ਸ਼ਾਇਦ ਉਹ ਨਹੀਂ ਜਾਣਦੇ ਹੋਣਗੇ ਕਿ ਤੁਸੀਂ ਕੀ ਕਰ ਰਹੇ ਹੋ। ਇਸ ਲਈ, ਜਦੋਂ ਅਨੁਵਾਦ ਕਰਨ ਦੇ ਵਰਦਾਨ ਨੂੰ ਵਰਤਣਾ ਸ਼ੁਰੂ ਕੀਤਾ ਜਾਂਦਾ ਹੈ ਅਤੇ ਤੁਸੀਂ ਉਹ ਚੀਜ਼ਾਂ ਬੋਲਣੀਆਂ ਸ਼ੁਰੂ ਕਰਦੇ ਹੋ ਜਿਨ੍ਹਾਂ ਨੂੰ ਅਸਲ ਵਿੱਚ ਤੁਸੀਂ ਨਹੀਂ ਜਾਣਦੇ, ਇਹ ਉਨ੍ਹਾਂ ਲਈ ਪੱਕਾ ਚਿੰਨ੍ਹ ਹੈ (ਪਰਮੇਸ਼ੁਰ ਦੀ ਹਜ਼ੂਰੀ ਦਾ)

## ਭਵਿੱਖਬਾਣੀ ਦਾ ਵਰਦਾਨ

➢ *ਪਰਿਭਾਸ਼ਾ*

ਭਵਿੱਖਬਾਣੀ ਦਾ ਵਰਦਾਨ ਇੱਕ ਸੁਭਾਵਿਕ, ਪ੍ਰੇਰਣਾ ਨੂੰ ਦੈਵੀ ਮੌਖਿਕ ਤੌਰ ਨਾਲ ਜਾਣੀ ਜਾਣ ਵਾਲੀ ਭਾਸ਼ਾ ਵਿੱਚ ਪ੍ਰਗਟ ਕਰਨਾ ਹੈ ਜੋ ਯਿਸੂ ਮਸੀਹ ਦੀ ਦੇਹੀ ਨੂੰ ਸ਼ਕਤੀ ਉਤਸ਼ਾਹ ਅਤੇ ਤਸੱਲੀ ਦਿੰਦਾ ਹੈ। ਇਹ ਪਰਮੇਸ਼ੁਰ ਕੋਲੋਂ ਕਿਸੇ ਖਾਸ ਵਿਅਕਤੀ ਜਾਂ ਲੋਕਾਂ ਦੇ ਸਮੂਹ ਲਈ ਇੱਕ ਸਿੱਧਾ ਸੰਦੇਸ਼ ਹੈ।

ਭਵਿੱਖਬਾਣੀ ਲਈ ਯੂਨਾਨੀ ਭਾਸ਼ਾ ਵਿੱਚ "ਪ੍ਰੋਫਿਟਿਆ" ਸ਼ਬਦ ਹੈ ਜਿਸਦਾ ਅਰਥ ਮਨ ਦਾ ਬੋਲਣਾ ਅਤੇ ਪਰਮੇਸ਼ੁਰ ਦੀ ਸਲਾਹ।

➢ *ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ*

ਭਵਿੱਖਬਾਣੀ ਦਾ ਵਰਦਾਨ ਵੀ ਇੱਕ ਅਵਿਸ਼ਵਾਸੀ ਦੇ ਜੀਵਨ ਵਿੱਚ ਗ਼ੈਰ-ਭਾਸ਼ਾਵਾਂ ਦਾ ਅਨੁਵਾਦ ਕਰਨ ਦੇ ਵਰਦਾਨ ਦੀ ਤਰ੍ਹਾਂ ਹੀ ਕੰਮ ਕਰਦਾ ਹੈ। ਇਹ ਚੀਜ਼ਾਂ ਨੂੰ ਪਹਿਲਾਂ ਦੱਸਣਾ ਹੋ ਸਕਦਾ ਹੈ ਜਿਨ੍ਹਾਂ ਨੂੰ ਤੁਸੀਂ ਕੁਦਰਤੀ ਤੌਰ ਨਾਲ ਨਹੀਂ ਜਾਣ ਸਕਦੇ ਅਤੇ ਇਸ ਲਈ ਇਹ ਪਰਮੇਸ਼ੁਰ ਦੀ ਹਜ਼ੂਰੀ ਦਾ ਚਿੰਨ੍ਹ ਹੈ।

## ਵਰਦਾਨ ਦੀ ਸ਼ਕਤੀ – ਕੰਮ ਕਰਨ ਲਈ

ਸ਼ਕਤੀ ਦੇ ਵਰਦਾਨ ਪਰਮੇਸ਼ੁਰ ਦੀ ਸ਼ਕਤੀ ਨੂੰ ਸਾਡੇ ਦੁਆਰਾ ਸਪੱਸ਼ਟ ਕਰਦੇ ਹਨ। ਇਹ ਸ਼ਕਤੀ ਦੇ ਵਰਦਾਨ ਵਿਸ਼ਵਾਸ, ਚੰਗਿਆਈ ਦਾ ਵਰਦਾਨ, ਅਤੇ ਚਮਤਕਾਰੀ ਕੰਮ ਹਨ।

ਗਿਆਨ ਦਾ ਵਚਨ ਹਮੇਸ਼ਾ ਵਿਸ਼ਵਾਸ ਦੇ ਵਰਦਾਨ ਨੂੰ ਕੰਮ ਕਰਨ ਦਿੰਦਾ ਹੈ। ਜਦੋਂ ਅਸੀਂ ਜਾਣਦੇ ਹਾਂ ਕਿ ਗਿਆਨ ਦੇ ਵਚਨ ਦੁਆਰਾ ਪਰਮੇਸ਼ੁਰ ਕੀ ਕਰਨਾ ਚਾਹੁੰਦਾ ਹੈ, ਤਾਂ ਅਸੀਂ ਵਿਸ਼ਵਾਸ ਦੇ ਵਰਦਾਨ ਨੂੰ ਦਲੇਰੀ ਨਾਲ ਚਮਤਕਾਰੀ ਕੰਮਾਂ ਦੇ ਕਰਨ, ਅਤੇ ਚੰਗਿਆਈ ਦੇ ਵਰਦਾਨਾਂ ਨੂੰ ਵਰਤਣ ਲੱਗਦੇ ਹਾਂ।

## ਵਿਸ਼ਵਾਸ ਦਾ ਵਰਦਾਨ

- *ਪਰਿਭਾਸ਼ਾ*

ਵਿਸ਼ਵਾਸ ਦਾ ਵਰਦਾਨ ਠੀਕ-ਠਾਕ ਕੰਮ ਅਤੇ ਉਦੇਸ਼ ਲਈ ਇੱਕ ਦੈਵੀ ਵਿਸ਼ਵਾਸ ਹੈ। ਇਹ ਇੱਕ ਸ਼ਕਤੀ ਦਾ ਵਰਦਾਨ ਹੈ ਕੁਝ ਮੁਸ਼ਕਿਲ ਕੰਮ ਕਰਨ ਵਿੱਚ ਸਹਾਇਤਾ ਕਰਦਾ ਹੈ, ਭਾਵੇਂ ਅਸੀਂ ਕਿਸੇ ਵੀ ਹਾਲਤ ਵਿੱਚ ਕਿਸੇ ਖਾਸ ਸਮੇਂ ਤੇ। ਜਦੋਂ ਗਿਆਨ ਦਾ ਵਚਨ ਦਿੱਤਾ ਜਾਂਦਾ ਹੈ ਕਿ ਸਾਨੂੰ ਦੱਸਿਆ ਜਾਵੇ ਕਿ ਇੱਕ ਖਾਸ ਕੰਮ ਨੂੰ ਕਿਵੇਂ ਕਰਨਾ ਹੈ, ਇਹ ਵਿਸ਼ਵਾਸ ਦੇ ਵਰਦਾਨ ਵਿੱਚੋਂ ਲੈ ਕੇ ਦਲੇਰੀ ਨਾਲ ਉਸ ਕੰਮ ਨੂੰ ਪਰਮੇਸ਼ੁਰ ਦੀ ਪੁਨਰ-ਯੋਜਨਾ ਦੇ ਅਨੁਸਾਰ ਪੂਰਾ ਕਰਦਾ ਹੈ।

- *ਕਿਵੇਂ ਗ੍ਰਹਿਣ ਕਰੀਏ*

ਵਿਸ਼ਵਾਸ ਦੇ ਵਰਦਾਨ ਨੂੰ ਪ੍ਰਕਾਸ਼ਨ ਦੇ ਵਰਦਾਨਾਂ ਨੂੰ ਕੰਮ ਵਿੱਚ ਲਿਆਉਣ ਦੇ ਦੁਆਰਾ ਗ੍ਰਹਿਣ ਕੀਤਾ ਜਾ ਸਕਦਾ ਹੈ। ਜਦੋਂ ਵਿਸ਼ਵਾਸ ਦਾ ਵਰਦਾਨ ਆਉਂਦਾ ਹੈ, ਤਾਂ ਵਿਸ਼ਵਾਸੀ ਨੂੰ ਵਿਸ਼ਵਾਸ ਕਰਨ ਲਈ ਕੋਸ਼ਿਸ਼ (ਸੰਘਰਸ਼) ਕਰਨ ਦੀ ਲੋੜ ਨਹੀਂ ਹੁੰਦੀ ਹੈ। ਉਹ ਪਹਿਲਾਂ ਤੋਂ ਹੀ ਜਾਣਦਾ ਹੈ ਕਿ ਕੀ ਹੋਣ ਵਾਲਾ ਹੈ ਅਤੇ ਪ੍ਰਕਾਸ਼ਨ ਤੋਂ - ਗਿਆਨ ਤੇ ਦਲੇਰੀ ਨਾਲ ਕੰਮ ਕਰਦਾ ਹੈ। ਚਮਤਕਾਰਾਂ ਅਤੇ ਚੰਗਿਆਈ ਦੇ ਵਰਦਾਨਾਂ ਦਾ ਨਤੀਜ਼ਾ।

- *ਯਿਸੂ ਮਸੀਹ ਦੀ ਸੇਵਕਾਈ ਵਿੱਚ*

ਯਿਸੂ ਮਸੀਹ ਨੇ ਕਿਹਾ ਕਿ ਉਹ ਉਹੀ ਕਰਦੇ ਹਨ ਜੋ ਉਨ੍ਹਾਂ ਨੇ ਪਿਤਾ ਨੂੰ ਕਰਦੇ ਵੇਖਿਆ ਹੈ। ਜਦ ਉਨ੍ਹਾਂ ਨੇ ਵੇਖਿਆ ਕਿ ਮੁਰਦੇ ਜ਼ਿੰਦਾ ਕੀਤੇ ਜਾਂਦੇ ਹਨ, ਉਨ੍ਹਾਂ ਨੇ ਇਹ ਵੀ ਜ਼ਰੂਰ ਵੇਖਿਆ ਸੀ ਕਿ ਪਿਤਾ ਉਸ ਮਨੁੱਖ ਨਾਲ ਗੱਲਾਂ ਕਰਦਾ ਹੈ ਅਤੇ ਉਹ ਮਨੁੱਖ ਜੀਵਨ ਵਿੱਚ ਵਾਪਿਸ ਆ ਰਹੇ ਹਨ।

**ਲੂਕਾ 7:12-15 ਅਤੇ ਜਿਸ ਵੇਲੇ ਉਹ ਨਗਰ ਦੇ ਫਾਟਕ ਦੇ ਨੇੜੇ ਆ ਪੁੱਜਿਆ ਤਾਂ ਵੇਖੋ ਇੱਕ ਮੁਰਦੇ ਨੂੰ ਬਾਹਰ ਲਈ ਜਾਂਦੇ ਸਨ ਜੋ ਆਪਣੀ ਮਾਂ ਦਾ ਇੱਕੋ ਹੀ ਪੁੱਤਰ ਸੀ ਅਤੇ ਉਹ ਵਿਧਵਾ ਸੀ ਅਰ ਨਗਰ ਦੀ ਵੱਡੀ ਭੀੜ ਉਹਦੇ ਨਾਲ ਹੈ ਸੀ।**

**ਪ੍ਰਭੂ ਨੇ ਉਸਨੂੰ ਵੇਖ ਕੇ ਉਸਦੇ ਉੱਤੇ ਤਰਸ ਖਾਧਾ ਅਤੇ ਉਸਨੂੰ ਆਖਿਆ ਨਾ ਰੋ "ਅਤੇ ਨੇੜੇ ਆਣ ਕੇ ਸਿੜ੍ਹੀ ਨੂੰ ਛੋਹਿਆ ਅਰ ਚੁੱਕਣ ਵਾਲੇ ਖਲੋ ਗਏ। ਤਦ ਉਹਨੇ ਕਿਹਾ, ਹੇ ਜੁਆਨ ਮੈਂ ਤੈਨੂੰ ਆਖਦਾ ਹਾਂ, ਉੱਠ!"**

**ਤਾਂ ਉਹ ਮੁਰਦਾ ਉੱਠ ਬੈਠਾ ਅਤੇ ਬੋਲਣ ਲੱਗ ਪਿਆ ਅਤੇ ਉਸਨੇ ਉਹਨੂੰ ਉਹਦੀ ਮਾਂ ਨੂੰ ਸੌਂਪ ਦਿੱਤਾ।**

ਜਦੋਂ ਯਿਸੂ ਨੇ ਵੱਡੇ ਤੂਫ਼ਾਨ ਨੂੰ ਝਿੜਕਿਆ, ਤਾਂ ਸਾਡੇ ਕੋਲ ਵਿਸ਼ਵਾਸ ਦੇ ਕੰਮ ਕਰਨ ਦੀ ਇੱਕ ਹੋਰ ਉਦਾਹਰਨ ਹੈ।

**ਮਰਕੁਸ 4:37-41 ਤਦ ਵੱਡੀ ਅਨ੍ਹੇਰੀ ਵਗੀ ਅਤੇ ਲਹਿਰਾਂ ਬੇੜੀ ਪੁਰ ਐਥੋਂ ਤੀਕਰ ਲੱਗ ਲਗੀਆਂ ਜੋ ਬੇੜੀ ਪਾਣੀ ਨਾਲ ਭਰ ਚੱਲੀ ਸੀ। ਉਹ ਬੇੜੀ ਦੇ ਪਿਛਲੇ ਸਿਰੇ ਵੱਲ ਇੱਕ ਸਿਰਹਾਣਾ ਰੱਖ ਕੇ ਸੁੱਤਾ ਹੋਇਆ ਸੀ। ਤਦ ਉਨ੍ਹਾਂ ਉਹਨੂੰ ਜਗਾਇਆ ਅਤੇ ਉਹਨੂੰ ਆਖਿਆ, "ਗੁਰੂ ਜੀ ਤੈਨੂੰ ਕੋਈ ਫ਼ਿਕਰ ਨਹੀਂ ਜੋ ਅਸੀਂ ਨਸ਼ਟ ਹੋ ਚੱਲੇ ਹਾਂ?"**

**ਤਦ ਉਹਨੇ ਉੱਠ ਕੇ ਪੌਣ ਨੂੰ ਦਬਕਾ ਦਿੱਤਾ "ਅਤੇ ਝੀਲ ਨੂੰ ਕਿਹਾ ਚੁੱਪ ਕਰ ਥੰਮ੍ਹ ਜਾਹ! "ਤਾਂ ਪੌਣ ਥੰਮ੍ਹ ਗਈ ਅਤੇ ਵੱਡਾ ਚੈਨ ਹੋ ਗਿਆ ਉਸਨੇ ਉਨ੍ਹਾਂ ਨੂੰ ਕਿਹਾ, ਤੁਸੀਂ ਕਿਉਂ ਡਰਦੇ ਹੋ? "ਅਜੇ ਤੁਹਾਨੂੰ ਨਿਹਚਾ ਨਹੀਂ ਆਈ?"**

**ਤਾਂ ਉਨ੍ਹਾਂ ਨੇ ਡਾਢਾ ਭੈ ਖਾਧਾ ਅਤੇ ਆਪੋ ਵਿੱਚ ਕਹਿਣ ਲੱਗੇ, ਇਹ ਕੌਣ ਹੈ ਕਿ ਪੌਣ ਅਤੇ ਝੀਲ ਵੀ ਉਹਦੀ ਮੰਨ ਲੈਂਦੇ ਹਨ?**

➢ *ਚਮਤਕਾਰੀ ਸ਼ੁੱਭ ਸਮਾਚਾਰ ਪ੍ਰਚਾਰ ਵਿੱਚ*

ਭਾਵੇਂ ਹਾਲਤ (ਸਥਿਤੀ) ਕਿੰਨੀ ਵੀ ਮੁਸ਼ਕਿਲ ਕਿਉਂ ਨਾ ਦਿੱਸਦੀ ਹੋਵੇ, ਪਰਮੇਸ਼ੁਰ ਦੈਵੀ ਤਰੀਕੇ ਨਾਲ ਸਾਡੇ ਅੰਦਰ ਇਸ ਗੱਲ ਦਾ ਵਿਸ਼ਵਾਸ ਪਾ ਦਿੰਦਾ ਹੈ ਕਿ ਅਸੀਂ ਆਪਣੇ ਹੱਥ ਬੀਮਾਰ ਉੱਤੇ ਰੱਖੀਏ ਅਤੇ ਇੱਕ ਸਿਰਜਨਾਤਮਕ ਚਮਤਕਾਰ ਨੂੰ ਬੋਲੀਏ। ਜਦੋਂ ਬੁੱਧੀ ਦੇ ਵਚਨ ਨੂੰ ਵਰਤਿਆ ਜਾਂਦਾ ਹੈ, ਤਾਂ ਅਸੀਂ ਦੇਖਦੇ ਹਾਂ ਕਿ ਪਰਮੇਸ਼ੁਰ ਚਮਤਕਾਰ ਕਰਦਾ ਹੈ ਅਤੇ ਵਿਸ਼ਵਾਸ ਦਾ ਵਰਦਾਨ ਸਾਡੀ ਆਤਮਾ ਵਿੱਚ ਪੈਦਾ ਹੋ ਜਾਂਦਾ ਹੈ। ਫਿਰ ਅਸੀਂ ਚਮਤਕਾਰਾਂ ਦੇ ਕਰਨ ਦੇ ਵਰਦਾਨ ਵੱਲ ਵੱਧਦੇ ਹਾਂ।

## ਚਮਤਕਾਰਾਂ ਦਾ ਹੋਣਾ

➢ *ਪਰਿਭਾਸ਼ਾ*

ਚਮਤਕਾਰਾਂ ਦਾ ਹੋਣਾ ਪਰਮੇਸ਼ੁਰ ਦੁਆਰਾ ਇੱਕ ਦੈਵੀ ਤਰੀਕੇ ਨਾਲ ਆਮ ਕੁਦਰਤ ਦੇ ਨਿਯਮਾਂ ਵਿੱਚ ਹੱਥ ਪਾਉਣਾ ਹੈ। ਇਹ ਪਰਮੇਸ਼ੁਰ ਦੀ ਸ਼ਕਤੀ ਦਾ ਦੈਵੀ ਪ੍ਰਦਰਸ਼ਨ ਹੈ ਜਿਸ ਦੇ ਦੁਆਰਾ ਕੁਦਰਤ ਦੇ ਨਿਯਮਾਂ ਨੂੰ ਬਦਲਿਆ, ਚਲਾਇਆ ਜਾਂ ਨਿਯੰਤਰਣ ਵਿੱਚ ਰੱਖਿਆ ਜਾਂਦਾ ਹੈ।

ਚਮਤਕਾਰੀ ਕੰਮ ਕਰਨਾ ਓਨਾ ਹੀ ਅਸਾਨ ਹੈ ਜਿੰਨਾ ਗ਼ੈਰ ਭਾਸ਼ਾਵਾਂ ਵਿੱਚ ਸੰਦੇਸ਼ ਦੇਣਾ। ਅਕਸਰ ਅਸੀਂ ਜਾਣਕਾਰੀ ਦਾ ਵਚਨ ਪ੍ਰਾਪਤ ਕਰਦੇ ਹਾਂ ਅਤੇ ਫਿਰ ਬੁੱਧੀ ਦਾ ਵਚਨ ਜੋ ਪ੍ਰਗਟ ਕਰਦਾ ਹੈ ਕਿ ਪਰਮੇਸ਼ੁਰ ਸਾਡੇ ਤੋਂ ਉਸ ਜਾਣਕਾਰੀ ਦੇ ਰਾਹੀਂ ਕੀ ਕਰਵਾਉਣਾ ਚਾਹੁੰਦਾ ਹੈ। ਜਦੋਂ ਅਸੀਂ ਜਾਣਕਾਰੀ ਦੇ ਵਚਨ ਨੂੰ ਪਾਉਂਦੇ ਹਾਂ ਤਾਂ ਅਸੀਂ ਆਪਣੇ ਆਪ ਨੂੰ ਇੱਕ ਚਮਤਕਾਰ ਕਰਦਾ ਹੋਇਆ ਪਾਉਂਦੇ ਹਾਂ। ਉਸ ਵੇਲੇ, ਵਿਸ਼ਵਾਸ ਦਾ ਵਰਨਣ ਆਉਂਦਾ ਹੈ ਅਤੇ ਦਲੇਰੀ ਨਾਲ ਉਹ ਕੰਮ ਕਰਦਾ ਹੈ ਜਿਸ ਨੂੰ ਅਸੀਂ ਹੁਣੇ-ਹੁਣੇ ਆਤਮਾ ਵਿੱਚ ਵੇਖਿਆ ਸੀ। ਇਸੇ ਕਾਰਨ ਇਸਨੂੰ ਚਮਤਕਾਰਾਂ ਦਾ ਕੰਮ ਕਰਨਾ ਕਿਹਾ ਜਾਂਦਾ ਹੈ। ਚਮਤਕਾਰ ਹਮੇਸ਼ਾ ਪਰਮੇਸ਼ੁਰ ਦੇ ਵਚਨ ਨੂੰ ਕਰਦੇ ਅਤੇ ਯਿਸੂ ਦੀ ਮਹਿਮਾ ਕਰਦੇ ਹਨ।

➢ *ਯਿਸੂ ਦੇ ਜੀਵਨ ਵਿੱਚ*

ਜਦੋਂ ਯਿਸੂ ਮਸੀਹ ਨੇ ਹਜ਼ਾਰਾਂ ਲੋਕਾਂ ਨੂੰ ਸੱਤ ਰੋਟੀਆਂ ਅਤੇ ਕੁਝ ਛੋਟੀਆਂ ਮੱਛੀਆਂ ਨਾਲ ਰਜਾਇਆ ਸੀ, ਸਾਡੇ ਕੋਲ ਚਮਤਕਾਰੀ ਕੰਮਾਂ ਦੀ ਇੱਕ ਬਹੁਤ ਵਧੀਆ ਉਦਾਹਰਨ ਹੈ।

**ਮੱਤੀ 15:33–38 ਤਾਂ ਚੇਲਿਆਂ ਨੇ ਉਹਨੂੰ ਕਿਹਾ "ਕਿ ਉਜਾੜ ਵਿੱਚ ਅਸੀਂ ਐੱਨੀਆਂ ਰੋਟੀਆਂ ਕਿੱਥੋਂ ਲਿਆਈਏ ਜੋ ਐਡੀ ਭੀੜ ਨੂੰ ਰਜਾਈਏ?"**

**ਤਦ ਯਿਸੂ ਨੇ ਉਨ੍ਹਾਂ ਨੂੰ ਆਖਿਆ "ਤੁਹਾਡੇ ਕੋਲ ਕਿੰਨੀਆਂ ਰੋਟੀਆਂ ਹਨ?"**

**ਓਹ ਬੋਲੇ, "ਸੱਤ ਅਤੇ ਥੋੜੀਆਂ ਨਿੱਕੀਆਂ ਮੱਛੀਆਂ ਹਨ।"**

**ਤਦ ਉਸਨੇ ਭੀੜ ਨੂੰ ਆਖਿਆ ਜੋ ਭੁੰਞੇ ਬੈਠ ਜਾਣ ਤਾਂ ਉਸਨੇ ਓਹ ਸੱਤ ਰੋਟੀਆਂ ਅਰ ਮੱਛੀਆਂ ਲਈਆਂ ਅਤੇ ਸ਼ੁਕਰ ਕਰਕੇ ਤੋੜੀਆਂ ਅਤੇ ਚੇਲਿਆਂ ਨੂੰ ਦਿੱਤੀਆਂ ਅਤੇ ਚੇਲਿਆਂ ਨੇ ਲੋਕਾਂ ਨੂੰ**

**ਅਤੇ ਓਹ ਸੱਭੇ ਖਾ ਕੇ ਰੱਜ ਗਏ ਅਰ ਬਚਿਆਂ ਹੋਇਆਂ ਟੁਕੜਿਆਂ ਨਾਲ ਉਨ੍ਹਾਂ ਨੇ ਸੱਤ ਟੋਕਰੇ ਭਰੇ ਹੋਏ ਚੁੱਕ ਲਏ ਅਤੇ ਖਾਣ ਵਾਲੇ ਜਨਾਨੀਆਂ ਅਤੇ ਬਾਲਕਾਂ ਬਿਨ੍ਹਾਂ ਚਾਰ ਹਜ਼ਾਰ ਮਰਦ ਸਨ**

➢ *ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ*

ਚਮਤਕਾਰੀ ਕੰਮਾਂ ਦੇ ਬਹੁਤ ਸਾਰੇ ਕਾਰਨ ਹਨ।

- ➢ ਸੁਰੱਖਿਆ
- ➢ ਤਰੇ ਤੋਂ ਬਚਾਉ
- ➢ ਲੋੜਵੰਦਾਂ ਨੂੰ ਮੁਹੱਈਆ ਕਰਵਾਉਣਾ
- ➢ ਨਿਆਂ ਨੂੰ ਪੂਰਾ ਕਰਨਾ
- ➢ ਕਿਸੇ ਵਿਅਕਤੀ ਦੇ ਬੁਲਾਵੇ ਨੂੰ ਪੱਕਾ ਕਰਨਾ
- ➢ ਉਸ ਵਚਨ ਨੂੰ ਦ੍ਰਿੜ੍ਹ ਕਰਨਾ ਜਿਸ ਦਾ ਪ੍ਰਚਾਰ ਕੀਤਾ ਗਿਆ ਹੋਵੇ

ਜਦੋਂ ਅਸੀਂ ਆਮ ਅਧਾਰ ਤੇ ਦੈਵੀ ਸ਼ਕਤੀ ਨੂੰ ਕੰਮ ਵਿੱਚ ਲਿਆਉਂਦੇ ਹਾਂ ਤਾਂ ਇਸ ਸੰਸਾਰ ਦੇ ਗੁਆਚੇ ਹੋਵੇ ਇਸ ਤੇ ਧਿਆਨ ਕਰਦੇ ਹਨ ਅਤੇ ਸਾਡੇ ਸ਼ਕਤੀਸ਼ਾਲੀ ਪ੍ਰੇਮੀ ਚਮਤਕਾਰੀ ਕਰਨ ਵਾਲੇ ਪਰਮੇਸ਼ੁਰ ਨਾਲ ਸੰਬੰਧ ਬਣਾਉਣਾ ਚਾਹੁੰਦੇ ਹਨ।

## ਚੰਗਾ ਕਰਨ ਦੇ ਵਰਦਾਨ

➢ *ਪਰਿਭਾਸ਼ਾ*

ਚੰਗਿਆਈ ਦੇ ਵਰਦਾਨ ਪਰਮੇਸ਼ੁਰ ਦੀ ਚੰਗਿਆਈ ਦੀ ਦੈਵੀ ਸਮਰੱਥ ਨੂੰ ਉਨ੍ਹਾਂ ਲੋਕਾਂ ਵਿੱਚ ਪ੍ਰਗਟ ਕਰਨਾ ਹੈ ਜਿੰਨ੍ਹਾਂ ਨੂੰ ਚੰਗਿਆਈ  ਦੀ ਲੋੜ ਹੈ ਇਨ੍ਹਾਂ ਨੂੰ ਵਰਦਾਨਾਂ ਵਿੱਚ ਵਰਨਣ ਕੀਤਾ ਜਾਂਦਾ ਹੈ ਕਿਉਂਕਿ ਇਨ੍ਹਾਂ ਨੂੰ ਪ੍ਰਗਟ ਕਰਨ ਦੇ, ਜਾਂ ਬੀਮਾਰਾਂ ਲਈ ਚੰਗਾਈ ਪ੍ਰਾਪਤ ਕਰਦਾ ਹੈ ਉਹ ਚੰਗਾਈ ਦੇ ਵਰਦਾਨਾਂ ਨੂੰ ਗ੍ਰਹਿਣ ਕਰ ਚੁੱਕਦਾ ਹੈ। ਚੰਗਿਆਈ ਦਾ ਵਰਦਾਨ ਪਵਿੱਤਰ ਆਤਮਾ ਨੂੰ ਦੈਵੀ ਰੂਪ ਵਿੱਚ ਦਰਸਾਉਣਾ ਹੈ ਅਤੇ ਇਹ ਦਵਾਈਆਂ ਦੇ ਵਿਗਿਆਨ ਤੋਂ ਵੱਖਰਾ ਹੈ।

ਇਸ ਯਿਸੂ ਮਸੀਹ ਦੀ ਦੇਹ ਵਿੱਚ ਪਰਮੇਸ਼ੁਰ ਦੇ ਵਰਦਾਨ ਹਨ ਅਤੇ ਇਹ ਚੰਗਿਆਈ ਲਈ ਬਹੁਤ ਮਹੱਤਵਪੂਰਨ ਹਨ।

➢ *ਯਿਸੂ ਮਸੀਹ ਦੇ ਜੀਵਨ ਵਿੱਚ*

ਚਾਰੇ ਸਮਾਚਾਰ ਯਿਸੂ ਮਸੀਹ ਦੀ ਲੋਕਾਂ ਲਈ ਚੰਗਿਆਈ ਦੀ ਸੇਵਕਾਈ ਨਾਲ ਭਰੇ ਹੋਏ ਹਨ।ਇਸੇ ਵਾਂਗ ਰਸੂਲਾਂ ਦੇ ਕਰਤੱਬ, ਵੀ ਮੁੱਢਲੇ ਵਿਸ਼ਵਾਸੀਆਂ ਦੇ ਚੰਗਿਆਈ ਦੇ ਵਰਦਾਨਾਂ ਅਤੇ ਨਾਲ ਹੀ ਪਵਿੱਤਰ ਆਤਮਾ ਦੇ ਦੂਸਰੇ ਵਰਦਾਨਾਂ ਨੂੰ ਕੰਮ ਵਿੱਚ ਕਿਸ ਤਰ੍ਹਾਂ ਲਿਆਏ ਜਾਣ ਦੇ ਕੰਮਾਂ ਨਾਲ ਭਰਪੂਰ ਹਨ। ਹਰ ਸਮੇਂ ਜਦ ਚਮਤਕਾਰ ਹੋਏ ਤਾਂ ਲੋਕ ਯਿਸੂ ਕੋਲ ਆਏ। ਯਿਸੂ ਨੇ ਕਿਹਾ ਕਿ ਵਿਸ਼ਵਾਸੀ ਬੀਮਾਰਾਂ ਤੇ ਹੱਥ ਰੱਖਣਗੇ ਅਤੇ ਉਹ ਚੰਗੇ ਹੋ ਜਾਣਗੇ। ਇਹ ਯਿਸੂ ਨੇ ਕਿਹਾ, ਇਹ ਕਿਸੇ ਗੁਆਚੇ ਹੋਏ ਸੰਸਾਰ ਵਿੱਚ ਉਸਦੇ ਵਚਨ ਨੂੰ ਪ੍ਰਗਟ ਕਰਨ ਦਾ ਇੱਕ ਚਿੰਨ੍ਹ ਹੈ।

➢ *ਚਮਤਕਾਰੀ ਸ਼ੁੱਭ-ਸਮਾਚਾਰ ਪ੍ਰਚਾਰ ਵਿੱਚ*

ਆਮ ਤੌਰ ਤੇ ਕਮਜ਼ੋਰੀ ਦੀਆਂ ਦੁਸ਼ਟ ਆਤਮਾਵਾਂ ਵਿਅਕਤੀ ਦੀ ਬੀਮਾਰੀ ਲਈ ਜ਼ਿੰਮੇਵਾਰ ਹੁੰਦੀਆਂ ਹਨ। ਉਦਾਹਰਨ ਲਈ, ਕੈਂਸਰ, ਜੋੜਾਂ ਦੀ ਸੋਜ ਕ੍ਰੋਧ ਅਤੇ ਕੌੜੇਪਨ (ਨਫ਼ਰਤ) ਦੀਆਂ ਆਤਮਾਵਾਂ ਹੁੰਦੀਆਂ ਹਨ। –

ਆਤਮਾਵਾਂ ਦੀ ਪਰਖ ਦੇ ਦੁਆਰਾ, ਪਵਿੱਤਰ ਆਤਮਾ ਸਮੱਸਿਆ ਦਾ ਕਾਰਨ ਪ੍ਰਗਟ ਕਰਦਾ ਹੈ ਅਤੇ ਵਿਅਕਤੀ ਨੂੰ ਅਜ਼ਾਦ ਕੀਤਾ ਜਾ ਸਕਦਾ ਹੈ। ਆਤਮਾ ਦੀ ਪਰਖ ਇੱਕ ਭਾਵ ਜਾਂ ਇੱਕ ਵਿਚਾਰ ਦੇ ਦੁਆਰਾ ਆਉਂਦੀ ਹੈ ਜੋ ਉਸ ਕਮਜ਼ੋਰੀ ਦੀ ਆਤਮਾ ਦਾ ਨਾਮ ਦੱਸਦੀ ਹੈ ਜੋ ਉਸ ਸਮੱਸਿਆ ਦਾ ਕਾਰਨ ਹੁੰਦੀ ਹੈ।

**ਮੱਤੀ 9:32,33 ਫੇਰ ਉਨ੍ਹਾਂ ਦੇ ਬਾਹਰ ਨਿੱਕਲਦਿਆਂ ਹੀ ਵੇਖੋ ਇੱਕ ਗੁੰਗੇ ਨੂੰ ਜਿਹਨੂੰ ਭੂਤ ਚਿੰਬੜਿਆ ਹੋਇਆ ਸੀ ਉਹਦੇ ਕੋਲ ਲਿਆਏ ਅਤੇ ਜਦ ਭੂਤ ਕੱਢਿਆ ਗਿਆ ਤਦ ਗੁੰਗਾ ਬੋਲਣ ਲੱਗ ਪਿਆ ਅਤੇ ਭੀੜ ਅਚਰਜ ਮੰਨ ਕੇ ਆਖਣ ਲੱਗੀ "ਭਈ ਇਸਰਾਏਲ ਵਿੱਚ ਇਸ ਪਰਕਾਰ ਕਦੀ ਨਹੀਂ ਵੇਖਿਆ।"**

ਜਦੋਂ ਅਸੀਂ ਪ੍ਰਭੂ ਕੋਲੋਂ ਇਹ ਜਾਣ ਲੈਂਦੇ ਹਾਂ ਕਿ ਇੱਕ ਵਿਅਕਤੀ ਦੇ ਜੀਵਨ ਵਿੱਚ ਕੀ ਸਮੱਸਿਆ ਹੈ ਤਾਂ ਉਸ ਵਿਅਕਤੀ ਨਾਲ ਇਨ੍ਹਾਂ ਚੰਗਿਆਈ ਦੇ ਵਰਦਾਨਾਂ ਦੀ ਸੇਵਕਾਈ ਕਰਨਾ ਅਸਾਨ ਹੋ ਜਾਂਦਾ ਹੈ। ਜਦੋਂ ਇੱਕ ਵਿਅਕਤੀ ਯਿਸੂ ਮਸੀਹ ਦੇ ਨਾਂ ਵਿੱਚ ਚੰਗਾ ਹੁੰਦਾ ਹੈ, ਤਾਂ ਇਹ ਉਸ ਵਿਅਕਤੀ ਲਈ ਯਿਸੂ ਨੂੰ ਜਾਨਣ ਅਤੇ ਉਸਨੂੰ ਆਪਣਾ ਨਿੱਜੀ ਮੁਕਤੀਦਾਤਾ ਗ੍ਰਹਿਣ ਕਰਨ ਲਈ ਰਾਹ ਖੋਲ੍ਹਦਾ ਹੈ

## ਸਾਰ

ਚੰਗਿਆਈ ਦੇ ਵਰਦਾਨ ਜਿਸ ਤਰ੍ਹਾਂ ਯਿਸੂ ਮਸੀਹ ਅਤੇ ਰਸੂਲਾਂ ਦੀ ਸੇਵਕਾਈ ਵਿੱਚ ਸਭ ਤੋਂ ਮਹੱਤਵਪੂਰਣ ਦੈਵੀ ਪ੍ਰਗਟੀਕਰਨ ਸਨ (ਪ੍ਰਭਾਵਸ਼ਾਲੀ ਚਮਤਕਾਰੀ ਪ੍ਰਚਾਰ ਲਈ)। ਜਦੋਂ ਪਰਮੇਸ਼ੁਰ ਆਪਣੇ ਵਚਨ ਨੂੰ ਚੰਗਿਆਈ ਦੇ ਚਮਤਕਾਰਾਂ ਰਾਹੀਂ ਪ੍ਰਗਟ ਕਰਦਾ ਹੈ ਤਾਂ ਹਮੇਸ਼ਾ ਲੋਕ ਯਿਸੂ ਕੋਲ ਆਉਂਦੇ ਹਨ।

ਪਵਿੱਤਰ ਆਤਮਾ ਦੇ ਵਰਦਾਨ ਹੁਣ ਕੁਝ ਹੀ ਚੰਗਿਆਈ ਪ੍ਰਚਾਰਕਾਂ ਤੱਕ ਹੀ ਸੀਮਿਤ ਨਹੀਂ ਰਹਿਣਗੇ। ਸੁਪਰ ਸਟਾਰ ਜ਼ਮਾਨਾ ਖ਼ਤਮ ਹੋ ਚੁੱਕਾ ਹੈ। ਇਹ ਹੁਣ ਹਰ ਵਿਸ਼ਵਾਸੀ ਲਈ ਯਿਸੂ ਮਸੀਹ ਦਾ ਕੰਮ ਕਰਨ ਦਾ ਸਮਾਂ ਹੈ - ਹਰ ਵਿਸ਼ਵਾਸੀ ਦੇਣ ਵਾਲਾ ਹੋਵੇਗਾ।

ਜਦੋਂ ਹਰ ਆਤਮਾ ਨਾਲ ਭਰਿਆ ਵਿਸ਼ਵਾਸੀ ਚੱਲੇਗਾ ਅਤੇ ਪਰਮੇਸ਼ੁਰ ਦੇ ਮਸਹ ਦੁਆਰਾ ਪਵਿੱਤਰ ਆਤਮਾ ਦੇ ਹਰ ਵਰਦਾਨ ਨੂੰ ਇਸਤੇਮਾਲ ਕਰੇਗਾ, ਤਾਂ ਚਮਤਕਾਰੀ ਪ੍ਰਚਾਰ ਦੀ ਇੱਕ ਲਹਿਰ ਸਾਰੇ ਸ਼ਹਿਰਾਂ ਦੇ ਚਾਰ -ਚੁਫ਼ੇਰੇ ਅਤੇ ਸੰਸਾਰ ਦੇ ਆਰ- ਪਾਰ ਵਹਿ ਪਵੇਗੀ।

ਟਿੱਪਣੀ- ਪਵਿੱਤਰ ਆਤਮਾ ਦੇ ਵਰਦਾਨਾਂ ਦੀ ਗਹਿਰੀ ਸਿੱਖਿਆ ਲਈ, ਏ.ਐੱਲ਼ ਅਤੇ ਜੋਏਸ ਗਿੱਲ ਦੁਆਰਾ ਲਿਖਿਤ ਕਿਤਾਬ ਸੁਪਰ ਨੈਚੁਰਲ ਲਿਵੀਂਗ ਥਰੂ ਦਾ ਗਿਫ਼ਟਸ ਆਫ਼ ਹੋਲੀ ਸਪਿਰਟ ਅਤੇ ਵਿਕਟਰੀ ਓਵਰ ਡਿਸੇਪਸ਼ਨ ਜੋ ਜੋਏਸ ਗਿੱਲ ਦੁਆਰਾ ਲਿਖੀ ਗਈ ਹੈ ਪੜ੍ਹੋ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਆਤਮਾ ਵਿੱਚ ਪ੍ਰਭਾਵ ਪੂਰਨ ਸੇਵਕਾਈ ਲਈ ਕਿਹੜੇ ਤਿੰਨ ਕਦਮ ਹਨ?

2. ਆਤਮਾ ਦੇ ਵਰਦਾਨਾਂ ਦੀਆਂ ਕਿੰਨੀਆਂ ਸ਼੍ਰੇਣੀਆਂ ਹਨ?

3. ਆਤਮਾ ਦੇ ਨੌਵਾਂ ਵਰਦਾਨਾਂ ਦੀ ਸੂਚੀ ਬਣਾਓ ਅਤੇ ਇਨ੍ਹਾਂ ਨੂੰ ਚਮਤਕਾਰੀ ਪ੍ਰਚਾਰ ਵਿੱਚ ਕਿਵੇਂ ਵਰਤਿਆ ਜਾ ਸਕਦਾ ਹੈ।

## ਅਧਿਆਇ ਗਿਆਰਾਂ

# *ਚੰਗਿਆਈ ਅਤੇ ਮੁਕਤੀ ਦੀ ਸੇਵਕਾਈ ਕਰਨਾ*

ਬੀਮਾਰਾਂ ਅਤੇ ਦੁਸ਼ਟ ਆਤਮਾਵਾਂ ਦੇ ਜਕੜਿਆਂ ਦੀ ਸੇਵਕਾਈ ਦੇ ਕਈ ਤਰੀਕੇ ਹਨ। ਸ਼ੁੱਭ-ਸਮਾਚਾਰਾਂ ਅਤੇ ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿੱਚ, ਅਸੀਂ ਵੇਖਦੇ ਹਾਂ ਕਿ ਯਿਸੂ ਮਸੀਹ ਨੇ ਜ਼ਰੂਰਤਮੰਦ ਲੋਕਾਂ ਦੀ ਕਈ ਅਲੱਗ-ਅਲੱਗ ਤਰੀਕਿਆਂ ਨਾਲ ਸੇਵਾ ਕੀਤੀ ਹੈ।

ਹਰ ਇੱਕ ਜੋ ਚਮਤਕਾਰੀ ਪ੍ਰਚਾਰ ਵਿੱਚ ਸ਼ਾਮਿਲ ਹੈ ਉਸਨੂੰ ਆਤਮਾ ਦੀ ਅਗਵਾਈ ਵਿੱਚ ਚੱਲਣਾ ਬਹੁਤ ਹੀ ਜ਼ਰੂਰੀ ਹੈ। ਇੱਥੋਂ ਤੱਕ ਕਿ ਜਦੋਂ ਇੱਕ ਮਸੀਹੀ ਵੀ ਚੰਗਾ ਹੁੰਦਾ ਹੈ, ਤਾਂ ਅਵਿਸ਼ਵਾਸੀ ਇਸ ਦੇ ਬਾਰੇ ਸੁਣਦੇ ਹਨ। ਹਰ ਇੱਕ ਚੰਗਿਆਈ, ਮੁਕਤੀ ਅਤੇ ਚਮਤਕਾਰ ਅਵਿਸ਼ਵਾਸੀਆਂ ਨੂੰ ਵਿਸ਼ਵਾਸ ਕਰਨ ਅਤੇ ਯਿਸੂ ਮਸੀਹ ਨੂੰ ਆਪਣਾ ਮੁਕਤੀਦਾਤਾ ਸਵੀਕਾਰ ਕਰਨ ਵਿੱਚ ਅਗਵਾਈ ਕਰਦਾ ਹੈ।

## ਪਰਮੇਸ਼ੁਰ ਦੀ ਚੰਗਿਆਈ ਦੀ ਸ਼ਕਤੀ

### ਔਰਤ ਚੰਗੀ ਹੋਈ

ਜਿਸ ਤਰ੍ਹਾਂ, ਅਸੀਂ ਯਿਸੂ ਮਸੀਹ ਦੀ ਚੰਗਿਆਈ ਦੀ ਸੇਵਕਾਈ ਬਾਰੇ ਅਧਿਐਨ ਕੀਤਾ ਹੈ, ਸਾਨੂੰ ਇਹ ਪਤਾ ਲੱਗਾ ਹੈ ਕਿ ਉਸਦੇ ਸਰੀਰ ਵਿੱਚ ਚੰਗਿਆਈ ਦੀ ਸਮਰੱਥ ਸੀ ਜੋ ਬਾਹਰ ਆ ਕੇ ਦੂਜਿਆਂ ਨੂੰ ਚੰਗਾ ਕਰਦੀ ਸੀ। ਇਸ ਦੀ ਇੱਕ ਉਦਾਹਰਨ ਉਸ ਔਰਤ ਦੀ ਕਹਾਣੀ ਵਿੱਚ ਮਿਲਦੀ ਹੈ ਜਿਸ ਨੂੰ ਖ਼ੂਨ ਆਉਂਦਾ ਸੀ।-

**ਮਰਕੁਸ 5:25-24 ਤਦ ਇੱਕ ਜਨਾਨੀ ਜਿਹਨੂੰ ਬਾਰਾਂ ਵਰਿਹਾਂ ਤੋਂ ਲਹੂ ਆਉਂਦਾ ਸੀ ਅਰ ਜਿਨ੍ਹ ਬਹੁਤ ਹਕੀਮਾਂ ਦੇ ਹੱਥੋਂ ਵੱਡਾ ਦੁੱਖ ਪਾਇਆ ਅਤੇ ਆਪਣਾ ਸਭ ਕੁਝ ਖਰਚ ਕਰ ਦਿੱਤਾ ਸੀ ਪਰ ਕੁਝ ਵੀ ਅਰਾਮ ਨਾ ਪਾਇਆ ਸਗੋਂ ਉਹਦਾ ਹੋਰ ਵੀ ਮਾੜਾ ਹਾਲ ਹੋ ਗਿਆ ਸੀ**

**ਉਹ ਯਿਸੂ ਦੀ ਖ਼ਬਰ ਸੁਣ ਕੇ ਭੀੜ ਵਿੱਚ ਪਿੱਛੋਂ ਦੀ ਹੋ ਕੇ ਆਈ ਅਤੇ ਉਹਦਾ ਕੱਪੜਾ ਛੋਹ ਲਿਆ, ਕਿਉਂ ਜੋ ਉਸ ਆਖਿਆ, "ਜੇ ਮੈਂ ਨਿਰਾ ਉਹ ਦੇ ਕੱਪੜੇ ਨੂੰ ਹੀ ਛੋਹਾਂ ਤਾਂ ਚੰਗੀ ਹੋ ਜਾਵਾਂਗੀ" ਅਤੇ ਓਵੇਂ ਉਸਦੇ ਲਹੂ ਦਾ ਵਹਾਓ ਸੁੱਕ ਗਿਆ ਅਰ ਉਨ ਆਪਣੇ ਸਰੀਰ ਵਿੱਚ ਮਲੂਮ ਕਰ ਲਿਆ ਜੋ ਮੈਂ ਇਸ ਬਲਾ ਤੋਂ ਛੁੱਟੀ।**

**ਅਤੇ ਯਿਸੂ ਨੇ ਉਸ ਵੇਲੇ ਆਪਣੇ ਮਨ ਵਿੱਚ ਜਾਣ ਕੇ ਜੋ ਮੇਰੇ ਵਿੱਚੋਂ ਸ਼ਕਤੀ ਨਿਕਲੀ ਹੈ ਉਸ ਭੀੜ ਦੀ ਵੱਲ ਮੁੜ ਕੇ ਕਿਹਾ, "ਮੇਰੇ ਕੱਪੜੇ ਨੂੰ ਕਿਹਨੇ ਛੋਹਿਆ?"**

**ਉਹਦੇ ਚੇਲਿਆਂ ਨੇ ਉਹਨੂੰ ਆਖਿਆ, "ਤੂੰ ਵੇਖਦਾ ਹੈਂ ਜੋ ਲੋਕ ਤੈਨੂੰ ਦਬਾਉਂਦੇ ਹਨ, ਫੇਰ ਤੂੰ ਕਹਿੰਦਾ ਹੈਂ, ਮੈਨੂੰ ਕਿਹਨੇ ਛੋਹਿਆ?"**

**ਅਤੇ ਉਸਨੇ ਇੱਧਰ ਉੱਧਰ ਨਜ਼ਰ ਮਾਰੀ ਭਈ ਇਸ ਕੰਮ ਦੇ ਕਰਨ ਵਾਲੀ ਨੂੰ ਵੇਖੇ ।**

**ਤਦ ਉਹ ਜਨਾਨੀ ਜੋ ਕੁਝ ਉਸ ਉੱਤੇ ਬੀਤਿਆ ਸੀ ਜਾਣ ਕੇ ਡਰਦੀ ਅਤੇ ਕੰਬਦੀ ਆਈ ਅਤੇ ਉਹਦੇ ਚਰਨਾਂ ਉੱਤੇ ਡਿੱਗ ਕੇ ਸਾਰੀ ਹਕੀਕਤ ਉਹਨੂੰ ਦੱਸ ਦਿੱਤੀ।**

**ਤਾਂ ਉਹ ਨੇ ਉਸਨੂੰ ਆਖਿਆ, "ਹੇ ਬੇਟੀ ਤੇਰੀ ਨਿਹਚਾ ਨੇ ਤੈਨੂੰ ਚੰਗਾ ਕੀਤਾ ਹੈ, ਸਲਾਮਤ ਚਲੀ ਜਾਹ ਅਤੇ ਆਪਣੀ ਬਲਾ ਤੋਂ ਬਚੀ ਰਹੁ।"**

ਯੂਨਾਨੀ ਸ਼ਬਦ ਜੋ ਉਸ 'ਸ਼ਕਤੀ' ਲਈ ਜੋ ਯਿਸੂ ਮਸੀਹ ਵਿੱਚੋਂ ਉਸ ਔਰਤ ਤੇ ਆਇਆ ਸੀ ਉਹ "ਡਨਾਮਿਸ" ਹੈ। ਇਹ ਜੜ੍ਹ ਸ਼ਬਦ ਹੈ ਜਿਸ ਵਿੱਚੋਂ ਸਾਡਾ ਅੰਗ੍ਰੇਜ਼ੀ ਸ਼ਬਦ "ਡਾਇਨਾਮਾਇਟ" ਬਣਿਆ ਹੈ।

## ਅਦਭੁੱਤ ਸ਼ਕਤੀ

ਜਦੋਂ ਔਰਤ ਨੇ ਉਨ੍ਹਾਂ ਨੂੰ ਛੂਹਿਆ ਤਾਂ ਯਿਸੂ ਮਸੀਹ ਰੁਕ ਗਏ ਅਤੇ ਮੁੜ ਕੇ ਇੱਧਰ ਉੱਧਰ ਵੇਖਿਆ ਕਿਉਂਕਿ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਸਰੀਰ ਵਿੱਚੋਂ ਵਿਸਫੋਟਕ ਸ਼ਕਤੀ ਬਾਹਰ ਨਿਕਲੀ ਹੈ। ਪਵਿੱਤਰ ਆਤਮਾ ਦੀ ਸ਼ਕਤੀ ਜੋ ਯਰਦਨ ਨਦੀ ਵਿੱਚ ਬਿਪਤਸਮੇਂ ਤੋਂ ਬਾਅਦ ਉਨ੍ਹਾਂ ਉੱਤੇ ਆਈ ਸੀ, ਇਹ ਇੱਕ ਅਸਲੀ ਅਤੇ ਛੂਹ ਸਕੀ ਜਾਣ ਵਾਲੀ ਸ਼ਕਤੀ ਸੀ ਜੋ ਛੂਹਣ ਨਾਲ ਬਦਲਦੀ ਸੀ।

**ਲੂਕਾ 6:19 ਅਰ ਸਾਰੇ ਲੋਕ ਉਹ ਨੂੰ ਛੋਹਣਾ ਚਾਹੁੰਦੇ ਸਨ ਇਸ ਲਈ ਜੋ ਸ਼ਕਤੀ ਉਸ ਤੋਂ ਨਿੱਕਲ ਕੇ ਸਭਨਾਂ ਨੂੰ ਚੰਗਾ ਕਰਦੀ ਸੀ।**

ਯਿਸੂ ਨੇ ਕਿਹਾ ਕਿ ਜਦੋਂ ਪਵਿੱਤਰ ਆਤਮਾ ਆਵੇਗਾ ਅਸੀਂ ਸ਼ਕਤੀ ਪ੍ਰਾਪਤ ਕਰਾਂਗਾ।

**ਰਸੂਲਾਂ ਦੇ ਕਰਤੱਬ 1:8 "ਪਰ ਜਾਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ।"**

ਜੋ ਸ਼ਬਦ "ਤਾਕਤ" ਲਈ ਵਰਤਿਆ ਜਾਂਦਾ ਹੈ ਬਿਲਕੁਲ ਉਹੀ ਸ਼ਬਦ ਹੈ ਜੋ ਉਸ ਸ਼ਕਤੀ ਨੂੰ ਬਿਆਨ ਕਰਨ ਲਈ ਵਰਤਿਆ ਜਾਂਦਾ ਹੈ ਬਿਲਕੁਲ ਉਹੀ ਸ਼ਬਦ ਹੈ ਜੋ ਉਸ ਸ਼ਕਤੀ ਨੂੰ ਬਿਆਨ ਕਰਨ ਲਈ ਵਰਤਿਆ ਗਿਆ ਸੀ ਜੋ ਯਿਸੂ ਮਸੀਹ ਦੇ ਵਿੱਚੋਂ ਨਿਕਲੀ ਸੀ। ਆਤਮਾ ਨਾਲ ਭਰਪੂਰ ਵਿਸ਼ਵਾਸੀਆਂ ਵਿੱਚ ਬਿਲਕੁਲ ਉਹੀ ਆਤਮਾ ਹੁੰਦਾ ਹੈ ਜੋ ਯਿਸੂ ਮਸੀਹ ਵਿੱਚ ਸੀ।

ਸਾਡੇ ਵਿੱਚ ਉਹੀ ਅਦਭੁੱਤ ਸ਼ਕਤੀ ਹੈ। ਜਦੋਂ ਅਸੀਂ ਚੰਗਿਆਈ ਦੀ ਸੇਵਕਾਈ ਕਰਦੇ ਹਾਂ ਅਸੀਂ ਬੜੇ ਸਧਾਰਨ ਤਰੀਕੇ ਨਾਲ ਇਸ ਸ਼ਕਤੀ ਨੂੰ ਦੂਜਿਆਂ ਦੇ ਜੀਵਨ ਵਿੱਚ ਵਹਾਉਂਦੇ ਹਾਂ।

**ਯੂਹੰਨਾ 7:38, "ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹਦੇ ਅੰਦਰੋਂ ਵਗਣਗੀਆਂ!"**

ਜੋ ਵਿਸਫੋਟਕ ਸ਼ਕਤੀ ਸਾਡੇ ਅੰਦਰ ਹੈ ਉਹ ਉਸ ਸਮੇਂ ਬਾਹਰ ਨਿਕਲਦੀ ਹੈ ਜਦੋਂ ਅਸੀਂ ਪਰਮੇਸ਼ੁਰ ਦੇ ਆਗਿਆਕਾਰੀ ਹੁੰਦੇ ਹਾਂ।

## ਵਿਸ਼ਵਾਸ ਦੇ ਦੁਆਰਾ

ਉਹ ਔਰਤ ਜਿਸ ਦਾ ਲਹੂ ਵਹਿੰਦਾ ਸੀ, ਉਸਨੇ ਆਪਣਾ ਸਾਰਾ ਧੰਨ ਡਾਕਟਰਾਂ ਤੇ ਖਰਚ ਕਰ ਦਿੱਤਾ ਸੀ ਜੋ ਉਸ ਦੀ ਮਦਦ ਕਰਨ ਦੇ ਲਾਇਕ ਨਹੀਂ ਸਨ। ਆਪਣੀ ਇਸ ਨਿਰਾਸ਼ਾ ਭਰੀ ਸਥਿਤੀ ਦੇ ਵਿਚਕਾਰ, ਉਸਨੇ ਯਿਸੂ ਮਸੀਹ ਦੇ ਬਾਰੇ ਸੁਣਿਆ। ਜਦੋਂ ਉਸਨੇ ਉਸ ਰਾਹੀਂ ਕੀਤੇ ਗਏ ਚਮਤਕਾਰਾਂ ਬਾਰੇ ਸੁਣਿਆ ਤਾਂ ਉਸਦੇ ਅੰਦਰ ਵਿਸ਼ਵਾਸ ਆ ਗਿਆ।

**ਰੋਮੀਆਂ 10:17** ਸੋ ਪਰਤੀਤ ਸੁਣਨ ਨਾਲ, ਅਤੇ ਸੁਣਨਾ ਮਸੀਹ ਦੇ ਬਚਨ ਤੋਂ ਆਉਂਦਾ ਹੈ।

ਉਸਨੇ ਆਪਣੇ ਵਿਸ਼ਵਾਸ ਬਾਰੇ ਬੋਲਣਾ ਸ਼ੁਰੂ ਕਰ ਦਿੱਤਾ ਜਿਸ ਤਰ੍ਹਾਂ ਉਸਨੇ ਦਲੇਰੀ ਨਾਲ ਘੋਸ਼ਣਾ ਕੀਤੀ ਹੈ, "ਜੇਕਰ ਮੈਂ ਕੇਵਲ ਉਸਦੇ ਕੱਪੜਿਆਂ ਨੂੰ ਹੀ ਛੂਹ ਲਵਾਂਗੀ ਤਾਂ

ਮੈਂ ਚੰਗੀ ਹੋ ਜਾਵਾਂਗੀ।" ਫਿਰ ਉਸਨੇ ਉਸ ਵਿਸ਼ਵਾਸ ਉੱਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਜਿਸ ਤਰ੍ਹਾਂ ਉਹ ਬਾਹਰ ਗਈ ਅਤੇ ਉਸਦੇ ਕੱਪੜਿਆਂ ਨੂੰ ਛੂਹ ਲਿਆ। ਉਸ ਸਮੇਂ ਉਹ ਚੰਗਿਆਈ ਦੀ ਸਮਰੱਥ ਜੋ ਯਿਸੂ ਮਸੀਹ ਵਿੱਚ ਸੀ ਉਸ ਵਿੱਚ ਆ ਗਈ ਅਤੇ ਉਹ ਚੰਗੀ ਹੋ ਗਈ ਸੀ।

ਯਿਸੂ ਨੇ ਉਸਨੂੰ ਕਿਹਾ, "ਬੇਟੀ, ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾ ਕੀਤਾ ਹੈ?

ਜੇਕਰ ਅਸੀਂ ਪਰਮੇਸ਼ੁਰ ਦੀ ਆਗਿਆਕਾਰੀ ਕਰਦੇ ਹੋਏ ਆਪਣੇ ਹੱਥ ਬੀਮਾਰਾਂ ਤੇ ਰੱਖਦੇ ਹਾਂ, ਅਸੀਂ ਵੀ ਵਿਸ਼ਵਾਸ ਦੁਆਰਾ, ਪਰਮੇਸ਼ੁਰ ਦੀ ਸ਼ਕਤੀਸ਼ਾਲੀ ਚੰਗਿਆਈ ਦੀ ਸਮਰੱਥ ਨੂੰ ਜੋ ਸਾਡੇ ਅੰਦਰ ਹੈ, ਉਨ੍ਹਾਂ ਲੋਕਾਂ ਦੇ ਸਰੀਰਾਂ ਵਿੱਚ ਵਹਾਉਂਦੇ ਹਾਂ ਜਿਨ੍ਹਾਂ ਨੂੰ ਚੰਗੇ ਹੋਣ ਦੀ ਲੋੜ ਹੁੰਦੀ ਹੈ। ਅਸੀਂ ਆਪਣੇ ਵਿਸ਼ਵਾਸ ਨੂੰ ਦਲੇਰੀ ਨਾਲ ਬੋਲਦੇ ਹੋਏ ਅਤੇ ਕਿਰਿਆ ਕਰਦੇ ਹੋਏ ਵੇਖਦੇ ਹਾਂ ਜਿਵੇਂ ਲਹੂ ਵਹਿਣ ਵਾਲੀ ਔਰਤ ਦੇ ਵਿਸ਼ੇ ਵਿੱਚ ਹੈ।

### ਹੱਥਾਂ ਨਾਲ ਛੂਹਣਾ

- *ਯਿਸੂ ਦੇ ਰਾਹੀਂ*

ਯਿਸੂ ਨੇ ਕੋੜੀ ਉੱਤੇ ਆਪਣੇ ਹੱਥ ਰੱਖੇ ਅਤੇ ਉਹ ਸ਼ਕਤੀ ਜੋ ਉਨ੍ਹਾਂ ਵਿੱਚ ਸੀ ਉਸ ਆਦਮੀ ਵਿੱਚ ਵਹਿ ਗਈ ਸੀ।

**ਮਰਕੁਸ 1:40,41 ਇੱਕ ਕੋੜ੍ਹੀ ਨੇ ਉਹ ਦੇ ਕੋਲ ਆਣ ਕੇ ਉਹ ਦੀ ਮਿੰਨਤ ਕੀਤੀ ਅਰ ਉਹਦੇ ਅੱਗੇ ਗੋਡੇ ਨਿਵਾ ਕੇ ਉਸ ਨੂੰ ਆਖਿਆ, ਜੇ ਤੂੰ ਚਾਹੇਂ ਤਾਂ ਮੈਨੂੰ ਸ਼ੁੱਧ ਕਰ ਸਕਦਾ ਹੈਂ। "ਅਤੇ ਉਸਨੇ ਤਰਸ ਖਾ ਕੇ ਆਪਣਾ ਹੱਥ ਲੰਮਾ ਕੀਤਾ ਅਰ ਉਹਨੂੰ ਛੋਹ ਕੇ ਕਿਹਾ, ਮੈਂ ਚਾਹੁੰਦਾ ਹਾਂ, ਤੂੰ ਸ਼ੁੱਧ ਹੋ ਜਾਹ।"**

ਗੂੰਗੇ ਅਤੇ ਬੋਲੇ ਮਨੁੱਖ ਨੂੰ ਚੰਗਾ ਕਰਨਾ, ਯਿਸੂ ਨੇ ਆਪਣੀਆਂ ਉਂਗਲੀਆਂ ਉਸ ਦੇ ਕੰਨਾਂ ਵਿੱਚ ਪਾਈਆਂ।

**ਮਰਕੁਸ 7:31–35 ਉਹ ਫੇਰ ਸੂਰ ਦੀਆਂ ਹੱਦਾਂ ਤੋਂ ਨਿੱਕਲ ਕੇ ਸੈਦਾ ਦੇ ਰਾਹ ਦਿਕਾਪੁਲਿਸ ਦੀਆਂ ਹੱਦਾਂ ਵਿੱਚੋਂ ਦੀ ਹੋ ਕੇ ਗਲੀਲ ਦੀ ਝੀਲ ਨੂੰ ਗਿਆ ਅਤੇ ਲੋਕਾਂ ਨੇ ਇੱਕ ਬੋਲੇ ਨੂੰ ਜਿਹੜਾ ਥਥਲਾ ਵੀ ਸੀ ਉਹਦੇ ਕੋਲ ਲਿਆ ਕੇ ਉਹਦੀ ਮਿੰਨਤ ਕੀਤੀ ਜੋ ਉਸ ਉੱਤੇ ਆਪਣਾ ਹੱਥ ਰੱਖੇ। ਉਹ ਉਸਨੂੰ ਭੀੜ ਤੋਂ ਅਲੱਗ ਲੈ ਗਿਆ ਅਰ ਆਪਣੀਆਂ ਉਂਗਲੀਆਂ ਉਹਦੇ ਕੰਨਾਂ ਵਿੱਚ ਦਿੱਤੀਆਂ ਅਤੇ ਥੁੱਕ ਕੇ ਉਹਦੀ ਜੀਭ ਛੋਹੀ ਅਤੇ ਅਕਾਸ਼ ਵੱਲ ਵੇਖ ਕੇ ਹਾਉਕਾ ਭਰਿਆ ਅਰ ਉਹਨੂੰ ਆਖਿਆ "ਇੱਫਤਾ" ਅਰਥਾਤ "ਖੁੱਲ੍ਹ ਜਾਹ"**

**ਅਤੇ ਉਹਦੇ ਕੰਨ ਖੁੱਲ੍ਹ ਗਏ ਅਰ ਉਹ ਦੀ ਜੀਭ ਦਾ ਅਟਕਣਾ ਜਾਂਦਾ ਰਿਹਾ ਅਤੇ ਉਹ ਸਾਫ਼ ਬੋਲਣ ਲੱਗ ਪਿਆ।**

ਯਿਸੂ ਮਸੀਹ ਆਮ ਤੌਰ ਤੇ ਆਪਣੇ ਹੱਥ ਉਸ ਜਗ੍ਹਾ ਤੇ ਲਗਾਉਂਦੇ ਸਨ ਜਿਸ ਸਥਾਨ ਨੂੰ ਚੰਗਿਆਈ ਦੀ ਲੋੜ ਹੁੰਦੀ ਸੀ।

- *ਪੌਲੁਸ ਦੁਆਰਾ*

ਪੌਲੁਸ ਰਸੂਲ ਆਪਣੇ ਹੱਥ ਬੀਮਾਰਾਂ ਉੱਤੇ ਰੱਖਦਾ ਸੀ ਅਤੇ ਉਹ ਠੀਕ ਹੋ ਜਾਂਦੇ ਸਨ,

**ਰਸੂਲਾਂ ਦੇ ਕਰਤੱਬ 19:11 ਪਰਮੇਸ਼ੁਰ ਪੌਲੁਸ ਦੇ ਹੱਥੋਂ ਅਨੋਖੀਆਂ ਕਰਾਮਾਤਾਂ ਵਿਖਾਲਦਾ ਸੀ।**

**ਰਸੂਲਾਂ ਦੇ ਕਰਤੱਬ 28:8 ਤਾਂ ਐਉਂ ਹੋਇਆ ਜੋ ਪੁਬਲਿਯੁਸ ਦਾ ਪਿਉ ਤਾਪ ਅਤੇ ਮਰੋੜਾਂ ਨਾਲ ਮਾਂਦਾ ਪਿਆ ਹੋਇਆ ਸੀ ਸੋ ਪੌਲੁਸ ਨੇ ਉਸ ਕੋਲ ਅੰਦਰ ਜਾ ਕੇ ਪ੍ਰਾਰਥਨਾ ਕੀਤੀ ਅਤੇ ਉਸ ਉੱਤੇ ਹੱਥ ਰੱਖ ਕੇ ਉਸਨੂੰ ਚੰਗਾ ਕਰ ਦਿੱਤਾ।**

➢ *ਸਾਰੇ ਵਿਸ਼ਵਾਸੀ*

ਸਾਰੇ ਵਿਸ਼ਵਾਸੀਆਂ ਨੂੰ ਆਗਿਆ ਦਿੱਤੀ ਗਈ ਹੈ ਕਿ ਉਹ ਆਪਣੇ ਹੱਥ ਬੀਮਾਰਾਂ ਉੱਤੇ ਰੱਖਣ ਅਤੇ ਉਹ ਠੀਕ ਹੋ ਜਾਣਗੇ।

**ਮਰਕੁਸ 16:17,18 "ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ। ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਓਹ ਚੰਗੇ ਹੋ ਜਾਣਗੇ।"**

## ਯਿਸੂ ਦੇ ਨਾਮ ਵਿੱਚ ਬੋਲਣਾ

ਜਦੋਂ ਅਸੀਂ ਯਿਸੂ ਦਾ ਨਾਮ ਬੋਲਦੇ ਹਾਂ ਤਾਂ ਇੱਕ ਬਹੁਤ ਹੀ ਸ਼ਕਤੀਸ਼ਾਲੀ ਤਾਕਤ ਨਿਕਲਦੀ ਹੈ।

➢ *ਪਤਰਸ ਅਤੇ ਯੂਹੰਨਾ ਦੇ ਦੁਆਰਾ*

**ਰਸੂਲਾਂ ਦੇ ਕਰਤੱਬ 3:1-8,16 ਪਤਰਸ ਅਤੇ ਯੂਹੰਨਾ ਪ੍ਰਾਰਥਨਾ ਕਰਨ ਦੇ ਵੇਲੇ ਤੀਏ ਪਹਿਰ ਹੈਕਲ ਨੂੰ ਚੱਲੇ ਜਾਂਦੇ ਸਨ ਅਤੇ ਲੋਕ ਇੱਕ ਜਮਾਂਦਰੂ ਲੰਙੇ ਨੂੰ ਚੁੱਕੀ ਲਈ ਜਾਂਦੇ ਸਨ ਜਿਹਨੂੰ ਰੋਜ਼ ਹੈਕਲ ਦੇ ਫਾਟਕ ਕੋਲ ਜਿਹੜਾ ਸੋਹਣਾ ਸੱਦੀਦਾ ਹੈ ਬਹਾਲ ਦਿੰਦੇ ਸਨ ਭਈ ਉਹ ਹੈਕਲ ਵਿੱਚ ਜਾਣ ਵਾਲਿਆਂ ਤੋਂ ਭਿੱਛਿਆ ਮੰਗੇ। ਜਾਂ ਉਹਨੇ ਪਤਰਸ ਅਤੇ ਯੂਹੰਨਾ ਨੂੰ ਹੈਕਲ ਵਿੱਚ ਜਾਂਦਿਆਂ ਵੇਖਿਆ ਤਾਂ ਉਨ੍ਹਾਂ ਤੋਂ ਭਿੱਛਿਆ ਮੰਗੀ।**

**ਤਦੋਂ ਪਤਰਸ ਨੇ ਯੂਹੰਨਾ ਦੇ ਨਾਲ ਉਹਨੂੰ ਧਿਆਨ ਨਾਲ ਵੇਖਕੇ ਆਖਿਆ ਕਿ ਸਾਡੀ ਵੱਲ ਵੇਖ! ਤਾਂ ਉਹਨੇ ਉਨ੍ਹਾਂ ਕੋਲੋਂ ਕੁਝ ਲੱਭਣ ਦੀ ਆਸਾ ਕਰਕੇ ਉਨ੍ਹਾਂ ਵੱਲ ਧਿਆਨ ਕੀਤਾ।**

**ਪਰ ਪਤਰਸ ਨੇ ਆਖਿਆ, "ਸੋਨਾ ਚਾਂਦੀ ਤਾਂ ਮੇਰੇ ਕੋਲ ਨਹੀਂ ਪਰ ਜੋ ਮੇਰੇ ਕੋਲ ਹੈ ਸੋ ਤੈਨੂੰ ਦਿੰਦਾ ਹਾਂ। ਯਿਸੂ ਮਸੀਹ ਨਾਸਰੀ ਦੇ ਨਾਮ ਨਾਲ ਤੁਰ ਫਿਰ!"**

**ਤਾਂ ਉਸਨੇ ਉਹ ਦਾ ਸੱਜਾ ਹੱਥ ਫੜ ਕੇ ਉਹਨੂੰ ਉਠਾਲਿਆ। ਓਸੇ ਵੇਲੇ ਉਹਦੇ ਪੈਰ ਅਰ ਗਿੱਟੇ ਤਕੜੇ ਹੋ ਗਏ ਅਤੇ ਉਹ ਕੁੱਦ ਕੇ ਉੱਠ ਖੜ੍ਹਾ ਹੋਇਆ ਅਰ ਤੁਰਨ ਲੱਗਾ ਅਰ ਤੁਰਦਾ ਅਤੇ ਛਾਲਾਂ ਮਾਰਦਾ ਅਤੇ ਪਰਮੇਸ਼ੁਰ ਦੀ ਉਸਤਤ ਕਰਦਾ ਹੋਇਆ ਉਨ੍ਹਾਂ ਨਾਲ ਹੈਕਲ ਵਿੱਚ ਗਿਆ।**

ਪਤਰਸ ਨੇ ਕਿਹਾ ਕਿ ਇਹ ਯਿਸੂ ਮਸੀਹ ਦਾ ਨਾਮ ਹੈ ਜਿਸ ਨੇ ਇਸ ਮਨੁੱਖ ਨੂੰ ਚੰਗਾ ਕੀਤਾ ਹੈ।

**ਆਇਤ 16 "ਉਹਦੇ ਨਾਮ ਉੱਤੇ ਨਿਹਚਾ ਕਰਨ ਕਰਕੇ ਉਹਦੇ ਨਾਮ ਹੀ ਨੇ ਐਸ ਮਨੁੱਖ ਨੂੰ ਜਿਹਨੂੰ ਤੁਸੀਂ ਵੇਖਦੇ ਅਤੇ ਜਾਣਦੇ ਹੋ ਤਕੜਾ ਕੀਤਾ। ਹਾਂ, ਓਸੇ ਨਿਹਚਾ ਨੇ ਜਿਹੜੀ ਉਹਦੇ ਦੁਆਰੇ ਤੋਂ ਹੈ ਇਹ ਪੂਰੀ ਤੰਦਰੁਸਤੀ ਤੁਸਾਂ ਸਭਨਾਂ ਦੇ ਸਾਹਮਣੇ ਉਸਨੂੰ ਦਿੱਤੀ।"**

➢ *ਲਗਾਤਾਰ ਦਲੇਰੀ ਲਈ*

ਰਸੂਲਾਂ ਨੇ ਲਗਾਤਾਰ ਦਲੇਰੀ ਨਾਲ ਯਿਸੂ ਦੇ ਨਾਮ ਵਿੱਚ ਬੋਲਣ ਲਈ ਪ੍ਰਾਰਥਨਾ ਕੀਤੀ ਜਦਕਿ ਜੇਕਰ ਉਹ ਇਸ ਤਰ੍ਹਾਂ ਕਰਨਗੇ ਤਾਂ ਉਨ੍ਹਾਂ ਦੀਆਂ ਜਾਨਾਂ ਨੂੰ ਖ਼ਤਰਾ ਸੀ।

ਰਸੂਲਾਂ ਦੇ ਕਰਤੱਬ 4:29-31 **"ਅਤੇ ਹੁਣ ਹੇ ਪ੍ਰਭੂ ਓਹਨਾਂ ਦੀਆਂ ਧਮਕੀਆਂ ਨੂੰ ਵੇਖ ਅਰ ਆਪਣੇ ਦਾਸਾਂ ਨੂੰ ਇਹ ਬਖ਼ਸ਼ ਕਿ ਅੱਤ ਦਲੇਰੀ ਨਾਲ ਤੇਰਾ ਬਚਨ ਸੁਣਾਉਣ ਜਦੋਂ ਤੂੰ ਆਪਣਾ ਹੱਥ ਚੰਗਾ ਕਰਨ ਨੂੰ ਲੰਮਾ ਕਰੇਂ ਅਤੇ ਤੇਰੇ ਪਵਿੱਤਰ ਸੇਵਕ ਯਿਸੂ ਦੇ ਨਾਮ ਤੋਂ ਨਿਸ਼ਾਨ ਅਤੇ ਅਚੰਭੇ ਪਰਗਟ ਹੋਣ।"**

**ਜਦ ਓਹ ਬੇਨਤੀ ਕਰ ਹਟੇ ਤਾਂ ਉਹ ਥਾਂ ਜਿੱਥੇ ਓਹ ਇਕੱਠੇ ਹੋਏ ਸਨ ਹਿੱਲ ਗਿਆ ਅਤੇ ਸੱਭੋ ਪਵਿੱਤਰ ਆਤਮਾ ਨਾਲ ਭਰਪੂਰ ਹੋ ਗਏ ਅਰ ਪਰਮੇਸ਼ੁਰ ਦਾ ਬਚਨ ਦਲੇਰੀ ਨਾਲ ਸੁਣਾਉਣ ਲੱਗੇ।**

ਯਿਸੂ ਮਸੀਹ ਦੇ ਨਾਮ ਨੂੰ ਅਧਿਕਾਰ ਨਾਲ ਬੋਲਣਾ। ਉਸਦੇ  ਨਾਮ ਵਿੱਚ ਚੰਗਿਆਈ ਬੋਲਣਾ।

## ਕਮਜ਼ੋਰੀ ਦੀਆਂ ਆਤਮਾਵਾਂ ਨੂੰ ਬੋਲਣਾ

ਜਦੋਂ ਬੀਮਾਰਾਂ ਲਈ  ਸੇਵਕਾਈ ਕਰਦੇ ਹਾਂ, ਹੱਥਾਂ ਦੇ ਰੱਖਣ ਨਾਲ ਸੰਪਰਕ ਬਣਨ ਕਰਕੇ ਸ਼ਕਤੀ ਅੱਗੇ ਭੇਜੀ ਜਾਂਦੀ ਹੈ। ਵਿਸ਼ਵਾਸ ਵੀ ਅਕਸਰ ਉਨ੍ਹਾਂ ਸ਼ਬਦਾਂ ਦੁਆਰਾ ਹੁੰਦਾ ਹੈ ਜੋ ਅਸੀਂ ਬੋਲਦੇ ਹਾਂ-ਬਹੁਤ ਸਾਰੀਆਂ ਬੀਮਾਰੀਆਂ ਕਮਜ਼ੋਰੀ ਦੀਆਂ ਉਨ੍ਹਾਂ ਦੁਸ਼ਟ ਆਤਮਾਵਾਂ ਦੁਆਰਾ ਹੁੰਦੀਆਂ ਹਨ ਜੋ ਸਰੀਰ ਨਾਲ ਆਪਣੇ ਆਪ ਨੂੰ ਜੋੜ ਲੈਂਦੀਆਂ ਹਨ।

**ਲੂਕਾ 13:11,16 ਅਰ ਵੇਖੋ ਇੱਕ ਤੀਵੀਂ ਸੀ ਜਿਹਨੂੰ ਅਠਾਰਾਂ ਵਰਿਹਾਂ ਤੋਂ ਮਾਂਦਗੀ ਦਾ ਆਤਮਾ ਚਿੰਬੜਿਆ ਹੋਇਆ ਸੀ ਅਤੇ ਉਹ ਕੁੱਬੀ ਹੈ ਸੀ ਅਰ ਕਿਸੇ ਤਰ੍ਹਾਂ ਸਿੱਧੀ ਨਹੀਂ ਸੀ ਹੋ ਸਕਦੀ।**

**"ਫੇਰ ਭਲਾ, ਇਹ ਤੀਵੀਂ ਜੋ ਅਬਰਾਹਾਮ ਦੀ ਧੀ ਹੈ ਜਿਹਨੂੰ ਸ਼ੈਤਾਨ ਨੇ ਵੇਖੋ ਅਠਾਰਾਂ ਵਰਿਹਾਂ ਤੋਂ ਬੰਨ੍ਹ ਰੱਖਿਆ ਹੈ ਇਹਨੂੰ ਸਬਤ ਦੇ ਦਿਨ ਇਸ ਬੰਧਨ ਤੋਂ ਛੁਡਾਉਣਾ ਜੋਗ ਨਹੀਂ ਸੀ?"**

ਯਿਸੂ ਇੱਕ ਗੁਲਾਮੀ ਦੇ ਰੂਪ ਵਿੱਚ ਦੱਸਿਆ ਹੈ। ਯਿਸੂ ਮਸੀਹ ਨੇ ਕਮਜ਼ੋਰੀ ਦੀ ਦੁਸ਼ਟ ਆਤਮਾ ਨੂੰ ਕੱਢ ਦਿੱਤਾ ਅਤੇ ਉਹ ਔਰਤ ਚੰਗੀ ਹੋ ਗਈ ਸੀ।

➢ *ਲਾ ਇਲਾਜ਼ ਬੀਮਾਰੀਆਂ*

ਉਹ ਬੀਮਾਰੀਆਂ ਜਿੰਨ੍ਹਾਂ ਨੂੰ ਦਵਾਈ ਵਿਗਿਆਨ ਲਾ ਇਲਾਜ਼ ਕਹਿੰਦਾ ਹੈ ਆਮ ਤੌਰ ਤੇ ਕਮਜ਼ੋਰੀ ਦੀਆਂ ਦੁਸ਼ਟ ਆਤਮਾਵਾਂ ਤੋਂ ਹੁੰਦੀਆਂ ਹਨ। ਇਨ੍ਹਾਂ ਹਾਲਾਤਾਂ ਵਿੱਚ ਸੇਵਕਾਈ ਕਰਦੇ ਸਮੇਂ, ਜਾਂ ਤਾਂ ਕਮਜ਼ੋਰੀ ਦੀ ਆਤਮਾ ਜਾਂ ਉਸ ਬੀਮਾਰੀ ਦੇ ਨਾਮ ਨਾਲ ਬੁਲਾਉਣਾ ਚਾਹੀਦਾ ਹੈ।

"ਲਾ ਇਲਾਜ਼ ਬੀਮਾਰੀਆਂ" ਦੀਆਂ ਉਦਾਹਰਨਾਂ ਜੋ ਅੱਜ ਕੱਲ ਆਤਮਾਵਾਂ ਦੇ ਦੁਆਰਾ ਹੁੰਦੀਆਂ ਹਨ, ਕੈਂਸਰ, ਖੂਨ ਬਣਨਾ ਬੰਦ ਹੋ ਜਾਣਾ ਜੋੜਾਂ ਦੀ ਸੋਜ ਹਨ। ਇਹ ਬਾਈਬਲ ਦੀਆਂ ਆਤਮਾਵਾਂ ਦੁਆਰਾ ਬੀਮਾਰੀ ਅਤੇ ਕਮਜ਼ੋਰੀ ਦੀਆਂ ਉਦਾਹਰਨਾਂ ਹਨ।

- *ਗੂੰਗੀ ਆਤਮਾ*

**ਮੱਤੀ 9:32 ਫੇਰ ਉਨ੍ਹਾਂ ਦੇ ਬਾਹਰ ਨਿੱਕਲਦਿਆਂ ਹੀ ਵੇਖੋ ਇੱਕ ਗੂੰਗੇ ਨੂੰ ਜਿਹਨੂੰ ਭੂਤ ਚਿੰਬੜਿਆ ਹੋਇਆ ਸੀ ਉਹ ਦੇ ਕੋਲ ਲਿਆਏ।**

- *ਬੋਲੀ ਆਤਮਾ*

**ਮਰਕੁਸ 9:25 ਜਦ ਯਿਸੂ ਨੇ ਵੇਖਿਆ ਕਿ ਲੋਕ ਦੌੜ ਕੇ ਇਕੱਠੇ ਹੁੰਦੇ ਜਾਂਦੇ ਹਨ ਤਦ ਉਹਨੇ ਭਰਿਸ਼ਟ ਰੂਹ ਨੂੰ ਝਿੜਕਿਆ ਅਤੇ ਉਸਨੂੰ ਕਿਹਾ, "ਹੇ ਗੂੰਗੀ ਬੋਲੀ ਰੂਹ ਮੈਂ ਤੈਨੂੰ ਹੁਕਮ ਕਰਦਾ ਹਾਂ ਜੋ ਇਸ ਵਿੱਚੋਂ ਨਿੱਕਲ ਜਾਹ ਅਤੇ ਫੇਰ ਕਦੇ ਇਸ ਵਿੱਚ ਨਾ ਵੜੀਂ।"**

- *ਗੰਦੀ ਆਤਮਾ*

**ਮੱਤੀ 17:15,18 "ਪ੍ਰਭੂ ਜੀ ਮੇਰੇ ਪੁੱਤਰ ਉੱਤੇ ਦਯਾ ਕਰੋ ਕਿਉਂ ਜੋ ਉਹ ਮਿਰਗੀ ਦੇ ਮਾਰੇ ਬਹੁਤ ਦੁੱਖ ਪਾਉਂਦਾ ਹੈ। ਉਹ ਤਾਂ ਬਹੁਤ ਵਾਰੀ ਅੱਗ ਵਿੱਚ ਅਤੇ ਬਹੁਤ ਵਾਰੀ ਪਾਣੀ ਵਿੱਚ ਡਿੱਗ ਪੈਂਦਾ ਹੈ ਤਾਂ ਯਿਸੂ ਨੇ ਉਹਨੂੰ ਝਿੜਕਿਆ ਅਤੇ ਭੂਤ ਉਸ ਵਿੱਚੋਂ ਨਿੱਕਲ ਗਿਆ ਅਰ ਮੁੰਡਾ ਉਸੇ ਘੜੀਓਂ ਚੰਗਾ ਹੋ ਗਿਆ।"**

- *ਅੰਨ੍ਹੇਪਨ ਦੀ ਆਤਮਾ*

**ਮੱਤੀ 12:22 ਤਦ ਲੋਕ ਇੱਕ ਅੰਨ੍ਹਾ ਗੂੰਗਾ ਜਿਹਨੂੰ ਭੂਤ ਚਿੰਬੜਿਆ ਹੋਇਆ ਸੀ ਉਹਦੇ ਕੋਲ ਲਿਆਏ ਅਤੇ ਉਸਨੇ ਉਹਨੂੰ ਅਜਿਹਾ ਚੰਗਾ ਕੀਤਾ ਜੋ ਗੂੰਗਾ ਬੋਲਣ ਵੇਖਣ ਲੱਗਾ।**

- ਬੰਨ੍ਹਣਾ ਤੇ ਖੋਲ੍ਹਣਾ

ਸਾਨੂੰ ਖੋਲ੍ਹਣ ਅਤੇ ਬੰਨ੍ਹਣ ਦੁਆਰਾ ਸੇਵਕਾਈ ਕਰਨੀ ਹੈ।

**ਮੱਤੀ 16:19 "ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ।"**

ਬੰਨ੍ਹਣ ਦਾ ਅਰਥ ਹੈ ਮਜ਼ਬੂਰ ਕਰਨਾ, ਬੰਨ੍ਹ ਦੇਣਾ, ਕੰਮ ਕਰਨ ਦੀ ਯੋਗਤਾ ਨੂੰ ਸੀਮਾਬੱਧ ਕਰਨਾ। ਅਸੀਂ ਕਹਿ ਸਕਦੇ ਹਾਂ:

"ਸ਼ੈਤਾਨ ਮੈਂ ਤੈਨੂੰ ਇਸ ਆਦਮੀ ਦੇ ਸਰੀਰ ਉੱਤੋਂ ਬੰਨ੍ਹ ਦਿੰਦਾ ਹਾਂ।..."

"ਕੈਂਸਰ ਦੀ ਆਤਮਾ ਮੈਂ ਤੈਨੂੰ ਬੰਨ੍ਹ ਦਿੰਦਾ ਹਾਂ ..."

"ਖੋਲਣ ਦਾ ਅਰਥ ਹੈ ਉਸ ਵਿਅਕਤੀ ਨੂੰ ਬੀਮਾਰੀ ਦੀ ਗੁਲਾਮੀ ਚੋਂ ਅਜ਼ਾਦ ਕਰਨਾ।

**ਲੂਕਾ 13:12 ਯਿਸੂ ਨੇ ਉਹਨੂੰ ਵੇਖ ਕੇ ਕੋਲ ਸੱਦਿਆ ਅਰ ਉਹਨੂੰ ਕਿਹਾ, "ਹੇ ਤ੍ਰੀਮਤ ਤੂੰ ਆਪਣੀ ਮਾਂਦਗੀ ਤੋਂ ਛੁੱਟ ਗਈ ਹੈਂ।"**

**ਮਰਕੁਸ 16:17ੳ "ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ।"**

ਉਦਾਹਰਨ ਤੌਰ ਤੇ, ਅਸੀਂ ਹੁਕਮ ਦੇ ਸਕਦੇ ਹਾਂ, ਯਿਸੂ ਦੇ ਵਿੱਚ, ਤੂੰ ਕੈਂਸਰ ਦੀ ਆਤਮਾ ਉਸ ਵਿੱਚੋਂ ਬਾਹਰ ਆ ਜਾ''

## ਸਿਰਜਨਾਤਮਕ ਚਮਤਕਾਰ

ਸਿਰਜਨਾਤਮਕ ਚਮਤਕਾਰ ਯਿਸੂ ਮਸੀਹ ਦੀ ਸੇਵਕਾਈ ਦਾ ਇੱਕ ਮਹਤੱਵਪੂਰਣ ਹਿੱਸਾ ਸਨ,ਅਤੇ ਉਨ੍ਹਾਂ ਨੇ ਕਿਹਾ, "ਜੋ ਮੈਂ ਕੰਮ ਕਰਦਾ ਹਾਂ ਤੁਸੀਂ ਵੀ ਕਰੋਗੇ।"

ਯਿਸੂ ਮਸੀਹ ਨੇ ਸੁੱਕੇ ਹੱਥ ਵਾਲੇ ਆਦਮੀ ਨੂੰ ਇੱਕ ਸਿਰਜਨਾਤਮਕ ਚਮਤਕਾਰ ਬੋਲਿਆ।

**ਮਰਕੁਸ 3:1,3,5ਅ ਉਹ ਫੇਰ ਸਮਾਜ ਵਿੱਚ ਗਿਆ ਅਰ ਉੱਥੇ ਇੱਕ ਮਨੁੱਖ ਸੀ ਜਿਹਦਾ ਹੱਥ ਸੁੱਕਿਆ ਹੋਇਆ ਸੀ।**

**ਉਹਨੇ ਉਸ ਸੁੱਕੇ ਹੱਥ ਵਾਲੇ ਮਨੁੱਖ ਨੂੰ ਆਖਿਆ, "ਵਿਚਾਲੇ ਖੜਾ ਹੋ।"**

**ਉਸ ਮਨੁੱਖ ਨੂੰ ਕਿਹਾ, "ਆਪਣਾ ਹੱਥ ਲੰਮਾ ਕਰ।" ਤਾਂ ਉਸਨੇ ਲੰਮਾ ਕੀਤਾ ਅਤੇ ਉਸਦਾ ਹੱਥ ਫੇਰ ਚੰਗਾ ਹੋ ਗਿਆ।**

ਕੁਝ ਲੋਕਾਂ ਦੇ ਸਰੀਰ ਦੇ ਭਾਗ ਚੀਰਪਾੜ, ਦੁਰਘਟਨਾਵਾਂ, ਬਿਮਾਰੀ ਦੇ ਵਿਗੜਨ ਜਾਂ ਜਨਮ ਤੋਂ ਹੀ ਲਾਪਤਾ ਹੁੰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਯਿਸੂ ਸਾਡੇ ਵਿਸ਼ਵਾਸ ਨੂੰ ਅਜ਼ਾਦ ਕਰੇ ਤਾਂ ਜੋ ਅਦਭੁੱਤ ਤਰੀਕੇ ਨਾਲ ਸਰੀਰ ਦੇ ਲਾਪਤਾ ਭਾਗ ਨੂੰ ਅਜ਼ਾਦ ਕਰਨ ਲਈ ਬੋਲਦੇ ਹੋਏ ਹੁਕਮ ਦਈਏ।

**ਮਰਕੁਸ 11:23, "ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਰ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਓਹ ਹੁੰਦੀਆਂ ਹਨ ਤਾਂ ਉਹਦੇ ਲਈ ਹੋ ਜਾਵੇਗਾ।"**

## ਪਰਮੇਸ਼ੁਰ ਦੀ ਮਰਜ਼ੀ ਦੇ ਬਿਨ੍ਹਾਂ

ਕਈ ਸਾਲਾਂ ਲਈ, ਅਸੀਂ ਪ੍ਰਾਰਥਨਾ ਕਰ ਰਹੇ ਹਾਂ ਜਿਵੇਂ ਅਸੀਂ ਭੀਖ ਮੰਗ ਰਹੇ ਹਾਂ ਕਿ ਪਰਮੇਸ਼ੁਰ ਦੀ ਮਰਜ਼ੀ ਦੇ ਬਿਨ੍ਹਾਂ ਬੀਮਾਰ ਨੂੰ ਚੰਗਾ ਕਰ ਦੇ। ਇਹ ਆਇਤ ਇਹ ਨਹੀਂ ਕਹਿੰਦੀ ਕਿ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ। ਇਹ ਕਹਿੰਦੀ ਹੈ ਕਿ ਸਾਨੂੰ ਕਹਿਣਾ ਚਾਹੀਦਾ ਹੈ ਯਿਸੂ ਮਸੀਹ ਨੇ ਸਾਨੂੰ ਵਿਰੋਧੀ ਦੀ ਸਾਰੀ ਤਾਕਤ ਉੱਤੇ ਅਧਿਕਾਰ ਦਿੱਤਾ ਹੈ। ਸਾਨੂੰ ਇਸ ਧਰਤੀ ਤੇ ਰਾਜ ਕਰਨ ਵਾਸਤੇ ਬਣਾਇਆ ਗਿਆ ਹੈ। ਹੁਣ, ਸਾਨੂੰ ਪੂਰੇ ਤੌਰ ਤੇ ਯਿਸੂ ਮਸੀਹ ਦਾ ਕੰਮ ਦਲੇਰੀ ਨਾਲ ਕਰਨਾ ਹੈ। ਯਿਸੂ ਨੇ ਕਿਹਾ ਕਿ ਅਸੀਂ ਬੀਮਾਰਾਂ ਨੂੰ ਚੰਗਾ ਕਰਨਾ ਹੈ। ਉਸਨੇ ਇਹ ਨਹੀਂ ਕਿਹਾ ਕਿ ਸਾਨੂੰ ਇਹ ਕਰਨ ਲਈ ਉਸ ਨੂੰ ਪੁੱਛਣ ਦੀ ਲੋੜ ਹੈ।

**ਮੱਤੀ 10:8 "ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ।"**

ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਸਥਿਤੀ ਕਿੰਨੀ ਅਣਹੋਣੀ (ਮੁਸ਼ਕਿਲ) ਹੈ, ਅਸੀਂ ਜਾਣਦੇ ਹਾਂ ਕਿ "ਪਰਮੇਸ਼ੁਰ ਲਈ ਸਭ ਕੁਝ ਹੋ ਸਕਦਾ ਹੈ" ਅਤੇ ਇਹ "ਜੋ ਵਿਸ਼ਵਾਸ ਕਰਦਾ ਹੈ, ਉਸਦੇ ਲਈ ਸਭ ਕੁਝ ਹੋ ਸਕਦਾ ਹੈ।"

ਚਾਹੀਦਾ ਹੈ ਜਦੋਂ ਕੋਈ ਸਾਡੇ ਕੋਲ ਇੱਕ ਸਿਰਜਨਾਤਮਕ ਚਮਤਕਾਰ ਲਈ ਆਉਂਦਾ ਹੈ ਤਾਂ ਉਸੇ ਵੇਲੇ ਸਾਡਾ ਉੱਤਰ ਹੋਣਾ ਚਾਹੀਦਾ ਹੈ, "ਹਾਂ, ਇਹ ਪਰਮੇਸ਼ੁਰ ਲਈ ਅਸਾਨ ਹੈ।"

ਜਦੋਂ ਸਾਨੂੰ ਚਮਤਕਾਰੀ ਕੰਮ ਕਰਨ ਵਾਲਾ ਵਿਸ਼ਵਾਸ ਚਾਹੀਦਾ ਹੈ, ਉਸ ਤੋਂ ਪਾਰ ਜਿੱਥੇ ਅਸੀਂ ਵਚਨ ਸੁਣ ਕੇ ਵੱਡੇ ਹੋਏ ਹਾਂ, ਸਾਨੂੰ ਪਵਿੱਤਰ ਆਤਮਾ ਦੇ ਪ੍ਰਤੀ ਸੰਵੇਦਨਸ਼ੀਲ

ਹੋਣਾ ਬਹੁਤ ਹੀ ਜ਼ਰੂਰੀ ਹੈ। ਜੇਕਰ ਇਹ ਸਿਰਜਨਾਤਮਕ ਚਮਤਕਾਰ ਹੋਣ ਦਾ ਸਮਾਂ ਹੈ, ਤਾਂ ਪਰਮੇਸ਼ੁਰ ਸਾਨੂੰ ਬੁੱਧੀ ਦਾ ਵਚਨ ਦੇ ਦੇਵੇਗਾ ਅਤੇ ਆਪਣੀ ਸੇਵਕਾਈ ਤੋਂ ਪਹਿਲਾਂ ਅਸੀਂ ਚਮਤਕਾਰ ਹੁੰਦੇ ਦੇਖਾਂਗੇ। ਵਿਸ਼ਵਾਸ ਦਾ ਵਰਦਾਨ ਦਿੱਤਾ ਜਾਵੇਗਾ ਅਤੇ ਅਸੀਂ ਦਲੇਰੀ ਨਾਲ ਪਹਾੜ ਨੂੰ ਵੀ ਕਹਾਂਗੇ।

**ਮੱਤੀ 17:20 ਉਸਨੇ ਉਨ੍ਹਾਂ ਨੂੰ ਕਿਹਾ, "ਆਪਣੀ ਘੱਟ ਨਿਹਚਾ ਦੇ ਕਾਰਨ "ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜੇ ਤੁਹਾਡੇ ਵਿੱਚ ਇੱਕ ਰਾਈ ਦੇ ਦਾਣੇ ਸਮਾਨ ਨਿਹਚਾ ਹੋਵੇ ਤਾਂ ਤੁਸੀਂ ਇਸ ਪਹਾੜ ਨੂੰ ਕਹੋਗੇ ਜੋ ਐਧਰੋਂ ਹਟ ਕੇ ਉਸ ਥਾਂ ਚਲਿਆ ਜਾਹ ਅਤੇ ਉਹ ਚਲਿਆ ਜਾਵੇਗਾ ਅਤੇ ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਵੇਗਾ।"**

ਜਦੋਂ ਅਸੀਂ ਅਧਿਕਾਰ ਨਾਲ ਬੋਲਾਂਗੇ, ਸਾਨੂੰ ਸਰੀਰ ਨੂੰ ਹੁਕਮ ਦੇਣਾ ਜ਼ਰੂਰੀ ਹੈ ਕਿ ਦੁਬਾਰਾ ਆਮ ਹਾਲਤ ਵਿੱਚ ਆ ਜਾਵੇ। ਅਸੀਂ ਇਹ ਵੀ ਕਹਿ ਸਕਦੇ ਹਾਂ :

"ਮੈਂ ਇਸ ਸਰੀਰ ਵਿੱਚ ਇੱਕ ਨਵਾਂ ਦਿਲ ਦਿੰਦਾ ਹਾਂ"

"ਮੈਂ ਇਨ੍ਹਾਂ ਉਂਗਲਾਂ ਨੂੰ ਹੁਕਮ ਦਿੰਦਾ ਹਾਂ ਕਿ ਵਧੋ!"

ਯਿਸੂ ਮਸੀਹ ਇਸ ਚਮਤਕਾਰੀ ਸੇਵਕਾਈ ਵਿੱਚ ਦਲੇਰੀ ਨਾਲ ਅਤੇ ਜ਼ੋਰ ਦੇ ਕੇ ਬੋਲਦੇ ਸਨ।

**ਰਸੂਲਾਂ ਦੇ ਕਰਤੱਬ 14:8–10 ਲੁਸਤ੍ਰਾ ਵਿੱਚ ਇੱਕ ਮਨੁੱਖ ਪੈਰਾਂ ਤੋਂ ਨਿਰਬਲ ਬੈਠਾ ਸੀ ਜਿਹੜਾ ਜਮਾਂਦਰੂ ਲੰਙਾ ਸੀ ਅਰ ਕਦੇ ਨਹੀਂ ਸੀ ਤੁਰਿਆ।**

**ਉਸਨੇ ਪੌਲੁਸ ਨੂੰ ਗੱਲਾਂ ਕਰਦਾ ਸੁਣਿਆ ਅਤੇ ਇਸਨੇ ਉਹ ਦੀ ਵੱਲ ਧਿਆਨ ਕਰਕੇ ਜਾਂ ਵੇਖਿਆ ਭਈ ਇਹਦੇ ਵਿੱਚ ਚੰਗਾ ਹੋਣ ਦੀ ਨਿਹਚਾ ਹੈ। ਤਾਂ ਉੱਚੀ ਦੇ ਕੇ ਬੋਲਿਆ ਕਿ ਆਪਣੇ ਪੈਰਾਂ ਉੱਤੇ ਸਿੱਧਾ ਖੜਾ ਹੋ! "ਤਾਂ ਉਹ ਉੱਛਲ ਕੇ ਤੁਰਨ ਲੱਗ ਪਿਆ।"**

## ਵਚਨ ਨੂੰ ਬੋਲਣਾ

ਬੀਮਾਰ ਨੂੰ ਚੰਗਿਆਈ ਦੇਣ ਦੀ ਸੇਵਕਾਈ ਦਾ ਦੂਜਾ ਤਾਕਤਵਰ ਤਰੀਕਾ ਹੈ ਪਰਮੇਸ਼ੁਰ ਦੇ ਵਚਨ ਨੂੰ ਬੋਲਣਾ। ਯਿਸੂ ਨੇ ਕਿਹਾ ਕਿ ਉਸ ਨੇ ਸਭ ਤੋਂ ਵੱਡੇ ਵਿਸ਼ਵਾਸ ਦੀ ਉਦਾਹਰਨ ਉਸ ਸਰਦਾਰ ਦੀ ਦੇਖੀ ਸੀ ਜੋ ਉਸ ਨੂੰ ਰਾਹ ਵਿੱਚ ਮਿਲਿਆ ਸੀ ਅਤੇ ਜਿਸਦਾ ਨੌਕਰ ਅਧਰੰਗ ਦਾ ਮਾਰਿਆ ਬਹੁਤ ਦੁੱਖ ਝੱਲ ਰਿਹਾ ਸੀ।

ਸਰਦਾਰ ਨੇ ਯਿਸੂ ਨੂੰ ਸਿਰਫ਼ ਇਹ ਕਿਹਾ ਸੀ, "ਕੇਵਲ ਵਚਨ ਕਹਿ ਦਿਓ, ਅਤੇ ਮੇਰਾ ਦਾਸ ਚੰਗਾ ਹੋ ਜਾਵੇਗਾ।"

ਇਹ ਬਹੁਤ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਸ਼ੱਕ ਅਤੇ ਮਹਿਸੂਸੀਕਰਨਾਂ ਬਾਰੇ ਨਾ ਬੋਲੀਏ, ਪਰ ਕੇਵਲ ਵਚਨ ਨੂੰ ਬੋਲੀਏ। ਜਦੋਂ ਅਸੀਂ ਵਚਨ ਬੋਲਦੇ ਹਾਂ, ਅਸੀਂ ਵਚਨ ਨੂੰ ਘੱਲਦੇ ਹਾਂ ਉਸ ਵਿਅਕਤੀ ਦੇ ਜੀਵਨ ਵਿੱਚ ਕੰਮ ਕਰਨ ਲਈ।

**ਜ਼ਬੂਰ 107:20 ਉਹ ਆਪਣਾ ਵਚਨ ਘੱਲ ਕੇ ਉਨ੍ਹਾਂ ਨੂੰ ਚੰਗਾ ਕਰਦਾ ਹੈ, ਅਤੇ ਉਨ੍ਹਾਂ ਨੂੰ ਤਬਾਹੀ ਤੋਂ ਬਚਾਉਂਦਾ ਹੈ।**

ਜੋ ਸ਼ਬਦ ਅਸੀਂ ਬੋਲਦੇ ਹਾਂ, ਉਨ੍ਹਾਂ ਵਿੱਚ ਸ਼ਕਤੀ ਹੁੰਦੀ ਹੈ ਤਬਾਹ ਕਰਨ ਜਾਂ ਜੀਵਨ ਲਿਆਉਣ ਅਤੇ ਤੰਦਰੁਸਤੀ ਦੇਣ ਦੀ।

**ਕਹਾਉਤਾਂ 18:21 ਮੌਤ ਅਤੇ ਜੀਉਣ ਦੋਵੇਂ ਜੀਭ ਦੇ ਵੱਸ ਵਿੱਚ ਹਨ, ਅਤੇ ਜੋ ਉਸ ਨਾਲ ਪ੍ਰੀਤ ਰੱਖਦੇ ਹਨ ਓਹ ਉਸ ਦਾ ਫਲ ਖਾਣਗੇ।**

ਜਦੋਂ ਅਸੀਂ ਪਰਮੇਸ਼ੁਰ ਦੇ ਵਚਨ ਨੂੰ ਕੰਮ ਕਰਦੇ ਹੋਏ ਇੱਕ ਵਿਅਕਤੀ ਦੇ ਜੀਵਨ ਵਿੱਚ ਭੇਜਦੇ ਹਾਂ, ਤਾਂ ਅਸੀਂ ਸ਼ਕਤੀਸ਼ਾਲੀ ਚਮਤਕਾਰਾਂ ਨੂੰ ਵੇਖਦੇ ਹਾਂ।

**ਯਸਾਯਾਹ 55:11 ਤਿਵੇਂ ਮੇਰਾ ਬਚਨ ਹੋਵੇਗਾ ਜੋ ਮੇਰੇ ਮੂੰਹੋਂ ਨਿੱਕਲਦਾ ਹੈ, ਉਹ ਮੇਰੀ ਵੱਲ ਅਵਿਰਥਾ ਨਹੀਂ ਮੁੜੇਗਾ, ਪਰ ਜੋ ਮੈਂ ਠਾਨਿਆ ਉਸਨੂੰ ਪੂਰਾ ਕਰੇਗਾ ਅਤੇ ਜਿਸ ਲਈ ਮੈਂ ਘੱਲਿਆ, ਉਸ ਵਿੱਚ ਸਫ਼ਲ ਹੋਵੇਗਾ।**

## ਪਰਮੇਸ਼ੁਰ ਦੇ ਵਚਨ ਤੇ ਕੰਮ ਕਰਨਾ

ਯਿਸੂ ਨੇ ਕਿਹਾ, "ਮੈਂ ਕੇਵਲ ਉਹੀ ਕਰਦਾ ਹਾਂ ਜੋ ਮੈਂ ਆਪਣੇ ਪਿਤਾ ਨੂੰ ਕਰਦਾ ਹੋਇਆ ਵੇਖਦਾ ਹਾਂ।"

ਸਾਨੂੰ ਵੀ ਪਵਿੱਤਰ ਆਤਮਾ ਦੇ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਅਤੇ ਫਿਰ ਦਲੇਰੀ ਨਾਲ ਉਹ ਕੰਮ ਕਰਨਾ ਚਾਹੀਦਾ ਹੈ ਜੋ ਉਸਨੇ ਸਾਨੂੰ ਵਿਖਾਇਆ ਸੀ। ਪ੍ਰਭਾਵਸ਼ਾਲੀ ਚਮਤਕਾਰੀ ਪ੍ਰਚਾਰ ਵਿੱਚ ਡਰ ਅਤੇ ਬੁਜ਼ਦਿਲੀ ਲਈ ਕੋਈ ਥਾਂ ਨਹੀਂ ਹੈ।

**2 ਤਿਮੋਥਿਉਸ 1:7 ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਡਰ ਦਾ ਆਤਮਾ ਨਹੀਂ ਸਗੋਂ ਸਮਰੱਥਾ ਅਤੇ ਪ੍ਰੇਮ ਅਤੇ ਸੰਯਮ ਦਾ ਆਤਮਾ ਦਿੱਤਾ।**

ਸਾਨੂੰ ਮੂਰਖ ਦਿੱਸਣ ਜਾਂ ਆਪਣਾ ਦਰਜਾ ਗੁਆ ਲੈਣ ਦਾ ਬਿਲਕੁਲ ਡਰ ਨਹੀਂ ਹੋਣਾ ਚਾਹੀਦਾ। ਜੇਕਰ ਯਿਸੂ ਮਸੀਹ ਨੂੰ ਆਪਣੇ ਨਾਮ ਦੀ ਕੋਈ ਲੋੜ ਨਹੀਂ ਸੀ, ਤਾਂ ਫਿਰ ਸਾਨੂੰ ਵੀ ਇਸ ਵਿੱਚ ਕੋਈ ਦਿਲਚਸਪੀ ਨਹੀਂ ਹੋਣੀ ਚਾਹੀਦੀ।

**ਫ਼ਿਲਿੱਪੀਆਂ 2:7 ... ਸਗੋਂ ਉਸਨੇ ਆਪਣੇ ਆਪ ਨੂੰ ਸੱਖਣਾ ਕਰਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ।**

ਸ਼ੈਤਾਨ ਸਾਡੇ ਦਿਮਾਗ ਵਿੱਚ ਇਹ ਖਿਆਲ ਪਾਉਣ ਦੀ ਕੋਸ਼ਿਸ਼ ਕਰੇਗਾ, "ਜੇਕਰ ਤੂੰ ਕਿਸੇ ਦੀ ਸੇਵਾ ਕਰੇਂਗਾ, ਤੇ ਉਹ ਠੀਕ ਨਾ ਹੋਇਆ ਤਾਂ ਕੀ ਤੂੰ ਮੂਰਖ ਨਹੀਂ ਲੱਗੇਂਗਾ?"

ਇਸ ਦੀ ਬਜਾਏ, ਸਾਨੂੰ ਦਲੇਰੀ ਨਾਲ ਇਹ ਕਹਿਣਾ ਜ਼ਰੂਰੀ ਹੈ, "ਯਿਸੂ ਨੇ ਅਜਿਹਾ ਕਿਹਾ ਹੈ, ਮੈਂ ਇਸ 'ਤੇ ਵਿਸ਼ਵਾਸ ਕਰਦਾ ਹਾਂ। ਇਸ ਲਈ ਮੈਂ ਯਿਸੂ ਮਸੀਹ ਦੇ ਵਚਨਾਂ ਦੀ ਪਾਲਨਾ ਕਰਾਂਗਾ।"

**ਮਰਕੁਸ 16:18ਅ "ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਓਹ ਚੰਗੇ ਹੋ ਜਾਣਗੇ।"**

ਤੁਰੰਤ ਜਦੋਂ ਪਰਮੇਸ਼ੁਰ ਦੀ ਅਸੀਂ ਚੰਗਿਆਈ ਦੀ ਸਮਰੱਥ ਨੂੰ ਉਸ ਮਨੁੱਖ ਦੇ ਸਰੀਰ ਵਿੱਚ ਛੱਡਾਂਗੇ। ਸਾਨੂੰ ਉਨ੍ਹਾਂ ਦੇ ਵਿਸ਼ਵਾਸ ਨੂੰ ਕੰਮ ਵਿੱਚ ਲਿਆਉਣਾ ਪਵੇਗਾ। ਸਾਨੂੰ ਉਨ੍ਹਾਂ ਨੂੰ ਇਹ ਕਹਿਣਾ ਪਵੇਗਾ ਕਿ ਉਹ ਕਰੋ ਜੋ ਤੁਸੀਂ ਪਹਿਲਾਂ ਨਹੀਂ ਕਰ ਸਕਦੇ ਸੀ- ਦਲੇਰੀ ਨਾਲ ਵਚਨ ਦੇ ਅਨੁਸਾਰ ਕੰਮ ਕਰਨਾ ਹੋਵੇਗਾ।

ਹੇਠਾਂ ਝੁਕੋ ਅਤੇ ਆਪਣਿਆਂ ਪੈਰਾਂ ਦੀਆਂ ਉਂਗਲਾਂ ਨੂੰ ਛੂਹੋ!"

"ਚਾਰ-ਚੁਫ਼ੇਰੇ ਘੁੰਮ ਕੇ ਆਪਣੇ ਸਰੀਰ ਦੀ ਜਾਂਚ ਕਰੋ।"

ਆਤਮ ਵਿਸ਼ਵਾਸ ਨਾਲ ਪੁੱਛੋ, "ਦਰਦ ਦਾ ਕੀ ਹੋਇਆ?"

ਯਿਸੂ ਮਸੀਹ ਨੇ ਸੁੱਕੇ ਹੱਥ ਵਾਲੇ ਨੂੰ ਕਿਹਾ, "ਆਪਣਾ ਹੱਥ ਅੱਗੇ ਵਧਾ।" ਉਸਨੇ ਲੰਗੜੇ ਨੂੰ ਕਿਹਾ, "ਆਪਣੀ ਮੰਜੀ ਚੁੱਕ ਅਤੇ ਚਲਾ ਜਾ।"

ਇਸੇ ਤਰ੍ਹਾਂ ਆਤਮਾ ਨਾਲ ਭਰਪੂਰ ਵਿਸ਼ਵਾਸੀਓ, ਸਾਡੇ ਵਿੱਚ ਵੀ ਉਹੀ ਚੰਗਿਆਈ ਦੀ ਸਮਰੱਥ ਹੈ ਜੋ ਯਿਸੂ ਮਸੀਹ ਵਿੱਚ ਸੀ। ਜਦੋਂ ਅਸੀਂ ਆਪਣੇ ਹੱਥ ਬੀਮਾਰਾਂ ਤੇ

ਰੱਖਾਂਗੇ, ਅਸੀਂ ਵਿਸ਼ਵਾਸ ਨਾਲ ਪਵਿੱਤਰ ਆਤਮਾ ਦੀ ਚੰਗਿਆਈ ਦੀ ਸਮਰੱਥ ਉਨ੍ਹਾਂ ਲੋਕਾਂ ਦੇ ਸਰੀਰਾਂ ਵਿੱਚ ਛੱਡਾਂਗੇ ਜਿਨ੍ਹਾਂ ਨੂੰ ਚੰਗਿਆਈ ਦੀ ਲੋੜ ਹੈ। ਜਦੋਂ ਅਸੀਂ ਯਿਸੂ ਮਸੀਹ ਦੇ ਨਾਮ ਨੂੰ ਦਲੇਰੀ ਨਾਲ ਬੋਲਦੇ ਹਾਂ, ਕਮਜ਼ੋਰੀ ਦੀਆਂ ਬਦਰੂਹਾਂ ਨੂੰ ਕੱਢਦੇ, ਅਤੇ ਲੋਕਾਂ ਵਿੱਚ ਸਿਰਜਨਾਤਮਕ ਚਮਤਕਾਰਾਂ ਬਾਰੇ ਬੋਲਦੇ ਹਾਂ, ਤਾਂ ਪਰਮੇਸ਼ੁਰ ਆਪਣੇ ਵਚਨ ਨੂੰ ਮਹਾਨ ਚੰਗਿਆਈ ਦੇ ਚਮਤਕਾਰਾਂ ਦੁਆਰਾ ਪ੍ਰਗਟ ਕਰਦਾ ਹੈ। ਹਰ ਵਾਰ ਜਦੋਂ ਲੋਕ ਚੰਗੇ ਹੁੰਦੇ ਹਨ। ਪਰਮੇਸ਼ੁਰ ਦਾ ਵਚਨ ਸਿੱਧ ਹੁੰਦਾ ਹੈ ਅਤੇ ਲੋਕ ਯਿਸੂ ਨੂੰ ਜਾਣਦੇ ਹਨ।

ਪਰਮੇਸ਼ੁਰ ਚਮਤਕਾਰੀ ਪ੍ਰਚਾਰ ਨੂੰ ਕਲੀਸਿਯਾ ਵਿੱਚ ਬਹਾਲ ਕਰ ਰਿਹਾ ਹੈ, ਅਤੇ ਅਸੀਂ ਫਿਰ ਇੱਕ ਵਾਰ ਆਪਣੇ ਆਪ ਨੂੰ ਉਨ੍ਹਾਂ ਉਤਸ਼ਾਹਿਤ ਦਿਨਾਂ ਵਿੱਚ ਜੀਵਨ ਬਿਤਾ ਰਹੇ ਪਾਉਂਦੇ ਹਾਂ, ਬਿਲਕੁਲ ਜਿਸ ਤਰ੍ਹਾਂ ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿੱਚ ਲਿਖਿਆ ਹੋਇਆ ਹੈ।

ਟਿੱਪਣੀ : ਚੰਗਿਆਈ ਦੇ ਵਿਸ਼ੇ ਦੀ ਗਹਿਰੀ ਪੜ੍ਹਾਈ ਲਈ, ਗੋਡਸ ਪ੍ਰੋਵਿਜ਼ਨ ਫਾਰ ਹੀਲਿੰਗ ਪੜ੍ਹੋ ਜੋ ਏ.ਐੱਲ. ਅਤੇ ਜੋਏਸ ਗਿੱਲ ਦੁਆਰਾ ਲਿਖੀ ਗਈ ਹੈ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਅਸੀਂ ਚੰਗਿਆਈ ਦੀ ਸਮਰੱਥ ਨੂੰ ਜੋ ਸਾਡੇ ਅੰਦਰ ਹੈ, ਉਨ੍ਹਾਂ ਜ਼ਰੂਰਤਮੰਦ ਲੋਕਾਂ ਵਿੱਚ ਕਿਵੇਂ ਪਹੁੰਚਾ ਸਕਦੇ ਹਾਂ ਜਿਨ੍ਹਾਂ ਨੂੰ ਚੰਗਿਆਈ ਦੀ ਲੋੜ ਹੈ?

2. ਉਨ੍ਹਾਂ ਚਾਰ ਤਰੀਕਿਆਂ ਦੀ ਸੂਚੀ ਬਣਾਓ ਜੋ ਪਰਮੇਸ਼ੁਰ ਦੀ ਚੰਗਿਆਈ ਦੀ ਸਮਰੱਥ ਨੂੰ ਦਿੰਦੇ ਹਨ।

3. ਜਦੋਂ ਇੱਕ ਸਿਰਜਨਾਤਮਕ ਚਮਤਕਾਰ ਦੀ ਲੋੜ ਹੁੰਦੀ ਹੈ ਤਾਂ ਸਾਨੂੰ ਕਿਸ ਤਰ੍ਹਾਂ ਚੰਗਿਆਈ ਦੀ ਸੇਵਕਾਈ ਕਰਨੀ ਪਵੇਗੀ?

4. ਅਸੀਂ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਚੰਗਿਆਈ ਦੀ ਲੋੜ ਹੈ ਕਿਸ ਤਰ੍ਹਾਂ ਚੇਤਾਵਨੀ ਦੇ ਕੇ ਉਨ੍ਹਾਂ ਦੇ ਵਿਸ਼ਵਾਸ ਨੂੰ ਕੰਮ ਵਿੱਚ ਲਿਆ ਸਕਦੇ ਹਾਂ?

## ਅਧਿਆਇ ਬਾਰਾਂ

# *ਆਰਥਿਕ ਸਹਾਇਤਾ ਅਤੇ ਮਾਰਗ ਦਰਸ਼ਨ ਦਾ ਆਤਮਾ*

### ਬੇਦਾਰੀ ਲਈ ਆਰਥਿਕ ਸਹਾਇਤਾ

ਪਵਿੱਤਰ ਆਤਮਾ ਨੇ 1980 ਵਿੱਚ ਬਹੁਤ ਬਲ ਨਾਲ ਖੁਸ਼ਹਾਲੀ ਭੇਜੀ ਤਾਂ ਕਿ ਕਲੀਸਿਯਾ ਨੂੰ ਆਰਥਿਕ ਤੌਰ ਤੇ ਪੂਰੇ ਸੰਸਾਰ ਵਿੱਚ ਫਸਲ ਲਿਆਉਣ ਲਈ ਸਾਧਨ ਦੇ ਸਕੇ ਇਹ 1990 ਵਿੱਚ ਹੋਇਆ ਸੀ।

ਸੱਚਾਈ ਇਹ ਹੈ ਕਿ ਮਹਾਨ ਆਗਿਆ ਨੂੰ ਪੂਰਾ ਕਰਨ ਲਈ ਅਰਬਾਂ ਖਰਬਾਂ ਰੁਪਇਆਂ ਦੀ ਲੋੜ ਹੈ। ਪ੍ਰਚਾਰ ਦੀਆਂ ਕੋਸ਼ਿਸ਼ਾਂ ਲਈ ਪੈਸੇ ਦੀ ਲੋੜ ਹੈ ਮਿਸ਼ਨਾਂ ਦੀ ਉੱਨਤੀ ਲਈ ਵੀ ਪੈਸਾ ਲੱਗਦਾ ਹੈ।

ਬਾਈਬਲ ਵਿੱਚ ਪਵਿੱਤਰ ਆਤਮਾ ਨੇ ਖੁਸ਼ਹਾਲੀ ਨੂੰ ਵਧਾਇਆ ਤਾਂ ਉਹ ਸਾਨੂੰ ਕਰਜ਼ੇ ਤੋਂ ਅਜ਼ਾਦ ਕਰਵਾ ਸਕੇ ਅਤੇ ਸਾਨੂੰ ਇਸ ਪੂਰੇ ਸੰਸਾਰ ਦੀ ਆਖਰੀ ਫ਼ਸਲ ਲਈ ਸਾਧਨ ਦੇ ਸਕੇ।

### ਮੁੱਢਲੀ ਕਲੀਸਿਯਾ

ਅਸੀਂ ਅਕਸਰ ਮੁੱਢਲੀ ਕਲੀਸਿਯਾ ਬਾਰੇ ਸੁਣਦੇ ਹਾਂ ਕਿ ਉਹ ਆਪਣਾ ਸਭ ਕੁਝ ਵੇਚ ਕੇ ਉਸਨੂੰ ਪਰਮੇਸ਼ੁਰ ਨੂੰ ਦਿੰਦੇ ਸਨ।

**ਰਸੂਲਾਂ ਦੇ ਕਰਤੱਬ 4:32–35 ਨਿਹਚਾ ਕਰਨ ਵਾਲਿਆਂ ਦੀ ਮੰਡਲੀ ਇੱਕ ਮਨ ਅਤੇ ਇੱਕ ਜਾਨ ਸੀ ਅਰ ਕਿਸੇ ਨੇ ਆਪਣੇ ਮਾਲ ਵਿੱਚੋਂ ਕਿਸੇ ਚੀਜ਼ ਨੂੰ ਆਪਣੀ ਨਹੀਂ ਆਖਿਆ ਪਰ ਓਹ ਸਾਰੀਆਂ ਵਸਤਾਂ ਵਿੱਚ ਭਾਈਵਾਲ ਸਨ, ਅਤੇ ਰਸੂਲ ਵੱਡੀ ਸ਼ਕਤੀ ਨਾਲ ਪ੍ਰਭੂ ਯਿਸੂ ਦੇ ਜੀ ਉੱਠਣ ਦੀ ਸਾਖੀ ਦਿੰਦੇ ਸਨ ਅਰ ਉਨ੍ਹਾਂ ਸਭਨਾਂ ਉੱਤੇ ਵੱਡੀ ਕਿਰਪਾ ਸੀ ਉਨ੍ਹਾਂ ਵਿੱਚੋਂ ਕਿਸੇ ਨੂੰ ਘਾਟਾ ਨਾ ਸੀ ਇਸ ਲਈ ਕਿ ਜਿਹੜੇ ਜ਼ਮੀਨਾਂ ਅਤੇ ਘਰਾਂ ਦੇ ਮਾਲਕ ਸਨ ਓਹ ਉਨ੍ਹਾਂ ਨੂੰ ਵੇਚ ਕੇ ਵਿਕੀਆਂ ਹੋਈਆਂ ਵਸਤਾਂ ਦਾ ਮੁੱਲ ਲਿਆਉਂਦੇ ਅਤੇ ਰਸੂਲਾਂ ਦੇ ਚਰਨਾਂ ਉੱਤੇ ਧਰਦੇ ਸਨ ਅਤੇ ਹਰੇਕ ਨੂੰ ਉਹਦੀ ਲੋੜ ਅਨੁਸਾਰ ਵੰਡ ਦਿੰਦੇ ਸਨ।**

ਇਹ ਨੋਟ ਕਰਨਾ ਦਿਲਚਸਪ ਹੈ ਕਿ ਇਸ ਦੇਣ ਵਾਲੇ ਆਤਮਾ ਦੀ ਕਹਾਣੀ ਦੇ ਇੱਕਦਮ ਵਿਚਕਾਰ ਜਿਸ ਨੇ ਮੁੱਢਲੀ ਕਲੀਸਿਯਾ ਵਿੱਚ ਪ੍ਰਵੇਸ਼ ਕੀਤਾ ਸਾਨੂੰ ਇਹ ਮਹੱਤਵਪੂਰਨ ਸ਼ਬਦ ਮਿਲਦੇ ਹਨ, "ਰਸੂਲਾਂ ਨੇ ਬੜੀ ਸ਼ਕਤੀ ਨਾਲ ਯਿਸੂ ਮਸੀਹ ਦੇ ਪੁਨਰ ਉਥਾਨ ਦੀ ਗਵਾਹੀ ਦਿੱਤੀ ਸੀ।"

### ਬਰਨਾਬਾਸ, ਇੱਕ ਉਦਾਹਰਨ

➢ *ਸਾਰਾ ਬੀਜ ਦਿਓ*

ਬਰਨਾਬਾਸ ਅਜਿਹਾ ਇੱਕ ਵਿਅਕਤੀ ਸੀ ਜਿਸਨੇ ਆਪਣਾ ਸਭ ਕੁਝ ਵੇਚ ਦਿੱਤਾ ਅਤੇ ਪੈਸਾ ਰਸੂਲਾਂ ਕੋਲ ਲੈ ਆਇਆ। ਉਸਨੇ ਇਸ ਪੈਸੇ ਨੂੰ ਸੰਸਾਰ ਵਿੱਚ ਪ੍ਰਚਾਰ ਕਰਨ ਲਈ ਲਗਾਇਆ

**ਰਸੂਲਾਂ ਦੇ ਕਰਤੱਬ 4:36,37 ਯੂਸੁਫ਼ ਜਿਹਦਾ ਰਸੂਲਾਂ ਨੇ ਬਰਨਬਾਸ ਅਰਥਾਤ ਉਪਦੇਸ਼ ਦਾ ਪੁੱਤਰ ਨਾਉਂ ਧਰਿਆ ਜਿਹੜਾ ਇੱਕ ਲੇਵੀ ਅਤੇ ਜਨਮ ਦਾ ਕੁਪਰੁਸੀ ਸੀ**

**ਉਹਦੇ ਕੋਲ ਕੁਝ ਜ਼ਮੀਨ ਸੀ ਸੋ ਉਹਨੂੰ ਵੇਚ ਕੇ ਮੁੱਲ ਦਾ ਰੁਪਿਆ ਲਿਆਂਦਾ ਅਤੇ ਰਸੂਲਾਂ ਦੇ ਚਰਨਾਂ ਉੱਤੇ ਧਰਿਆ।**

- *ਵਿਸ਼ਵਾਸ ਦੀ ਕਟਾਈ*

ਅਸੀਂ ਫਿਰ ਬਰਨਾਬਾਸ ਬਾਰੇ ਸੁਣਦੇ ਹਾਂ ਜੋ ਉਸਨੇ ਅੰਤਾਕਿਯਾ ਵਿੱਚ ਜਾਣਾ ਚੁਣ ਲਿਆ। ਸ਼ਾਸਤਰ ਕਹਿੰਦਾ ਹੈ, "ਉਹ ਇੱਕ ਚੰਗਾ ਪਵਿੱਤਰ ਆਤਮਾ ਅਤੇ ਵਿਸ਼ਵਾਸ ਨਾਲ ਭਰਿਆ ਹੋਇਆ ਆਦਮੀ ਸੀ।"

**ਰਸੂਲਾਂ ਦੇ ਕਰਤੱਬ 11:22ਅ-24... ਤਾਂ ਉਨ੍ਹਾਂ ਨੇ ਬਰਨਬਾਸ ਨੂੰ ਅੰਤਾਕਿਯਾ ਤਾਈਂ ਘੱਲਿਆ ਸੋ ਜਾਂ ਉਹ ਉੱਥੇ ਪਹੁੰਚਿਆ ਅਤੇ ਪਰਮੇਸ਼ੁਰ ਦੀ ਕਿਰਪਾ ਵੇਖੀ ਤਾਂ ਅਨੰਦ ਹੋਇਆ ਅਰ ਉਨ੍ਹਾਂ ਸਭਨਾਂ ਨੂੰ ਉਪਦੇਸ਼ ਦਿੱਤਾ ਭਈ ਦਿਲ ਦੀ ਤਕੜਾਈ ਨਾਲ ਪ੍ਰਭੂ ਵੱਲ ਲੱਗੇ ਰਹੋ ਕਿਉਂਕਿ ਉਹ ਭਲਾ ਮਾਨਸ ਅਰ ਪਵਿੱਤਰ ਆਤਮਾ ਅਤੇ ਨਿਹਚਾ ਨਾਲ ਭਰਪੂਰ ਸੀ**

- *ਆਤਮਾਵਾਂ ਦੀ ਫਸਲ ਕੱਟਣਾ*

**ਆਇਤ 24ਅ ਅਰ ਬਹੁਤ ਸਾਰੇ ਲੋਕ ਪ੍ਰਭੂ ਦੇ ਨਾਲ ਮਿਲ ਗਏ।**

- *ਕਟਾਈ ਦੀ ਸੇਵਕਾਈ*

ਇਹ ਬਰਨਾਬਾਸ ਸੀ ਜੋ ਰਸੂਲ ਨੂੰ ਲੈਣ ਲਈ ਗਿਆ ਅਤੇ ਉਸਨੂੰ ਉਸਦੀ ਸੇਵਕਾਈ ਵਿੱਚ ਲਿਆਇਆ। ਬਰਨਾਬਾਸ ਅਤੇ ਸ਼ਾਊਲ ਨੇ ਪੂਰਾ ਸਾਲ ਚੇਲੇ ਬਣਾਉਣ ਲਈ ਅੰਤਾਕਿਯਾ ਵਿੱਚ ਸਿੱਖਿਆ ਦਿੱਤੀ ਸੀ।

**ਰਸੂਲਾਂ ਦੇ ਕਰਤੱਬ 11:25,26 ਤਾਂ ਉਹ ਸੌਲੁਸ ਦੀ ਭਾਲ ਕਰਨ ਤਰਸੁਸ ਨੂੰ ਗਿਆ ਅਤੇ ਉਹਨੂੰ ਲੱਭ ਕੇ ਅੰਤਾਕਿਯਾ ਵਿੱਚ ਲਿਆਇਆ ਅਰ ਇਉਂ ਹੋਇਆ ਜੋ ਓਹ ਇੱਕ ਪੂਰਾ ਸਾਲ ਕਲੀਸਿਯਾ ਦੇ ਨਾਲ ਇਕੱਠੇ ਰਹੇ ਅਤੇ ਬਹੁਤ ਸਾਰੇ ਲੋਕਾਂ ਨੂੰ ਉਪਦੇਸ਼ ਕੀਤਾ ਅਤੇ ਪਹਿਲਾਂ ਅੰਤਾਕਿਯਾ ਵਿੱਚ ਚੇਲੇ ਮਸੀਹੀ ਅਖਵਾਏ।**

- *ਅਭਿਸ਼ੇਕ ਦੀ ਫਸਲ ਕੱਟਣਾ*

ਪੌਲੁਸ ਅਤੇ ਬਰਨਾਬਾਸ ਨੂੰ ਪਵਿੱਤਰ ਆਤਮਾ ਨੇ ਉਹ ਕੰਮ ਕਰਨ ਲਈ ਅਲੱਗ-ਅਲੱਗ ਕੀਤਾ ਸੀ ਜਿਸ ਲਈ ਉਨ੍ਹਾਂ ਨੂੰ ਬੁਲਾਇਆ ਗਿਆ ਸੀ। ਉਨ੍ਹਾਂ ਨੂੰ ਸਿੱਖਿਆ ਦੇਣ ਅਤੇ ਪ੍ਰਚਾਰ ਕਰਨ ਲਈ ਭੇਜਿਆ ਗਿਆ।

**ਰਸੂਲਾਂ ਦੇ ਕਰਤੱਬ 13:2-5ਓ ਜਾਂ ਇਹ ਪ੍ਰਭੂ ਦੀ ਉਪਾਸਨਾ ਕਰਦੇ ਅਤੇ ਵਰਤ ਰੱਖਦੇ ਸਨ "ਤਾਂ ਪਵਿੱਤਰ ਆਤਮਾ ਨੇ ਕਿਹਾ ਕਿ ਮੇਰੇ ਲਈ ਬਰਨਬਾਸ ਅਤੇ ਸੌਲੁਸ ਨੂੰ ਉਸ ਕੰਮ ਦੇ ਲਈ ਵੱਖਰਾ ਕਰੋ ਜਿਹਦੇ ਲਈ ਮੈਂ ਉਨ੍ਹਾਂ ਨੂੰ ਬਲਾਇਆ ਹੈ।"**

**ਤਦ ਉਨ੍ਹਾਂ ਵਰਤ ਰੱਖ ਕੇ ਅਤੇ ਪ੍ਰਾਰਥਨਾ ਕਰਕੇ ਉਨ੍ਹਾਂ ਉੱਤੇ ਹੱਥ ਧਰੇ ਅਤੇ ਉਨ੍ਹਾਂ ਨੂੰ ਵਿਦਿਆ ਕੀਤਾ ਸੋ ਓਹ ਪਵਿੱਤਰ ਆਤਮਾ ਦੇ ਘੱਲੇ ਹੋਏ ਸਿਲੂਕਿਯਾ ਨੂੰ ਆਏ ਅਰ ਉੱਥੋਂ ਜਹਾਜ਼ ਤੇ ਚੜ੍ਹ ਕੇ ਕੁਪਰੁਸ ਨੂੰ ਗਏ ਅਤੇ ਉਨ੍ਹਾਂ ਨੇ ਸਲਮੀਸ ਵਿੱਚ ਪਹੁੰਚ ਕੇ ਯਹੂਦੀਆਂ ਦੀਆਂ ਸਮਾਜਾਂ ਵਿੱਚ ਪਰਮੇਸ਼ੁਰ ਦਾ ਬਚਨ ਸੁਣਾਇਆ।**

- *ਆਰਥਿਕ ਸਹਾਇਤਾ ਦੀ ਫਸਲ ਕੱਟਣਾ*

ਜਦੋਂ ਤੋਂ ਬਰਨਾਬਾਸ ਨੇ ਆਪਣਾ ਸਭ ਕੁਝ ਜੋ ਉਸਦੇ ਕੋਲ ਸੀ ਦੇ ਦਿੱਤਾ ਤਾਂ ਅਸੀਂ ਉਸ ਤੋਂ ਬਾਅਦ ਦੁਬਾਰਾ ਉਸਨੂੰ ਪੈਸੇ ਲਈ ਕੰਮ ਕਰਦੇ ਨਹੀਂ ਸੁਣਿਆ। ਉਸ ਕੋਲ ਕੋਈ ਆਰਥਿਕ ਸਾਧਨ ਨਹੀਂ ਸਨ-ਉਸ ਨੇ ਜੋ ਕੁਝ ਉਸ ਕੋਲ ਸੀ ਉਹ ਸਭ ਪ੍ਰਭੂ ਨੂੰ ਦੇ ਦਿੱਤਾ ਸੀ। ਉਹ ਸ਼ੁੱਭ-ਸਮਾਚਾਰ ਲਈ ਬੀਜ ਬੀਜਣ ਵਿੱਚ ਵਫ਼ਾਦਾਰ ਸੀ। ਹੁਣ

ਬਰਨਾਬਾਸ ਉਹ ਕੱਟ ਰਿਹਾ ਸੀ ਜੋ ਉਸਨੇ ਆਰਥਿਕ ਸਹਾਇਤਾ ਦੇ ਰੂਪ ਵਿੱਚ ਬੀਜਿਆ ਸੀ ਉਸ ਨੂੰ ਪਵਿੱਤਰ ਆਤਮਾ ਦੀ ਆਗਿਆ ਮੰਨਣ ਅਤੇ ਸਾਰੇ ਸੰਸਾਰ ਵਿੱਚ ਜਾ ਕੇ ਸ਼ੁੱਭ-ਸਮਾਚਾਰ ਪ੍ਰਚਾਰ ਕਰਨ ਦੀ ਲੋੜ ਸੀ।

## ਬੀਜਣ ਅਤੇ ਵੱਢਣ ਦਾ ਨਿਯਮ

ਪਰਮੇਸ਼ੁਰ ਦੀ ਇੱਛਾ ਹੈ ਕਿ ਅਸੀਂ ਬੀਜਣ ਅਤੇ ਵੱਢਣ ਦੀ ਤਾਲ ਨੂੰ ਦੁਬਾਰਾ ਵੱਡੇ ਪੈਮਾਨੇ ਤੇ ਸਮਝੀਏ। ਇਹ ਇੱਕ ਮੂਲ ਸਿਧਾਂਤ ਹੈ ਜਿਸ ਨੂੰ ਉਸਨੇ ਸੰਸਾਰ ਦੇ ਧਾਗੇ ਵਿੱਚ ਬੁਣਿਆ ਹੈ।

ਸੰਸਾਰੀ ਮਿਸ਼ਨਾਂ ਬੇਸ਼ੱਕ ਇੱਕ ਚੰਗਾ ਕੰਮ ਹੈ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਬਹੁਤਾਇਤ ਨਾਲ ਮਿਸ਼ਨਾਂ ਵਿੱਚ ਬੀਜੀਏ। ਆਤਮਿਕ ਅਤੇ ਆਰਥਿਕ ਤੌਰ ਤੇ ਜੋ ਸਾਡੇ ਅਧਿਕਾਰ ਵਿੱਚ ਨਹੀਂ ਹੈ ਉਸ ਨੂੰ ਅਸੀਂ ਪ੍ਰਾਪਤ ਨਹੀਂ ਕਰ ਸਕਦੇ ਹਾਂ।

## ਤਿਮੋਥਿਉਸ ਨੂੰ ਸਿੱਖਿਆ

ਪੌਲੁਸ ਨੇ ਤਿਮੋਥਿਉਸ ਨੂੰ ਲਿਖਿਆ ਸੀ :

**1 ਤਿਮੋਥਿਉਸ 6:17-19 ਜਿਹੜੇ ਇਸ ਜੁੱਗ ਵਿੱਚ ਧਨਵਾਨ ਹਨ ਓਹਨਾਂ ਨੂੰ ਉਪਦੇਸ਼ ਕਰ ਭਈ ਗਰਬ ਨਾ ਕਰਨ ਅਤੇ ਬੇਠਿਕਾਣੇ ਧਨ ਉੱਤੇ ਨਹੀਂ ਸਗੋਂ ਪਰਮੇਸ਼ੁਰ ਉੱਤੇ ਆਸਰਾ ਰੱਖਣ ਜਿਹੜਾ ਸਾਨੂੰ ਭੋਗਣ ਲਈ ਸੱਭੋ ਕੁਝ ਤਰਾਤਰੀ ਦਿੰਦਾ ਹੈ।**

- ਬੀਜਣਾ

**ਆਇਤ 18 ਨਾਲੇ ਇਹ ਭਈ ਓਹ ਪਰਉਪਕਾਰੀ ਅਤੇ ਸ਼ੁੱਭ ਕਰਮਾਂ ਵਿੱਚ ਧਨੀ ਅਤੇ ਦਾਨ ਕਰਨ ਵਿੱਚ ਸਖ਼ੀ ਅਤੇ ਵੰਡਣ ਨੂੰ ਤਿਆਰ ਹੋਣ।**

- *ਕੱਟਣਾ*

**ਆਇਤ 19 ਅਤੇ ਅਗਾਹਾਂ ਲਈ ਇੱਕ ਚੰਗੀ ਨੀਂਹ ਆਪਣੇ ਲਈ ਧਰਨ ਭਈ ਓਹ ਉਸ ਜੀਵਨ ਨੂੰ ਫੜ ਲੈਣ ਜਿਹੜਾ ਅਸਲ ਜੀਵਨ ਹੈ।**

- ਭੰਡਾਰੀ

ਮਸੀਹੀ ਪਰਮੇਸ਼ੁਰ ਦੀਆਂ ਅਸੀਸਾਂ ਦਾ ਭੰਡਾਰੀ ਹੁੰਦਾ ਹੈ ਕਿਉਂਕਿ ਆਖ਼ਿਰਕਾਰ ਹਰ ਚੀਜ਼ ਉਸ ਨਾਲ ਸੰਬੰਧ ਰੱਖਦੀ ਹੈ।

**ਪਤਰਸ 4:10 ਹਰੇਕ ਨੂੰ ਜਿਹੀ ਜਿਹੀ ਦਾਤ ਮਿਲੀ ਓਸ ਨਾਲ ਇੱਕ ਦੂਏ ਦੀ ਟਹਿਲ ਕਰੋ ਜਿਵੇਂ ਪਰਮੇਸ਼ੁਰ ਦੀ ਬਹੁਰੰਗੀ ਕਿਰਪਾ ਦੇ ਨੇਕ ਮੁਖ਼ਤਿਆਰਾਂ ਨੂੰ ਉੱਚਿਤ ਹੈ।**

ਮੁੱਢਲੀ ਕਲੀਸਿਯਾ ਦੇ ਸਵੈ-ਸੇਵਕ ਆਗੂਆਂ ਨੂੰ ਸਾਰੇ ਸੰਸਾਰ ਵਿੱਚ ਜਾਣ ਲਈ, ਆਪਣੇ ਅਧਿਕਾਰ ਨੂੰ ਵੇਚਣਾ ਪਿਆ, ਅਤੇ ਫਿਰ ਖੇਤ ਵਿੱਚ ਕੰਮ ਸ਼ੁਰੂ ਕੀਤਾ ਗਿਆ। ਉਹ ਇਸ ਗੱਲ ਵਿੱਚ ਦ੍ਰਿੜ ਸਨ ਕਿ ਆਪਣੇ ਪ੍ਰਭੂ ਲਈ ਦੁਨੀਆਂ ਦੇ ਅੰਤ ਤੱਕ ਜਾਣਾ ਸ਼ੁੱਭ-ਸਮਾਚਾਰ ਸੁਣਾਏ ਜਾਣ ਦੇ ਸਾਹਮਣੇ ਕੋਈ ਵੀ ਬਲੀਦਾਨ ਬਹੁਤ ਹੀ ਜ਼ਿਆਦਾ ਵੱਡਾ ਨਹੀਂ ਸੀ ਲੱਗਦਾ।

ਸਾਡਾ ਨਿਸ਼ਾਨਾ ਨਿਸ਼ਚੇ ਹੀ ਪਰਮੇਸ਼ੁਰ ਦੇ ਕੰਮ ਲਈ ਦੇਣਾ ਹੁੰਦਾ ਹੈ ਅਤੇ ਫਿਰ ਹੀ ਅਸੀਂ ਮਹਾਨ ਆਗਿਆ ਨੂੰ ਪੂਰਾ ਕਰ ਸਕਦੇ ਹਾਂ। ਸੰਸਾਰ ਵਿੱਚ ਪ੍ਰਚਾਰ ਆਰਥਿਕ ਖੁਸ਼ਹਾਲੀ ਦਾ ਅਸਲੀ ਉਦੇਸ਼ ਹੈ ਜਿਸ ਖੁਸ਼ਹਾਲੀ ਦਾ ਪਰਮੇਸ਼ੁਰ ਨੇ ਵਾਇਦਾ ਕੀਤਾ ਹੈ।

## ਕਿਸਾਨ ਬੀਜਦਾ ਅਤੇ ਵੱਢਦਾ ਹੈ

ਜਦੋਂ ਇੱਕ ਕਿਸਾਨ ਆਪਣਾ ਬੀਜ ਬੀਜਦਾ ਹੈ ਤਾਂ ਉਹ ਕੇਵਲ ਇੱਕ ਬੀਜ ਵਾਪਸ ਨਹੀਂ ਲੈਂਦਾ। ਮੱਕੀ ਦਾ ਇੱਕ ਦਾਣਾ ਮੱਕੀ ਦੀ ਇੱਕ ਟਾਹਣੀ ਪੈਦਾ ਕਰਦਾ ਹੈ, ਟਾਹਣੀ ਮੱਕੀ ਦੇ ਕਈ ਸਿੱਟਿਆਂ ਨੂੰ ਪੈਦਾ ਕਰਦੀ ਹੈ, ਹਰ ਨਵਾਂ ਸਿੱਟਾ ਸੌ ਗੁਣਾ ਬੀਜ ਪੈਦਾ ਕਰਦਾ ਹੈ।

ਕਿਸਾਨ ਨੂੰ ਕੁਝ ਪ੍ਰਾਪਤ ਕਰਨ ਤੋਂ ਪਹਿਲਾਂ ਬੀਜਣਾ ਪੈਂਦਾ ਹੈ। ਜਿੰਨੇ ਵੱਧ ਬੀਜ ਉਹ ਬੀਜੇਗਾ ਉੱਨੀ ਹੀ ਵੱਧ ਫਸਲ ਹੋਵੇਗੀ।

**2 ਕੁਰਿੰਥੀਆਂ 9:6,7,10 ਪਰ ਗੱਲ ਇਹ ਹੈ ਭਈ ਜਿਹੜਾ ਘੱਟ ਬੀਜਦਾ ਹੈ ਉਹ ਘੱਟ ਵੱਢੇਗਾ ਅਤੇ ਜਿਹੜਾ ਖੁੱਲ੍ਹੇ ਦਿਲ ਬੀਜਦਾ ਹੈ ਉਹ ਖੁੱਲ੍ਹੇ ਦਿਲ ਵੱਢੇਗਾ**

**ਹਰੇਕ ਜਿਵੇਂ ਉਹਨੇ ਦਿਲ ਵਿੱਚ ਧਾਰਿਆ ਹੈ ਤਿਵੇਂ ਕਰੇ, ਰੰਜ ਨਾਲ ਅਥਵਾ ਲਚਾਰੀ ਨਾਲ ਨਹੀਂ ਕਿਉਂ ਜੋ ਪਰਮੇਸ਼ੁਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ।**

ਪਰਮੇਸ਼ੁਰ ਨੇ ਵਾਇਦਾ ਕੀਤਾ ਹੈ ਕਿ ਦੋਵੇਂ ਦੇਵੇਗਾ, ਬੀਜਣ ਲਈ ਬੀਜ ਅਤੇ ਸਾਡੀ ਰੋਜ਼ਾਨਾ ਦੀ ਜ਼ਿੰਦਗੀ ਲਈ ਰਸਦ।

ਆਇਤ 10 **ਅਤੇ ਜਿਹੜਾ ਬੀਜਣ ਵਾਲੇ ਨੂੰ ਬੀ ਅਰ ਖਾਣ ਲਈ ਰੋਟੀ ਦਿੰਦਾ ਹੈ ਉਹ ਤੁਹਾਨੂੰ ਬੀਜਣ ਲਈ ਬੀ ਦੇਵੇਗਾ ਅਤੇ ਉਹਦਾ ਵਾਧਾ ਕਰੇਗਾ ਅਤੇ ਤੁਹਾਡੇ ਧਰਮ ਦੇ ਫਲ ਨੂੰ ਵਧਾਵੇਗਾ।**

➢ *ਸਾਡੀ ਚੋਣ*

ਸਾਡੇ ਲਈ ਚੁਨਾਵ ਹੈ ਕਿ ਅਸੀਂ ਆਪਣੇ ਬੀਜ ਨੂੰ ਬੀਜੀਏ ਜਾਂ ਥਾਂ ਲਈਏ। ਜਦੋਂ ਅਸੀਂ ਆਪਣੇ ਬੀਜ ਨੂੰ ਬੀਜਦੇ ਹਾਂ ਅਤੇ ਆਪਣੇ ਵਿਸ਼ਵਾਸ਼ ਨੂੰ ਕੰਮ ਵਿੱਚ ਲਿਆਉਂਦੇ ਹਾਂ, ਤਾਂ ਅਸੀਂ ਪਰਮੇਸ਼ੁਰ ਦੇ ਬੀਜਣ ਅਤੇ ਵੱਢਣ ਦੇ ਨਿਯਮ ਨੂੰ ਪ੍ਰਗਟ ਕਰਦੇ ਹਾਂ।'

**ਬਿਵਸਥਾਸਾਰ 26:13,14... "ਫੇਰ ਤੂੰ ਯਹੋਵਾਹ ਆਪਣੇ ਪਰਮੇਸ਼ੁਰ ਦੇ ਅੱਗੇ ਆਖੀਂ ਕਿ ਮੈਂ ਆਪਣੇ ਘਰ ਤੋਂ ਪਵਿੱਤਰ ਚੀਜ਼ਾਂ ਲੈ ਕੇ ਲੇਵੀ, ਪਰਦੇਸੀ, ਯਤੀਮ ਅਤੇ ਵਿਧਵਾ ਨੂੰ ਤੇਰੀ ਸਾਰੀ ਦਿੱਤੀ ਹੋਈ ਆਗਿਆ ਅਨੁਸਾਰ ਦੇ ਦਿੱਤੀਆਂ ਹਨ। ਮੈਂ ਤੇਰੇ ਹੁਕਮਾਂ ਦਾ ਉਲੰਘਣ ਨਹੀਂ ਕੀਤਾ, ਨਾ ਹੀ ਉਨ੍ਹਾਂ ਨੂੰ ਭੁੱਲਿਆ ਹਾਂ ਮੈਂ ਆਪਣੇ ਸੋਗ ਵਿੱਚ ਉਨ੍ਹਾਂ ਤੋਂ ਨਹੀਂ ਖਾਧਾ, ਨਾ ਜਦ ਮੈਂ ਅਸ਼ੁੱਧ ਸਾਂ ਉਨ੍ਹਾਂ ਵਿੱਚੋਂ ਕੁਝ ਕੱਢਿਆ, ਨਾ ਮੈਂ ਉਨ੍ਹਾਂ ਵਿੱਚੋਂ ਮੁਰਦਿਆਂ ਲਈ ਕੁਝ ਦਿੱਤਾ। ਮੈਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਅਵਾਜ਼ ਸੁਣੀ ਮੈਂ ਸਭ ਕੁਝ ਤਿਵੇਂ ਹੀ ਕੀਤਾ ਜਿਵੇਂ ਤੂੰ ਮੈਨੂੰ ਹੁਕਮ ਦਿੱਤਾ ਸੀ।"**

ਰਾਜਾ ਸੁਲੇਮਾਨ ਨੇ ਸਾਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਅਸੀਂ ਆਪਣੀਆਂ ਸਥਿਤੀਆਂ ਦੁਆਰਾ ਚਲਾਏ ਜਾਵਾਂਗੇ, ਤਾਂ ਅਸੀਂ ਕਦੀ ਵੀ ਬੀਜ ਨਹੀਂ ਸਕਦੇ।

**ਉਪਦੇਸ਼ਕ ਦੀ ਪੋਥੀ 11:4 ਜਿਹੜਾ ਪੌਣ ਦਾ ਪਾਰਖੂ ਹੈ ਸੋ ਨਹੀਂ ਬੀਜਦਾ, ਅਤੇ ਜਿਹੜਾ ਬੱਦਲਾਂ ਨੂੰ ਵੇਖਦਾ ਹੈ ਸੋ ਵਾਢੀ ਨਾ ਕਰੇਗਾ।**

➢ *ਸਵੇਰੇ ਅਤੇ ਸ਼ਾਮ ਨੂੰ ਬੀਜਣਾ*

ਸਾਨੂੰ ਹਰ ਚੰਗੇ ਕੰਮ ਲਈ ਲਗਾਤਾਰ ਬੀਜਦੇ ਰਹਿਣਾ ਜ਼ਰੂਰੀ ਹੈ - ਪ੍ਰਭੂ ਯਿਸੂ ਮਸੀਹ ਦੇ ਸ਼ੁੱਭ-ਸਮਾਚਾਰ ਦਾ ਪ੍ਰਚਾਰ ਕਰਦੇ ਰਹਿਣਾ ਜ਼ਰੂਰੀ ਹੈ।

**ਉਪਦੇਸ਼ਕ ਦੀ ਪੋਥੀ 11:6 ਸਵੇਰ ਨੂੰ ਆਪਣਾ ਬੀ ਬੀਜ, ਅਤੇ ਤਕਾਲਾਂ ਨੂੰ ਵੀ ਆਪਣਾ ਹੱਥ ਢਿੱਲਾ ਨਾ ਹੋਣ ਦੇਹ, ਕਿਉਂ ਜੋ ਤੂੰ ਨਹੀਂ ਜਾਣਦਾ ਜੋ ਇਹਨਾਂ ਵਿੱਚੋਂ ਕਿਹੜਾ ਸਵਰੇਗਾ, ਏਹ ਜਾਂ ਉਹ, ਜਾਂ ਦੋਵੇਂ ਇੱਕੋ ਜਿਹੇ ਚੰਗੇ ਹੋਣਗੇ**

## ਮਾਸ ਵਿੱਚ ਜਾਂ ਆਤਮਾ ਵਿੱਚ ਬੀਜਣਾ

ਪੌਲੁਸ ਘੋਸ਼ਣਾ ਕਰਦਾ ਹੈ ਕਿ ਅਸੀਂ ਜੋ ਕੁਝ ਬੀਜਾਂਗੇ ਉਹੀ ਵੱਢਾਂਗੇ।

**ਗਲਾਤੀਆਂ 6:6–9 ਪਰ ਜਿਹੜਾ ਬਾਣੀ ਦੀ ਸਿੱਖਿਆ ਲੈਂਦਾ ਹੈ ਉਹ ਸਿਖਾਉਣ ਵਾਲੇ ਨੂੰ ਸਾਰਿਆਂ ਪਦਾਰਥਾਂ ਵਿੱਚ ਸਾਂਝੀ ਕਰੇ।**

**ਤੁਸੀਂ ਧੋਖਾ ਨਾ ਖਾਓ, ਪਰਮੇਸ਼ੁਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂ ਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ ਨੂੰ ਵੱਢੇਗਾ ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ**

**ਅਤੇ ਭਲਿਆਈ ਕਰਦਿਆਂ ਅਸੀਂ ਅੱਕ ਨਾ ਜਾਈਏ ਕਿਉਂਕਿ ਜੇ ਹੌਂਸਲਾ ਨਾ ਹਾਰੀਏ ਤਾਂ ਵੇਲੇ ਸਿਰ ਵੱਢਾਂਗੇ।**

ਪਰਮੇਸ਼ੁਰ ਦਾ ਖੁਸ਼ਹਾਲੀ ਦਾ ਨਿਯਮ:

- ਬੀਜ ਬੀਜੇ
- ਮੌਸਮ ਆਉਣ ਤੇ ਅਸੀਂ ਵੱਢਾਂਗੇ
- ਜਿਸ ਕਿਸਮ ਦਾ ਬੀਜ ਅਸੀਂ ਬੀਜਾਂਗੇ ਉਸੇ ਕਿਸਮ ਦੀ ਫਸਲ ਵੱਢਾਂਗੇ

ਜਿਵੇਂ ਅਸੀਂ ਆਪਣਾ ਬੀਜ ਯਿਸੂ ਮਸੀਹ ਦੇ ਸ਼ੁੱਭ-ਸਮਾਚਾਰ ਵਿੱਚ ਲਗਾਵਾਂਗੇ, ਤਾਂ ਅਸੀਂ ਉਸਦੀ ਫਸਲ ਕੱਟਾਂਗੇ। ਪਰਮੇਸ਼ੁਰ ਸਾਡੇ ਬੀ ਨੂੰ ਲਵੇਗਾ ਅਤੇ ਇਸਨੂੰ ਵਧਾ ਕੇ ਸਾਨੂੰ ਵਾਪਸ ਕਰੇਗਾ।

ਆਪਣੀ ਫਸਲ ਦੇ ਸਮੇਂ ਤੇ ਧਿਆਨ ਦਿਓ - ਮੌਸਮ ਆਉਣ ਤੇ ਅਸੀਂ ਉਹ ਕੱਟਾਂਗੇ ਜੋ ਅਸੀਂ ਬੀਜਿਆ ਸੀ। ਜੇਕਰ ਅਸੀਂ ਪੈਸਾ ਬੀਜਾਂਗੇ, ਤਾਂ ਅਸੀਂ ਪੈਸਾ ਕੱਟਾਂਗੇ। ਅਸੀਂ ਚੰਗੇ ਕੰਮ ਬੀਜ ਕੇ ਪਰਮੇਸ਼ੁਰ ਕੋਲੋਂ ਆਰਥਿਕਤਾ ਦੀ ਆਸ਼ਾ ਨਹੀਂ ਕਰ ਸਕਦੇ ਹਾਂ। ਜੇਕਰ ਤੁਸੀਂ ਗੁਆਚਿਆਂ ਹੋਇਆਂ ਕੋਲ ਹੋਰ ਵੱਧ ਧਨ ਪਹੁੰਚਾਉਣ ਦੀ ਇੱਛਾ ਰੱਖਦੇ ਹੋ ਅਤੇ ਆਪਣੀਆਂ ਜ਼ਰੂਰਤਾਂ ਲਈ ਹੋਰ ਪੈਸਾ ਚਾਹੁੰਦੇ ਹੋ, ਤਾਂ ਫਿਰ ਤੁਹਾਨੂੰ ਪਰਮੇਸ਼ੁਰ ਦੇ ਰਾਜ ਵਿੱਚ ਵੱਧ ਪੈਸਾ ਲਾਉਣਾ ਜ਼ਰੂਰੀ ਹੈ।

## ਅਗਵਾਈ ਦਾ ਆਤਮਾ

ਅਗਵਾਈ ਦਾ ਆਤਮਾ ਇੱਕ ਬਲ ਹੈ ਜੋ ਨਵੇਂ ਰਾਹ ਖੋਲ੍ਹਦਾ ਹੈ ਤਾਂ ਕਿ ਦੂਜੇ ਉਸ ਦੇ ਪਿੱਛੇ ਚੱਲ ਸਕਣ। ਮੁੱਢਲੀ ਕਲੀਸਿਯਾ ਇੱਕ ਵਿਸਫੋਟ ਸੀ ਜਿਸਨੇ ਸੰਸਾਰ ਦੀਆਂ ਕਾਨੂੰਨੀ ਪਰੰਪਰਾਵਾਂ ਨੂੰ ਧੱਕਾ ਮਾਰਿਆ, ਅਗਵਾਈ ਦਾ ਆਤਮਾ ਉਹ ਹੈ ਜੋ ਕਿਸੇ ਵੀ ਕੀਮਤ ਤੇ ਬਾਹਰ ਨੂੰ ਧੱਕਦਾ ਹੈ ਅਤੇ ਉਹ ਨਵੀਆਂ ਜਗਾਵਾਂ ਬਣਾਉਂਦਾ ਹੈ।

ਅਗਵਾਈ ਕਰਨ ਵਾਲੇ ਨੂੰ ਹਮੇਸ਼ਾ ਇੱਕ ਭੱਦਾ, ਚੁਣੌਤੀ ਵਾਲਾ, ਖ਼ਤਰਨਾਕ ਹਿੰਮਤੀ ਕਿਹਾ ਜਾਂਦਾ ਹੈ।

ਮਹਾਨਤਾ ਉਨ੍ਹਾਂ ਲੋਕਾਂ ਦੇ ਕੰਮ ਉੱਤੇ ਉੱਸਰਦੀ ਹੈ ਜੋ ਨਵੇਂ ਰਾਹ ਖੋਲ੍ਹਦੇ ਹਨ।

ਨਵੇਂ ਨਿਯਮ ਦੀ ਕਲੀਸਿਯਾ ਦੇ ਆਗੂਆਂ ਨੇ ਉਸ ਕਲੀਸਿਯਾ ਨੂੰ ਨਵੀਆਂ ਸੀਮਾਵਾਂ ਤੇ ਲਿਆਂਦਾ, ਵਰਦਾਨਾਂ ਨਾਲ ਕਾਇਮ ਕੀਤਾ ਅਤੇ ਆਦਮੀਆਂ ਤੇ ਔਰਤਾਂ ਨੂੰ ਯਿਸੂ

ਮਸੀਹ ਦੇ ਕੰਮ ਲਈ ਛੱਡ ਦਿੱਤਾ। ਨਵੇਂ ਨੇਮ ਦੀ ਕਲੀਸਿਯਾ ਦਾ ਬਲਮ, ਇਸਦਾ ਵਾਧਾ ਅਤੇ ਸੰਸਾਰ ਵਿੱਚ ਪ੍ਰਚਾਰ ਉੱਤੇ ਇਤਬਾਰ ਸੀ।

## ਪੁਨਰ ਸਥਾਪਨਾ

ਪਰਮੇਸ਼ੁਰ ਕਲੀਸਿਯਾ ਵਿੱਚ ਆਗੂ ਅਤੇ ਚਮਤਕਾਰੀ ਪ੍ਰਚਾਰ ਨੂੰ ਦੁਬਾਰਾ ਲਿਆਉਣਾ ਚਾਹੁੰਦਾ ਹੈ। ਆਦਮੀਆਂ ਅਤੇ ਔਰਤਾਂ ਦੀਆਂ ਆਤਮਾਵਾਂ ਵਿੱਚ ਇੱਕ ਦਬਾਅ ਹੈ ਪਰਿਵਰਤਨ ਅਤੇ ਨਵੀਆਂ ਹੱਦਾਂ 'ਤੇ ਹਮਲਾ ਕਰਨਾ।

ਪਰਮੇਸ਼ੁਰ ਨੇ ਯਿਸੂ ਦੇ ਦੁਆਰਾ, ਇੱਕ ਆਗੂ ਦੀ ਸੇਵਕਾਈ ਦੀ ਉਦਾਹਰਨ ਦਿੱਤੀ ਹੈ। ਯਿਸੂ ਮਸੀਹ ਚੇਲਿਆਂ ਨਾਲ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਤੇ ਜਾਂਦੇ ਸਨ। ਉਹ ਇੱਕ ਜਗ੍ਹਾ ਤੇ ਜ਼ਿਆਦਾ ਸਮਾਂ ਨਹੀਂ ਠਹਿਰਦੇ ਸਨ ਕਿਉਂਕਿ ਦੂਜਿਆਂ ਨੇ ਸ਼ੁੱਭ ਸਮਾਚਾਰ ਨਹੀਂ ਸੀ ਸੁਣਿਆ।

- *ਪੌਲੁਸ*

ਪੌਲੁਸ ਰਸੂਲ ਆਗੂ ਦੇ ਆਤਮਾ ਦਾ ਇੱਕ ਪੱਕਾ ਉਦਾਹਰਨ ਹੈ। ਉਹ ਸੀ :

- ਪਰੰਪਰਾਵਾਦੀਆਂ ਲਈ ਇੱਕ ਮੁਸੀਬਤ ਖੜ੍ਹੀ ਕਰਨ ਵਾਲਾ
- ਧਾਰਮਿਕ ਆਗੂਆਂ ਲਈ ਇੱਕ ਸਿਰਦਰਦੀ -
- ਕਾਨੂੰਨੀ ਨਿਯਮਾਂ ਨੂੰ ਤੋੜਣ ਵਾਲਾ
- ਨਵੇਂ ਨਿਯਮ ਦੇ ਆਗੂਆਂ ਦਾ ਪਿਤਾ

ਪੌਲੁਸ ਦੇ ਬਦਲਾਵ ਤੋਂ ਪਹਿਲਾਂ, ਉਹ ਸੌ ਪ੍ਰਤੀਸ਼ਤ ਕਲੀਸਿਯਾ ਨੂੰ ਨਾਸ਼ ਕਰਨ ਲਈ ਵਚਨਬੱਧ ਸੀ। ਜਦੋਂ ਉਸਨੇ ਯਿਸੂ ਨੂੰ ਆਪਣਾ ਮੁਕਤੀਦਾਤਾ ਗ੍ਰਹਿਣ ਕਰ ਲਿਆ, ਤਾਂ ਉਹ ਸੌ ਪ੍ਰਤੀਸ਼ਤ ਪਰਮੇਸ਼ੁਰ ਦੇ ਰਾਜ ਨੂੰ ਫੈਲਾਉਣ ਲਈ ਵਚਨਬੱਧ ਹੋ ਗਿਆ।

ਜਦੋਂ ਦੂਸਰੇ ਲੋਕ ਉਨ੍ਹਾਂ ਚੀਜ਼ਾਂ ਦੇ ਬਾਰੇ ਸ਼ੇਖੀ ਮਾਰ ਰਹੇ ਸਨ ਜੋ ਉਸਨੇ ਕੀਤੀਆਂ ਸਨ, ਪੌਲੁਸ ਨੇ ਉਨ੍ਹਾਂ ਚੀਜ਼ਾਂ ਦਾ ਸਾਰ ਲਿਖਿਆ ਸੀ ਜੋ ਉਸਨੇ ਸ਼ੁੱਭ-ਸਮਾਚਾਰ ਦੇ ਲਈ ਕੀਤੀਆਂ ਸਨ ਅਤੇ ਫਿਰ ਵੀ, ਉਹ ਕਹਿੰਦਾ ਹੈ ਕਿ ਉਸ ਕੋਲ ਸ਼ੇਖੀ ਮਾਰਨ ਲਈ ਕੁਝ ਵੀ ਨਹੀਂ ਹੈ।

**2 ਕੁਰਿੰਥੀਆਂ 11:23 ਕੀ ਓਹ ਮਸੀਹ ਦੇ ਸੇਵਕ ਹਨ? ਮੈਂ ਬੇਸੁੱਧ ਵਾਂਙੁ ਬੋਲਦਾ ਹਾਂ, ਮੈਂ ਵਧੀਕ ਹਾਂ,**

**– ਅਰਥਾਤ ਮਿਹਨਤਾਂ ਵਿੱਚ ਵਧੀਕ,**

**– ਕੈਦਾਂ ਵਿੱਚ ਵਧੀਕ,**

**– ਮਾਰ ਖਾਣ ਵਿੱਚ ਹੱਦੋਂ ਬਾਹਰ,**

**– ਮੌਤਾਂ ਵਿੱਚ ਬਹੁਤ ਵਾਰੀ।**

**– ਮੈਂ ਪੰਜ ਵਾਰੀ ਯਹੂਦੀਆਂ ਦੇ ਹੱਥੋਂ ਇੱਕ ਘੱਟ ਚਾਲ੍ਹੀ ਕਰੋੜੇ ਖਾਧੇ**

**– ਤਿੰਨ ਵਾਰ ਬੈਂਤਾਂ ਦੀ ਮਾਰ ਖਾਧੀ,**

**– ਇੱਕ ਵਾਰ ਪੱਥਰਾਉ ਹੋਇਆ,**

**– ਤਿੰਨ ਵਾਰ ਬੇੜੇ ਦੇ ਗਰਕਣ ਤੋਂ ਦੁੱਖ ਭੋਗਿਆ,**

**– ਇੱਕ ਰਾਤ ਦਿਨ ਸਮੁੰਦਰ ਵਿੱਚ ਕੱਟਿਆ ਬਹੁਤ ਵਾਰ ਪੈਂਡਿਆਂ ਵਿੱਚ,**

**– ਦਰਿਆਵਾਂ ਦਿਆਂ ਭੌਜਲਾ ਵਿੱਚ,**

- **ਡਾਕੂਆਂ ਦਿਆਂ ਭੌਜਲਾਂ ਵਿੱਚ,**
- **ਆਪਣੀ ਕੌਮ ਵੱਲੋਂ ਭੋਜਲਾਂ ਵਿੱਚ,**
- **ਪਰਾਈਆਂ ਕੌਮਾਂ ਦੀ ਵੱਲੋਂ ਭੌਜਲਾਂ ਵਿੱਚ,**
- **ਨਗਰ ਦਿਆਂ ਭੋਜਲਾਂ ਵਿੱਚ,**
- **ਉਜਾੜ ਦਿਆਂ ਭੌਜਲਾਂ ਵਿੱਚ,**
- **ਸਮੁੰਦਰ ਦਿਆਂ ਭੌਜਲਾਂ ਵਿੱਚ,**
- **ਖੋਟੇ ਭਰਾਵਾਂ ਦਿਆਂ ਭੌਜਲਾਂ ਵਿੱਚ ਮਿਹਨਤ ਪੋਹਰਿਆਂ ਵਿੱਚ,**
- **ਕਈ ਵਾਰੀ ਉਣੀਂਦਿਆਂ ਵਿੱਚ,**
- **ਭੁੱਖ ਅਤੇ ਤਰੇਹ ਵਿੱਚ, ਕਈ ਵਾਰ ਫਾਕਿਆਂ ਵਿੱਚ, ਪਾਲੇ ਅਤੇ**
- **ਨੰਗੇ ਰਹਿਣ ਵਿੱਚ ਪਿਆ ਹਾਂ,**
- **ਅਤੇ ਹੋਰ ਗੱਲਾਂ ਤੋਂ ਬਾਝ ਸਾਰੀਆਂ ਕਲੀਸਿਯਾਂ ਦੀ ਚਿੰਤਾ ਮੈਨੂੰ ਰੋਜ਼ ਆਣ ਦਬਾਉਂਦੀ ਹੈ।**

➢ *ਰਸੂਲ*

ਇੱਥੋਂ ਤੱਕ ਕਿ ਜਦੋਂ ਰਸੂਲਾਂ ਨੂੰ ਮਾਰ ਦੇਣ ਅਤੇ ਕੁੱਟਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ ਤਾਂ ਵੀ ਰਸੂਲ ਹਰ ਰੋਜ਼ ਮੰਦਰ ਵਿੱਚ (ਜਨਤਾ) ਅਤੇ ਹਰ ਘਰ ਵਿੱਚ (ਨਿੱਜੀ) ਯਿਸੂ ਮਸੀਹ ਦੀ ਸਿੱਖਿਆ ਦਿੰਦੇ ਅਤੇ ਪ੍ਰਚਾਰ ਕਰਦੇ ਸਨ।

**ਰਸੂਲਾਂ ਦੇ ਕਰਤੱਬ 5:40–42 ਉਨ੍ਹਾਂ ਨੇ ਉਹਦੀ ਮੰਨ ਲਈ ਅਰ ਜਾਂ ਰਸੂਲਾਂ ਨੂੰ ਕੋਲ ਸੱਦਿਆ ਤਾਂ ਮਾਰ ਕੁੱਟ ਕੇ ਓਹਨਾਂ ਨੂੰ ਤਾਗੀਦ ਕੀਤੀ ਜੋ ਯਿਸੂ ਦੇ ਨਾਮ ਦਾ ਚਰਚਾ ਨਾ ਕਰਨਾ, ਫੇਰ ਓਹਨਾਂ ਨੂੰ ਛੱਡ ਦਿੱਤਾ। ਸੋ ਓਹ ਇਸ ਗੱਲ ਤੋਂ ਅਨੰਦ ਕਰਦੇ ਹੋਏ ਜੋ ਅਸੀਂ ਉਸ ਨਾਮ ਦੇ ਕਾਰਨ ਬੇਪੱਤ ਹੋਣ ਦੇ ਜੋਗ ਗਿਣੇ ਗਏ ਮਹਾਂ ਸਭਾ ਦੇ ਸਾਹਮਣਿਓਂ ਚੱਲੇ ਗਏ ਅਤੇ ਓਹ ਰੋਜ਼ ਹੈਕਲ ਵਿੱਚ ਅਤੇ ਘਰੀਂ ਉਪਦੇਸ਼ ਕਰਨ ਅਰ ਇਹ ਖੁਸ਼ਖ਼ਬਰੀ ਸੁਣਾਉਣ ਤੋਂ ਨਾ ਹਟੇ ਭਈ ਯਿਸੂ ਉਹੀ ਮਸੀਹ ਹੈ!**

➢ *ਅੱਤਿਆਚਾਰ ਕੀਤੇ ਗਏ ਵਿਸ਼ਵਾਸੀ*

ਇਸਤੀਫ਼ਾਨ ਪਹਿਲਾ ਸ਼ਹੀਦ ਹੋਇਆ। ਉਸ ਨੇ ਉਸ ਸਮੇਂ ਵੀ ਵਚਨ ਸਿਖਾਇਆ ਜਦੋਂ ਉਹ ਮੌਤ ਦਾ ਸਾਹਮਣਾ ਕਰ ਰਿਹਾ ਸੀ। ਉਸਨੇ ਉਸ ਆਦਮੀ ਨੂੰ ਇਹੋ ਜਿਹੀ ਗਵਾਹੀ ਦਿੱਤੀ ਜੋ ਬਾਅਦ ਵਿੱਚ ਪੌਲੁਸ ਰਸੂਲ ਬਣਿਆ।

ਜਦੋਂ ਅੱਤਿਆਚਾਰ ਵੱਧਦਾ ਹੈ, ਤਾਂ ਵਿਸ਼ਵਾਸੀ ਆਪਣੇ ਪਰਿਵਾਰਾਂ ਨੂੰ ਕੈਦ ਅਤੇ ਮੌਤ ਤੋਂ ਬਚਾਉਣ ਲਈ ਇੱਧਰ-ਉੱਧਰ ਫੈਲ ਜਾਂਦੇ ਸਨ। ਪਰ ਉਹ ਕੀ ਕਰਦੇ ਸਨ? ਕੀ ਉਹ ਆਪਣੇ ਵਿਸ਼ਵਾਸ ਦੇ ਪ੍ਰਤੀ ਚੁੱਪ ਚਾਪ ਰਹਿੰਦੇ ਸਨ ਤਾਂ ਕਿ ਉਹ ਅਰਾਮਦਾਇਕ ਜੀਵਨ ਗੁਜ਼ਾਰ ਸਕਣ? ਨਹੀਂ, ਉਹ ਹਰ ਜਗ੍ਹਾ ਜਾ ਕੇ ਸ਼ੁੱਭ-ਸਮਾਚਾਰ ਸੁਣਾਉਂਦੇ ਰਹੇ ਸਨ।

**ਰਸੂਲਾਂ ਦੇ ਕਰਤੱਬ 8:1–4 ਉਸੇ ਦਿਨ ਕਲੀਸਿਯਾ ਉੱਤੇ ਜੋ ਯਰੂਸ਼ਲਮ ਵਿੱਚ ਸੀ ਵੱਡਾ ਕਸ਼ਟ ਹੋਣ ਲੱਗਾ ਅਤੇ ਰਸੂਲਾਂ ਤੋਂ ਬਿਨ੍ਹਾਂ ਓਹ ਸਭ ਯਹੂਦਿਯਾ ਅਰ ਸਾਮਰਿਯਾ ਦੇ ਦੇਸਾਂ ਵਿੱਚ ਖਿੰਡ ਗਏ ਭਗਤ ਲੋਕਾਂ ਨੇ ਇਸਤੀਫ਼ਾਨ ਨੂੰ ਦੱਬਿਆ ਅਤੇ ਉਹਦੇ ਲਈ ਵੱਡਾ ਵਿਰਲਾਪ ਕੀਤਾ।**

**ਪਰ ਸੌਲੁਸ ਕਲੀਸਿਯਾ ਦਾ ਨਾਸ਼ ਕਰਦਾ ਸੀ ਅਤੇ ਉਹ ਘਰਾਂ ਵਿੱਚ ਵੜ ਵੜ ਕੇ ਮਰਦਾਂ ਅਤੇ ਤੀਵੀਆਂ ਨੂੰ ਧੂ ਘਸੀਟ ਕੇ ਕੈਦ ਵਿੱਚ ਪੁਆਉਂਦਾ ਸੀ।**

**ਸੋ ਜਿਹੜੇ ਖਿੰਡ ਗਏ ਸਨ ਬਚਨ ਦੀ ਖੁਸ਼ਖ਼ਬਰੀ ਸੁਣਾਉਂਦੇ ਫਿਰੇ।**

ਕਲੀਸਿਯਾ ਹਮੇਸ਼ਾ ਮਹਾਂ ਅੱਤਿਆਚਾਰ ਦੇ ਸਮੇਂ ਪ੍ਰਚਾਰਕ ਯਾਤਰਾਵਾਂ ਲਈ ਸਭ ਤੋਂ ਵੱਧ ਤਕੜੀ ਅਤੇ ਉੱਨਤ ਹੁੰਦੀ ਰਹੀ ਹੈ।

## ਪਰਮੇਸ਼ੁਰ ਦੀ ਯੋਜਨਾ

ਪਰੇਮਸ਼ੁਰ ਦੀ ਯੋਜਨਾ ਅਤੇ ਪਰਮੇਸ਼ੁਰ ਦੀ ਯਿਸੂ ਮਸੀਹ ਦੀ ਦੇਹ ਨੂੰ ਉਸਾਰਨ ਦੀ ਯੋਜਨਾ ਨਹੀਂ ਬਦਲੀ ਹੈ। ਮੁੱਢਲੀ ਕਲੀਸਿਯਾ ਮਹਾਨ ਆਗਿਆ ਦੀ ਪਾਲਨਾ ਕਰਦੇ ਹੋਏ ਹਰ ਜਗ੍ਹਾ ਗਈ ਅਤੇ ਯਿਸੂ ਮਸੀਹ ਦੇ ਕੰਮਾਂ ਨੂੰ ਕੀਤਾ - ਬੀਮਾਰਾਂ ਨੂੰ ਚੰਗੇ ਕੀਤਾ, ਰਾਜ ਦੇ ਸ਼ੁੱਭ-ਸਮਾਚਾਰ ਦਾ ਪ੍ਰਚਾਰ ਕੀਤਾ ਅਤੇ ਸਿੱਖਿਆ ਦਿੱਤੀ। ਉਹ ਲਗਾਤਾਰ ਅੱਤਿਆਚਾਰ ਸਹਿੰਦੇ ਰਹੇ, ਇੱਥੋਂ ਤੱਕ ਕਿ ਮੌਤ ਤੱਕ।

ਕਲੀਸਿਯਾ ਹਮੇਸ਼ਾ ਉਸ ਸਮੇਂ ਤਕੜੀ ਹੁੰਦੀ ਹੈ ਜਦੋਂ ਇਸਦੀ ਦ੍ਰਿਸ਼ਟੀ ਬਾਹਰੀ ਹੁੰਦੀ ਹੈ ਅਤੇ ਸਭ ਤੋਂ ਘੱਟ ਤੰਦਰੁਸਤ ਉਸ ਸਮੇਂ ਹੁੰਦੀ ਹੈ ਜਦੋਂ ਇਹ ਆਪਣੇ ਆਪ ਤੇ ਹੀ ਆਪਣੀ ਸ਼ਕਤੀ ਲਗਾਉਂਦੀ ਹੈ।

## ਸੇਵਕਾਈ ਦਲ

ਯਿਸੂ ਮਸੀਹ ਨੇ ਸੱਤਰ ਚੇਲਿਆਂ ਨੂੰ ਦੋ ਦੋ ਦੇ ਦਲ ਵਿੱਚ ਬਾਹਰ ਭੇਜਿਆ। ਪੌਲੁਸ ਇੱਕ ਦਲ ਵਾਂਗ ਬਰਨਾਬਾਸ ਸੀਲਾਸ ਅਤੇ ਤਿਮੋਥਿਉਸ ਵਰਗੇ ਮਨੁੱਖਾਂ ਨਾਲ ਕੰਮ ਕਰਦਾ ਸੀ। ਸਿਲਾਸ ਅਤੇ ਬਰਨਾਬਾਸ ਇਕੱਠੇ ਕੰਮ ਕਰਦੇ ਸਨ। ਯਰੂਸ਼ਲਮ ਦੇ ਰਸੂਲਾਂ ਨੇ ਸਾਮਰਿਯਾ ਅਤੇ ਅੰਤਾਕਿਯਾ ਵਿੱਚ ਉਸ ਸਮੇਂ ਦਲ ਭੇਜੇ ਜਦੋਂ ਉਨ੍ਹਾਂ ਇਲਾਕਿਆਂ ਵਿੱਚ ਬੇਦਾਰੀ ਆਈ ਸੀ। ਸਥਾਨੀ ਕਲੀਸਿਯਾ ਅਤੇ ਮਿਸ਼ਨ ਦੀਆਂ ਕੋਸ਼ਿਸ਼ਾਂ ਵਿੱਚ ਪਰਮੇਸ਼ੁਰ ਦੀ ਯੋਜਨਾ ਸਿਰਫ਼ ਇੱਕ ਮਨੁੱਖ ਦਾ ਪ੍ਰਦਰਸ਼ਨ ਕਰਨ ਦੀ ਨਹੀਂ ਹੈ। ਰਸੂਲਾਂ, ਨਬੀਆਂ, ਪ੍ਰਚਾਰਕਾਂ, ਸਿੱਖਿਅਕਾਂ, ਪਾਦਰੀਆਂ ਅਤੇ ਆਮ ਆਦਮੀਆਂ ਨੂੰ ਦਲਾਂ ਦੀ ਤਰ੍ਹਾਂ ਇਸ ਵਿੱਚ ਕੰਮ ਕਰਨਾ ਹੁੰਦਾ ਹੈ।

ਜਦੋਂ ਅਸੀਂ ਪਰਮੇਸ਼ੁਰ ਦੀ ਯੋਜਨਾ ਦੇ ਅਨੁਸਾਰ ਕੰਮ ਕਰਦੇ ਹਾਂ, ਸਾਨੂੰ ਸ਼ੈਤਾਨ ਦੇ ਲਾਲਚਾਂ ਤੋਂ ਸੁਰੱਖਿਆ ਇਸ ਦੁਆਰਾ ਸੁਰੱਖਿਆ ਮਿਲਦੀ ਹੈ। ਸਮੂਹ ਸੇਵਕਾਈ ਉਨ੍ਹਾਂ ਪਾਪਾਂ ਤੋਂ ਜੋ ਆਮ ਲਾਲਚ ਹਨ ਉਸ ਸਮੇਂ ਇੱਕ ਵਿਅਕਤੀ ਲਈ ਸੁਰੱਖਿਆ-ਕਵਚ ਹੈ ਜਦੋਂ ਉਹ ਇੱਕ ਯਾਤਰਾ ਕਰਦਾ ਜਾਂ ਸੇਵਕਾਈ ਕਰਦਾ ਹੈ।

## ਜਵਾਨ ਦੀ ਇੱਕ ਬੁਲਾਹਟ

ਪਰਮੇਸ਼ੁਰ ਹਮੇਸ਼ਾ ਆਪਣੀਆਂ ਅੱਖਾਂ ਜਵਾਨ ਪੀੜ੍ਹੀ ਤੇ ਲਗਾਉਂਦਾ ਹੈ। ਉਸਨੇ ਹਮੇਸ਼ਾ ਜਵਾਨ ਲੋਕਾਂ ਨੂੰ ਇਸਤੇਮਾਲ ਕੀਤਾ ਹੈ। ਸ਼ਾਇਦ ਅਜਿਹਾ ਇਸ ਲਈ ਹੈ ਕਿਉਂਕਿ ਉਹ ਪਰੰਪਰਾ ਦੀਆਂ ਸੀਮਾਵਾਂ ਨੂੰ ਨਹੀਂ ਜਾਣਦੇ ਹੁੰਦੇ। ਜੇਕਰ ਉਨ੍ਹਾਂ ਨੂੰ ਇੱਕ ਵੱਡਾ ਕੰਮ ਸੌਂਪਿਆ ਜਾਵੇ, ਤਾਂ ਉਹ ਇਸਨੂੰ ਕਰ ਲੈਣਗੇ ਅਤੇ ਫਿਰ ਪ੍ਰਸ਼ਨ ਪੁੱਛਣਗੇ।

ਬਾਈਬਲ ਵਿੱਚ ਹਰ ਜਗ੍ਹਾ ਜਦੋਂ ਵੀ ਪਰਮੇਸ਼ੁਰ ਵੱਡਾ ਕੰਮ ਕਰਦਾ ਹੈ, ਤਾਂ ਉਹ ਅਕਸਰ ਜਵਾਨ ਆਦਮੀ ਨੂੰ ਬੁਲਾਉਂਦਾ ਹੈ।

ਜਵਾਨ ਲੋਕ ਹਮੇਸ਼ਾ ਹੀ ਸੰਸਾਰ ਦੀਆਂ ਮਿਸ਼ਨਾਂ ਦੇ ਆਗੂਆਂ ਦੀ ਤਰ੍ਹਾਂ ਰਹੇ ਹਨ। ਇਸ ਪੀੜ੍ਹੀ ਵਿੱਚ, ਪਰਮੇਸ਼ੁਰ ਜਵਾਨ ਲੋਕਾਂ ਦੇ ਦਿਲਾਂ ਨੂੰ ਉਸ ਫ਼ੌਜ਼ੀ ਤਾਕਤ ਲਈ ਬੇਦਾਰ ਕਰ ਰਿਹਾ ਹੈ ਜੋ ਬਲ ਨਾਲ ਪਰਮੇਸ਼ੁਰ ਦੇ ਰਾਜ ਨੂੰ ਉੱਨਤ ਕਰੇਗੀ।

ਸਾਡੇ ਸੰਸਾਰ ਵਿੱਚ ਜਵਾਨ ਲੋਕਾਂ ਦੀ ਨਵੀਂ ਪੀੜ੍ਹੀ ਪੂਰੀ ਤਰ੍ਹਾਂ ਯਿਸੂ ਮਸੀਹ ਅਤੇ ਸੰਸਾਰ ਦੇ ਪ੍ਰਚਾਰ ਲਈ ਸਮਰਪਿਤ ਹੈ। ਉਹ ਅੱਧੇ ਮਨ ਦੇ ਸਮਰਪਣ ਨਾਲ ਆਪਣੇ ਅੰਦਰ ਜਾਂ ਦੂਜਿਆਂ ਦੇ ਅੰਦਰ ਨੂੰ ਬਦਲ ਸਕਦੇ ਹਨ।

## ਸਾਰ

ਕਲੀਸਿਯਾ ਇਸ ਸਮੇਂ ਸਭ ਤੋਂ ਵੱਡੀ ਚਣੌਤੀ ਦਾ ਸਾਹਮਣਾ ਕਰ ਰਹੀ ਹੈ, ਜਿਸਦਾ ਸਾਹਮਣਾ ਇਸਨੇ ਕਦੀ ਵੀ ਨਹੀਂ ਕੀਤਾ ਸੀ, ਤਾਂ ਕਿ ਇਸ ਸਦੀ ਵਿੱਚ ਜਦੋਂ ਅੰਤਿਮ ਘੜੀ ਤੇਜ਼ੀ ਨਾਲ ਆ ਰਹੀ ਹੈ ਮਹਾਨ ਆਗਿਆ ਨੂੰ ਪੂਰਾ ਕਰ ਸਕੇ। ਇਹ ਲੜਾਈ ਲੜਨ ਦਾ ਸਮਾਂ ਹੈ–ਨਾ ਕਿ ਬੰਦ ਕਰਨ ਦਾ।

ਕਲੀਸਿਯਾ ਪੂਰੀ ਤਰ੍ਹਾਂ ਇਸਦੇ ਯੋਗ ਹੈ ਕਿ ਮਹਾਨ ਆਗਿਆ ਨੂੰ ਪੂਰਾ ਕਰ ਸਕੇ। ਕਲੀਸਿਯਾ ਪੂਰੀ ਤਰ੍ਹਾਂ ਯੋਗ ਹੈ ਕਿ ਨਗਰਾਂ ਅਤੇ ਰਾਸ਼ਟਰਾਂ ਨੂੰ ਜਿੱਥੇ ਵੀ ਪਰਮੇਸ਼ੁਰ ਸਾਨੂੰ ਭੇਜਦਾ ਹੈ ਜਿੱਤ ਸਕੇ।

ਕਲੀਸਿਯਾ ਨੂੰ ਲੜਾਈ ਲਈ ਤਿਆਰ ਕੀਤਾ ਗਿਆ ਹੈ।

ਜਦੋਂ ਗੋਲਿਅਥ ਦਾਊਦ ਦੇ ਵਿਰੁੱਧ ਆਇਆ ਸੀ, ਗੋਲਿਅਥ ਨੇ ਦਾਊਦ ਦੀ ਬੇਇੱਜ਼ਤੀ ਕੀਤੀ ਅਤੇ ਉਸ ਨੂੰ ਧਮਕਾਉਣ ਦੀ ਕੋਸ਼ਿਸ਼ ਕੀਤੀ।

ਸ਼ੈਤਾਨ ਅੱਜ ਵੀ ਉਹੀ ਤਰੀਕਾ ਵਰਤਦਾ ਹੈ। ਉਹ ਸਾਨੂੰ ਆਪਣੀਆਂ ਅਸਫ਼ਲਤਾਵਾਂ ਵਿਖਾ ਕੇ, ਅਤੇ ਸਾਡੇ ਵੱਲ ਇਸ਼ਾਰਾ ਕਰਕੇ ਕਿ ਅਸੀਂ ਮੂਰਖ ਬੱਚੇ ਹਾਂ ਅਤੇ ਉਸ ਦਾ ਮੁਕਾਬਲਾ ਨਹੀਂ ਕਰ ਸਕਦੇ, ਧਮਕਾਉਂਦਾ ਹੈ।

ਦਾਊਦ ਉਸ ਜਾਲ ਵਿੱਚ ਨਹੀਂ ਫਸਿਆ। ਉਹ ਆਪਣੀ ਸ਼ਕਤੀ ਨਾਲ ਗੋਲਿਅਥ ਦੇ ਵਿਰੁੱਧ ਨਹੀਂ ਗਿਆ, ਪਰ ਪਰਮੇਸ਼ੁਰ ਦੀ ਤਾਕਤ ਨਾਲ ਗਿਆ।

ਦਾਊਦ ਦੀ ਤਾਕਤ, ਸ਼ਕਤੀ ਅਤੇ ਤਜ਼ਰਬੇ ਦਾ ਗੋਲਿਅਥ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ ਸੀ। ਪਰ ਗੋਲਿਅਥ ਨੂੰ ਉਸਦੀ ਮਹਾਨ ਤਾਕਤ ਸਮੇਤ ਹੇਠਾਂ ਸੁੱਟਣ ਲਈ ਸਿਰਫ਼ ਇੱਕੋ ਚਿਕਨਾ ਪੱਥਰ ਹੀ ਲੱਗਿਆ।

ਯਿਸੂ ਮਸੀਹ ਦੀ ਦੇਹੀ ਵਿੱਚ ਵੀ, ਕਲੀਸਿਯਾ ਨੂੰ ਆਪਣੀਆਂ ਅਸਫਲਤਾਵਾਂ, ਕਮਜ਼ੋਰੀਆਂ ਅਤੇ ਹਾਰਾਂ ਨੂੰ ਵੇਖਦੇ ਰਹਿਣ ਨੂੰ ਬੰਦ ਕਰਨਾ ਬਹੁਤ ਹੀ ਜ਼ਰੂਰੀ ਹੈ। ਇਸਨੂੰ ਦਲੇਰੀ ਨਾਲ ਸ਼ੁਰੂ ਕਰਨਾ ਬਹੁਤ ਹੀ ਜ਼ਰੂਰੀ ਹੈ।

ਘੋਰ ਸੰਘਰਸ਼ ਵਿੱਚ ਵੀ ਸਾਨੂੰ ਪਿੱਛੇ ਨਹੀਂ ਹੱਟਣਾ ਚਾਹੀਦਾ। ਸਾਨੂੰ ਝੰਡਾ ਉੱਚਾ ਚੁੱਕ ਕੇ, ਤੁਰ੍ਹੀ ਵਜਾ ਕੇ ਅਤੇ ਆਪਣੀ ਜਿੱਤ ਦੀ ਘੋਸ਼ਣਾ ਕਰਨੀ ਹੀ ਚਾਹੀਦੀ ਹੈ। ਅਸੀਂ ਜੇਤੂਆਂ ਨਾਲੋਂ ਵੱਧਕੇ ਹਾਂ! ਅਸੀਂ ਯਿਸੂ ਮਸੀਹ ਵਿੱਚ ਜਿੱਤੇ ਹੋਏ ਹਾਂ।

ਦਾਊਦ ਆਪਣੀ ਬੁੱਧੀ ਨਾਲ ਹਮਲਾ ਕਰਨ ਲਈ ਤਿਆਰ ਹੋਇਆ ਸੀ। ਦਾਊਦ ਨੂੰ ਰਾਜਾ ਬਣਨ ਲਈ ਮਸਹ ਕੀਤਾ ਗਿਆ ਸੀ। ਸਾਨੂੰ ਵੀ ਮਸਹ ਕੀਤਾ ਗਿਆ ਹੈ। ਸਾਡਾ ਮਸਹ ਹੈ ਕਿ ਅਸੀਂ ਗੁਆਚੇ ਹੋਇਆਂ ਨੂੰ ਸ਼ੁੱਭ-ਸਮਾਚਾਰ ਪ੍ਰਚਾਰ ਕਰੀਏ। ਕਲੀਸਿਯਾ ਜ਼ਰੂਰ ਤਾਕਤਵਰ, ਦਲੇਰ ਅਤੇ ਹਿੰਮਤੀ ਹੋਣੀ ਚਾਹੀਦੀ ਹੈ ਕਿਉਂਕਿ ਸਾਡੇ ਯੁੱਧ ਦੇ ਹਥਿਆਰ ਪਰਮੇਸ਼ੁਰ ਵੱਲੋਂ ਸ਼ਕਤੀਸ਼ਾਲੀ ਹਨ ਜੋ ਸ਼ੈਤਾਨ ਦੇ ਕਿਲ੍ਹਿਆਂ ਨੂੰ ਢਾਹ ਸਕਦੇ ਹਨ।

ਦਲੇਰੀ ਦਾ ਆਤਮਾ, ਅਗਵਾਈ ਦਾ ਆਤਮਾ, ਜੋ ਯਹੋਸ਼ੁਆ ਉੱਤੇ ਸੀ ਉਹ ਕਲੀਸਿਯਾ ਤੇ ਹੈ। ਜੰਗਲ ਵਿੱਚ ਘੁੰਮਣ ਦਾ ਸਮਾਂ ਖ਼ਤਮ ਹੋ ਚੁੱਕਿਆ ਹੈ। ਇਹ ਵਾਇਦੇ ਵਾਲੀ ਭੂਮੀ ਤੇ ਅਧਿਕਾਰ ਕਰਨ ਦਾ ਸਮਾਂ ਹੈ। ਇਹ ਸਮਾਂ ਹੈ ਪਰਮੇਸ਼ੁਰ ਦੇ

ਵਚਨ ਤੇ ਵਿਸ਼ਵਾਸ ਕਰਕੇ ਕੰਮ ਕਰਨ ਦਾ। ਚਿੰਨ੍ਹ ਅਤੇ ਚਮਤਕਾਰ ਸਾਡੇ ਪਿੱਛੇ-ਪਿੱਛੇ ਹੋਣਗੇ, ਅਸੀਂ ਮਹਾਨ ਆਗਿਆ ਨੂੰ ਪੂਰਾ ਕਰਾਂਗੇ ਅਤੇ ਇਸ ਚਮਤਕਾਰੀ ਪ੍ਰਚਾਰ ਦੇ ਰਾਹੀਂ ਸ਼ੁੱਭ ਸਮਾਚਾਰ ਨੂੰ ਹਰ ਪ੍ਰਾਣੀ ਤੱਕ ਲੈ ਜਾਵਾਂਗੇ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਖੁਸ਼ਹਾਲੀ ਦੇ ਸੰਦੇਸ਼ ਦਾ ਸਭ ਤੋਂ ਪ੍ਰਾਥਮਿਕ ਕਾਰਨ ਕੀ ਹੈ?

2. ਪ੍ਰਚਾਰ ਲਈ ਅਗਵਾਈ ਕਰਨ ਵਾਲੇ ਆਤਮਾ ਦਾ ਕੀ ਅਰਥ ਹੈ?

3. ਬਾਈਬਲ ਦੀਆਂ ਸਮੂਹਿਕ ਪ੍ਰਚਾਰ ਸੇਵਕਾਈ ਦੀਆਂ ਉਦਾਹਰਨਾਂ ਦਿਓ।